# ਕੈਨੇਡਾ ਦਰਪਣ

ਅਪ੍ਰੈਲ 3, 1987

**April 3, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ | Weekending April 3,1987 Vol.6 No.12 | Out of Greater Vancouver 65¢ | Second Class Mail Reg. No. 5991

# ਕੈਨੇਡਾ ਦਰਪਣ

The Canada Darpan | Punjabi Weekly Newspaper | P.O.BOX 265, Surrey, B.C. V3T 4W8 Ph. (604) 581-4473

## ਕੇਰਲ ਤੇ ਪੱਛਮੀ ਬੰਗਾਲ 'ਚ ਖੱਬੇ ਪੱਖੀ ਮੋਰਚਾ ਜੇਤੂ

# ਕਾਂਗਰਸ ਲੁੜਕ ਗਈ

ਨਵੀਂ ਦਿੱਲੀ:—25 ਮਾਰਚ—ਭਾਰਤ ਦੇ ਤਿੰਨ ਰਾਜਾਂ 'ਚ 23 ਮਾਰਚ ਨੂੰ ਹੋਈਆਂ ਵਿਧਾਨ ਸਭਾ ਚੋਣਾਂ ਦੇ ਹੁਣ ਤੱਕ ਮਿਲੇ ਨਤੀਜਿਆਂ ਅਨੁਸਾਰ ਕੇਰਲਾ ਅਤੇ ਬੰਗਾਲ 'ਚ ਕਾਂਗਰਸ ਨੂੰ ਭਾਰੀ ਹਾਰ ਹੋਈ ਹੈ ਅਤੇ ਤੀਜੇ ਰਾਜ ਜੰਮੂ ਕਸ਼ਮੀਰ 'ਚ ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਨਾਲ ਸਮਝੌਤਾ ਹੋਣ ਕਰਕੇ ਕਾਂਗਰਸ ਦੀ ਫੱਟੀ ਪੋਚ ਹੋਣ ਤੋਂ ਬਚਾਅ ਹੋ ਗਿਆ ਹੈ।

### ਬੰਗਾਲ 'ਚ ਖੱਬੇ ਪੱਖੀ ਮੋਰਚੇ ਦੀ ਸ਼ਾਨਦਾਰ ਜਿੱਤ:—

ਖਬਰਾਂ ਅਨੁਸਾਰ ਪੱਛਮੀ ਬੰਗਾਲ 'ਚ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਮੋਰਚੇ ਦੀ ਪਕੜ ਹੋਰ ਮਜ਼ਬੂਤ ਹੋਈ ਹੈ। ਹੁਣ ਤੱਕ ਦੇ ਮਿਲੇ ਨਤੀਜਿਆਂ ਅਨੁਸਾਰ ਇਸ ਮੋਰਚੇ ਨੂੰ ਸਪਸ਼ਟ ਬਹੁਮੱਤ ਮਿਲ ਗਿਆ ਹੈ। ਕਾਂਗਰਸ 26 ਸੀਟਾਂ ਹੀ ਲਿਜਾ ਸਕੀ ਹੈ ਅਤੇ ਸੰਭਾਵਨਾ ਹੈ ਕਿ ਉਹ ਪਿਛਲੀ ਵਿਧਾਨ ਸਭਾ 'ਚ ਆਪਣੀਆਂ 56 ਸੀਟਾਂ ਦੀ ਗਿਣਤੀ ਤੋਂ ਬਹੁਤ ਥੱਲੇ ਰਹਿ ਜਾਏਗੀ। ਇਹ ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੀ ਪਾਰਟੀ ਦੇ ਹੱਕ ਵਿਚ ਬੰਗਾਲ 'ਚ 100 ਤੋਂ ਵੱਧ ਚੋਣ ਜਲਸਿਆਂ ਵਿਚ ਭਾਸ਼ਨ ਦਿਤੇ ਸਨ। ਕਾਂਗਰਸ ਦਾ ਜਾਦੂ ਸਿਰਫ ਕਲਕੱਤਾ ਸ਼ਹਿਰ ਦੇ ਚੋਣ ਇਲਾਕਿਆਂ 'ਚ ਹੀ ਚਲ ਸਕਿਆ ਹੈ। ਪੇਂਡੂ ਖੇਤਰਾਂ ਵਿਚ ਕਾਂਗਰਸ ਨੂੰ ਬੁਰੀ ਤਰ੍ਹਾਂ ਮਾਰ ਪਈ ਹੈ।

ਇਸ ਰਾਜ 'ਚ ਮੁਸਲਮ ਲੀਗ ਸਿਰਫ 1 ਸੀਟ ਹੀ ਲਿਜਾ ਸਕੀ ਹੈ। ਪ੍ਰਣਾਬ ਮੁਕਰਜੀ ਦੀ ਪਾਰਟੀ ਰਾਸ਼ਟਰੀ ਸਮਾਜਵਾਦੀ ਪਾਰਟੀ ਇਕ ਵੀ ਸੀਟ ਨਹੀਂ ਲਿਜਾ ਸਕੀ। ਪ੍ਰਣਾਬ ਮੁਕਰਜੀ ਨੇ 103 ਉਮੀਦਵਾਰ ਖੜ੍ਹੇ ਕੀਤੇ ਸਨ। ਪੱਛਮੀ ਬੰਗਾਲ ਦੀਆਂ ਕੁਲ ਸੀਟਾਂ 294 ਹਨ।

### ਕੇਰਲਾ 'ਚੋਂ ਕਾਂਗਰਸ ਦੀ ਛੁੱਟੀ

ਪੱਛਮੀ ਬੰਗਾਲ 'ਚ ਕਮਿਊਨਿਸਟ ਮੋਰਚੇ ਦੀ ਜਿੱਤ ਤੋਂ ਬਾਅਦ ਕੇਰਲਾ 'ਚ ਵੀ ਮੋਰਚੇ ਨੇ ਕਾਂਗਰਸ ਅਤੇ ਇਹਦੇ ਗੱਠਜੋੜ ਨੂੰ ਕਰਾਰੀ ਹਾਰ ਦਿੱਤੀ ਹੈ। ਹੁਣ ਤੱਕ ਦੇ ਮਿਲੇ ਨਤੀਜਿਆਂ ਅਨੁਸਾਰ ਖੱਬੇ ਪੱਖੀ ਮੋਰਚਾ ਸਪਸ਼ਟ ਬਹੁਮੱਤ ਲੈ ਗਿਆ ਹੈ। ਕੇਰਲਾ ਦੇ ਕਾਂਗਰਸੀ ਮੁਖ ਮੰਤਰੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਪਾਰਟੀ ਦੀ ਹਾਰ ਦਾ ਕਾਰਨ ਆਪਸੀ ਫੁੱਟ ਦੱਸਿਆ ਹੈ। ਕੇਰਲਾ 'ਚ ਕਾਂਗਰਸ ਦੀ ਹਾਰ ਤੋਂ ਬਾਅਦ ਦੱਖਣੀ ਭਾਰਤ 'ਚ ਪਾਂਡੀਚਰੀ ਹੀ ਇਕ ਅਜਿਹਾ ਰਾਜ ਰਹਿ ਗਿਆ ਹੈ ਜਿਥੇ ਕਾਂਗਰਸ ਦੀ ਸਰਕਾਰ ਹੈ। ਖੱਬੇ ਪੱਖੀ ਮੋਰਚੇ ਨੇ ਕੁਲ 140 ਸੀਟਾਂ 'ਚੋਂ 78 ਸੀਟਾਂ ਜਿੱਤੀਆਂ ਹਨ।

### ਜੰਮੂ ਕਸ਼ਮੀਰ 'ਚ ਕਾਨਫਰੰਸ, ਕਾਂਗਰਸ ਜੇਤੂ

ਪੱਛਮੀ ਬੰਗਾਲ ਅਤੇ ਕੇਰਲਾ 'ਚ ਮਾਰ ਖਾਣ ਤੋਂ ਬਾਅਦ ਜੰਮੂ ਕਸ਼ਮੀਰ ਹੀ ਅਜਿਹਾ ਰਾਜ ਹੈ ਜਿਥੇ ਫਾਰੂਖ ਅਬਦੁੱਲਾ ਦੀ ਪਾਰਟੀ ਨੈਸ਼ਨਲ ਕਾਨਫਰੰਸ ਨਾਲ ਸਮਝੌਤਾ ਹੋਣ ਕਰਕੇ ਕਾਂਗਰਸ ਨੂੰ ਹਾਰ ਦਾ ਮੂੰਹ ਨਹੀਂ ਦੇਖਣਾ ਪਿਆ। ਇਥੇ ਦੋਹਾਂ ਪਾਰਟੀਆਂ ਦੇ ਗੱਠਜੋੜ ਨੂੰ ਸਪਸ਼ਟ ਬਹੁਮੱਤ ਮਿਲ ਗਿਆ ਹੈ। ਮੁਸਲਮ ਲੀਗ ਕੋਈ ਮਾਅਰਕਾ ਨਹੀਂ ਮਾਰ ਸਕੀ ਇਹ ਵਰਨਣਯੋਗ ਹੈ ਕਿ ਸਾਬਕ ਮੰਤਰੀ ਗੁਲਾਮ ਮੁਹੰਮਦ ਸ਼ਾਹ ਨੇ ਚੋਣਾਂ 'ਚ ਆਪਣੇ ਉਮੀਦਵਾਰ ਖੜੇ ਨਹੀਂ ਕੀਤੇ ਸਨ। ਕੁਲ ਸੀਟਾਂ 76 ਵਿਚੋਂ ਹੁਣ ਤੱਕ 39 ਦੇ ਨਤੀਜੇ ਮਿਲੇ ਹਨ। ਇਨ੍ਹਾਂ ਵਿਚੋਂ ਨੈਸ਼ਨਲ ਕਾਨਫਰੰਸ ਨੇ 22, ਕਾਂਗਰਸ ਨੇ 15 ਅਤੇ ਭਾਰਤੀ ਜਨਤਾ ਪਾਰਟੀ ਨੇ 2 ਸੀਟਾਂ ਜਿੱਤੀਆਂ ਹਨ। ਬਾਕੀ ਨਤੀਜੇ ਆਉਣੇ ਅਜੇ ਬਾਕੀ ਹਨ।

### ਯੂ.ਪੀ. ਉਪ ਚੋਣ 'ਚ ਕਾਂਗਰਸ ਹਾਰੀ

ਉੱਤਰ ਪ੍ਰਦੇਸ਼ ਦੇ ਇਕ ਮਹੱਤਵਪੂਰਨ ਵਿਧਾਨ ਸਭਾ ਚੋਣ ਹਲਕੇ ਤੋਂ ਕਾਂਗਰਸ ਦੇ ਹਾਰਨ ਨਾਲ ਪਾਰਟੀ ਨੂੰ ਹੋਰ ਧੱਕਾ ਲੱਗਾ ਹੈ।

## ਸ਼ਹੀਦ ਭਗਤ ਸਿੰਘ ਨੂੰ ਭਰਪੂਰ ਸ਼ਰਧਾਂਜਲੀਆਂ

# ਖਟਕੜ ਕਲਾਂ ਤੇ ਹੁਸੈਨੀਵਾਲਾ ਵਿਚ ਭਾਰੀ ਏਕਤਾ ਰੈਲੀਆਂ

ਚੰਡੀਗੜ੍ਹ:—ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਵਲੋਂ ਸ਼ਹੀਦ ਭਗਤ ਸਿਘ ਦੇ ਪਿੰਡ ਖਟਕੜ ਕਲਾਂ ਅਤੇ ਫੀਰੋਜ਼ਪੁਰ ਲਾਗੇ ਹੁਸੈਨੀਵਾਲਾ ਵਿਖੇ ਪੰਜਾਬੀਆਂ ਦੀ ਏਕਤਾ ਸਬੰਧੀ 23 ਮਾਰਚ ਨੂੰ ਦੋ ਰੈਲੀਆਂ ਹੋਈਆਂ ਜਿਨ੍ਹਾਂ ਵਿਚ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਇਕੱਠੇ ਹੋਏ।

ਖਟਕੜ ਕਲਾਂ ਵਿਚ ਬੋਲਦਿਆਂ ਪੰਜਾਬ ਦੇ ਮੁਖ ਮੰਤਰੀ ਸ.ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਪੰਜਾਬੀਆਂ ਦੀ ਸੱਚੀ ਸ਼ਰਧਾਂਜਲੀ ਇਹ ਹੀ ਹੋ ਸਕਦੀ ਹੈ ਕਿ ਉਨ੍ਹਾਂ ਸ਼ਹੀਦਾਂ ਦੇ ਫਲਸਫੇ ਨੂੰ ਸਮਝਿਆ ਜਾਵੇ। ਉਨ੍ਹਾਂ ਕਿਹਾ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇਸ਼ ਦੀ ਏਕਤਾ ਦੇ ਜ਼ਾਮਨ ਸਨ। ਉਨ੍ਹਾਂ ਲੱਖਾਂ ਲੋਕਾਂ ਦੀ ਰੈਲੀ ਵਿਚ ਤਾੜੀਆਂ ਦੀ ਗੂੰਜ ਵਿਚ ਕਿਹਾ ਕਿ ਦੇਸ਼ ਦੇ ਟੋਟੇ ਕਰਨ ਵਾਲਿਆਂ ਨੂੰ ਇਸ ਇਕੱਠ ਦੀ ਤਾਕਤ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ। ਸ. ਬਰਨਾਲਾ ਨੇ ਕਿਹਾ ਕਿ ਕੁਝ ਲੋਕ ਪੰਜ ਦਸ ਹਜ਼ਾਰ ਵਿਅਕਤੀ ਇਕੱਠੇ ਕਰਕੇ ਪੰਜਾਬ ਦੇ ਲੋਕਾਂ ਦੇ ਭਵਿੱਖ ਦੇ ਫੈਸਲੇ ਕਰਦੇ ਹਨ। ਇਹ ਲੱਖਾਂ ਪੰਜਾਬੀਆਂ ਦੀ ਰੈਲੀ ਉਨ੍ਹਾਂ ਵੱਖਵਾਦੀਆਂ ਲਈ ਮੂੰਹ ਤੋੜਵਾਂ ਜੁਆਬ ਹੈ।

ਕਮਿਊਨਿਸਟ ਨੇਤਾ ਹਰਕਿਸਨ ਸਿੰਘ ਸੁਰਜੀਤ ਨੇ ਕਿਹਾ ਕਿ ਲੋਕਾਂ ਨੂੰ ਧਰਮ ਦੇ ਆਧਾਰ ਤੇ ਨਹੀਂ ਵੰਡਿਆ ਜਾ ਸਕਦਾ। ਉਨ੍ਹਾਂ ਕਿਹਾ ਪੰਜਾਬ ਵਿਚ ਬਦੇਸ਼ੀ ਚਾਲਾਂ ਨੂੰ ਸਫਲ ਨਹੀਂ ਹੋਣ ਦਿਤਾ ਜਾਏਗਾ। ਇਸ ਇਕੱਠ ਵਿਚ ਬਾਦਲ ਧੜੇ ਤੋਂ ਬਿਨਾਂ ਸਾਰੀਆਂ ਪਾਰਟੀਆਂ ਦੇ ਬੁਲਾਰੇ ਸ਼ਾਮਲ ਸਨ।

ਖਟਕੜ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ, ਦੋਵਾਂ ਕਮਿਊਨਿਸਟ ਪਾਰਟੀਆਂ, ਭਾਰਤੀ ਜਨਤਾ ਪਾਰਟੀ ਆਦਿ ਦੇ ਨੇਤਾ ਹੈਲੀਕਾਪਟਰਾਂ ਰਾਹੀਂ ਹੁਸੈਨੀਵਾਲਾ ਪਹੁੰਚੇ ਜਿਥੇ ਲੱਖਾਂ ਲੋਕਾਂ ਵਲੋਂ ਏਕਤਾ ਦੀਆਂ ਹਾਮੀ ਪਾਰਟੀਆਂ ਦੇ ਨੇਤਾਵਾਂ ਦਾ ਭਰਪੂਰ ਸੁਆਗਤ ਕੀਤਾ ਗਿਆ।

ਇਥੇ ਬੋਲਦਿਆਂ ਡਾ.ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਹਿੰਦੂ-ਸਿੱਖ ਏਕਤਾ ਪੰਜਾਬੀਆਂ ਦੇ ਲਹੂ ਵਿਚ ਹੈ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਦੀਆਂ ਕਾਰਵਾਈਆਂ ਦੇ ਬਾਵਜੂਦ ਦੋਵਾਂ ਕਮਿਊਨਿਟੀਆਂ ਵਿਚ ਕੋਈ ਤਣਾਅ ਨਹੀਂ।

ROYAL FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਪਾਲ ਡੂਰ

ਰੌਇਲ ਫਰਨੀਚਰ ਲਿਮ:

TEL:874-9525

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਪੁਲੀਸ ਗੋਲੀ ਨਾਲ ਸੱਤ ਕਿਸਾਨ ਹਲਾਕ

ਗਾਂਧੀਨਗਰ:—ਗੁਜਰਾਤ ਦੀ ਰਾਜਧਾਨੀ ਗਾਂਧੀਨਗਰ 'ਚ ਪੁਲੀਸ ਦੀ ਗੋਲੀ ਨਾਲ 7 ਕਿਸਾਨ ਮਾਰੇ ਗਏ ਅਤੇ 1000 ਤੋਂ ਵੱਧ ਨੂੰ ਗ੍ਰਿਫਤਾਰ ਕਰ ਲਿਆ ਗਿਆ

ਇਹ ਕਿਸਾਨ ਆਪਣੀਆਂ ਜਿਣਸਾਂ ਦੇ ਵੱਧ ਭਾਅ ਦੀ ਮੰਗ ਨੂੰ ਲੈ ਕੇ ਮੁਜ਼ਾਹਰਾ ਕਰ ਰਹੇ ਸਨ। ਇਸ ਮੁਜ਼ਾਹਰੇ ਦੀ ਕਾਲ ਭਾਰਤੀ ਕਿਸਾਨ ਸੰਘ ਨੇ ਦਿਤੀ ਸੀ। ਰਾਜ ਦੇ ਵੱਖ ਵੱਖ ਭਾਗਾਂ ਤੋਂ ਕਿਸਾਨਾਂ ਨੇ ਰਾਜਧਾਨੀ ਵੱਲ ਨੂੰ ਕੂਚ ਸ਼ੁਰੂ ਕਰ ਦਿਤਾ।

ਹਿੰਸਾ ਉਦੋਂ ਭੜਕੀ ਜਦੋਂ ਪੁਲੀਸ ਨੇ ਪੇਠਪੁਰ ਪਿੰਡ ਦੇ ਨੇੜੇ ਕਿਸਾਨਾਂ ਨੂੰ ਗਾਂਧੀਨਗਰ 'ਚ ਵੜਣ ਤੋਂ ਰੋਕਣ ਦਾ ਯਤਨ ਕੀਤਾ। ਪੁਲੀਸ ਵਲੋਂ ਗੋਲੀ ਚਲਾਉਣ 'ਤੇ ਇਥੇ ਦੋ ਕਿਸਾਨ ਮਰੇ ਅਤੇ 18 ਹੋਰ ਜ਼ਖਮੀ ਹੋ ਗਏ।

ਰਿਪੋਰਟ ਅਨੁਸਾਰ ਨੰਦੇੜ 'ਚ ਵੀ ਪੁਲੀਸ ਗੋਲੀ ਨਾਲ ਇਕ ਕਿਸਾਨ ਮਰਿਆ। ਬਦਲੇ 'ਚ ਕਿਸਾਨਾਂ ਦੀ ਭੀੜ ਨੇ ਇਕ ਪੁਲਸੀਏ ਨੂੰ ਪਥਰ ਮਾਰ ਮਾਰ ਖਤਮ ਕਰ ਦਿਤਾ।

ਗੁਜਰਾਤ ਦੇ ਕਈ ਸ਼ਹਿਰਾਂ 'ਚ 50 ਸਰਕਾਰੀ ਬੱਸਾਂ ਨੂੰ ਅੱਗ ਲਾ ਦਿਤੀ ਗਈ। ਪੁਲੀਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਛੱਡੀ ਅਤੇ ਲਾਠੀਚਾਰਜ ਵੀ ਕੀਤਾ। ਪੁਲੀਸ ਨੇ ਭੜਕੀ ਭੀੜ ਨੂੰ ਕਾਬੂ ਪਾਉਣ ਲਈ ਗੋਲੀ ਚਲਾਈ ਜਿਸ ਨਾਲ 7 ਕਿਸਾਨਾਂ ਦੀਆਂ ਜਾਨਾ ਗਈਆਂ।

ਕਿਸਾਨਾਂ 'ਤੇ ਤਸ਼ੱਦਦ ਦੀਆਂ ਇਨ੍ਹਾਂ ਘਟਨਾਵਾਂ ਦੇ ਰੋਸ 'ਚ ਅਗਲੇ ਦਿਨ ਗੁਜਰਾਤ ਬੰਦ ਰਿਹਾ। ਦੁਕਾਨਾਂ 'ਤੇ ਸਕੂਲ ਕਾਲਜ ਬੰਦ ਰਹੇ। ਕਈ ਵਿਰੋਧੀ ਨੇਤਾਵਾਂ ਨੇ ਸਰਕਾਰ ਦੀ ਕਿਸਾਨ ਵਿਰੋਧੀ ਇਸ ਨੀਤੀ ਦੀ ਕਰੜੀ ਆਲੋਚਨਾ ਕੀਤੀ ਹੈ।

# ਪਾਕਿ ਐਟਮ ਬੰਬ ਨਹੀਂ ਬਣਾ ਰਿਹਾ :ਜ਼ਿਆ

ਇਸਲਾਮਾਬਾਦ:—ਪਾਕਿਸਤਾਨ ਦੇ ਪ੍ਰਧਾਨ ਜ਼ਿਆ ਉਲ ਹੱਕ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਪਾਕਿਸਤਾਨ ਨੇ ਐਟਮ ਬੰਬ ਬਣਾ ਲਿਆ ਹੈ।

ਇਸਲਾਮਾਬਾਦ 'ਚ ਐਟਮੀ ਮਾਹਿਰਾਂ ਸਾਹਮਣੇ ਬੋਲਦਿਆਂ ਜ਼ਿਆ ਉਲ ਹੱਕ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਮਾਣੂ ਤਜਰਬੇ ਸ਼ਾਂਤੀ ਕਾਰਜਾਂ ਲਈ ਹਨ। ਐਟਮੀ ਬੰਬ ਬਣਾਉਣੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜ਼ਿਆ ਨੇ ਕਿਹਾ ਕਿ ਇਸ ਸੰਬੰਧੀ ਆ ਰਹੀਆਂ ਸਾਰੀਆਂ ਰਿਪੋਰਟਾਂ ਗਲਤ ਹਨ। ਇਹ ਵਰਨਣਯੋਗ ਹੈ ਕਿ ਭਾਰਤੀ ਪੱਤਰਕਾਰ ਕੁਲਦੀਪ ਨਈਅਰ ਨੇ ਇਸ ਸਬੰਧ ਵਿਚ ਪਾਕਿਸਤਾਨ ਦੇ ਇਕ ਐਟਮੀ ਮਾਹਿਰ ਦੀ ਇੰਟਰਵੀਊ ਛਾਪੀ ਸੀ ਜਿਸ ਵਿਚ ਇਹ ਇੰਕਸਾਫ ਕੀਤਾ ਗਿਆ ਸੀ ਕਿ ਪਾਕਿਸਤਾਨ ਨੇ ਐਟਮ ਬੰਬ ਬਣਾ ਲਿਆ ਹੈ।

# ਅਕਾਲੀ ਨੇਤਾ ਦੀ ਲਾਸ਼ ਮਿਲੀ

ਚੰਡੀਗੜ੍ਹ:—ਅਕਾਲੀ ਦਲ ਦੇ ਯੂਥਵਿੰਗ ਦੇ ਇਕ ਅਹੁਦੇਦਾਰ ਦੇ ਕਤਲ ਹੋਣ ਦੀ ਖਬਰ ਮਿਲੀ ਹੈ। ਯੂਥ ਅਕਾਲੀ ਦਲ ਦੇ ਰੋਪੜ ਜ਼ਿਲੇ ਦੇ ਪ੍ਰਧਾਨ ਸੁਰਿੰਦਰ ਸਿੰਘ ਦੀ ਲਾਸ਼ ਚੰਡੀਗੜ੍ਹ 'ਚ ਇਕ ਕਾਰ ਦੀ ਡਿੱਗੀ ਵਿਚੋਂ ਮਿਲੀ।

ਸੁਰਿੰਦਰ ਸਿੰਘ ਕੁਝ ਦਿਨਾਂ ਤੋਂ ਲਾਪਤਾ ਸੀ। ਇਸਤੋਂ ਕੁਝ ਦਿਨ ਪਹਿਲਾਂ ਇਕ ਅਕਾਲੀ ਐਮ.ਐਲ.ਏ. ਨੂੰ ਵੀ ਕਤਲ ਕਰ ਦਿਤਾ ਗਿਆ ਸੀ।

# ਪਾਕਿ ਵਲੋਂ ਹਵਾਈ ਹਮਲਿਆਂ ਦਾ ਦੋਸ਼

ਇਸਲਾਮਾਬਾਦ:—ਪਾਕਿਸਤਾਨ ਨੇ ਦੋਸ਼ ਲਾਇਆ ਹੈ ਕਿ ਅਫਗਾਨੀ ਹਵਾਈ ਜ਼ਹਾਜ਼ਾਂ ਵਲੋਂ ਪਾਕਿ ਦੇ ਸੀਮਾਵਰਤੀ ਇਲਾਕੇ 'ਚ ਕੀਤੇ ਇਕ ਹੋਰ ਹਮਲੇ 'ਚ 20 ਲੋਕ ਮਾਰੇ ਗਏ ਹਨ। ਪਾਕਿਸਤਾਨੀ ਰੇਡੀਓ ਨੇ ਕਿਹਾ ਹੈ ਕਿ ਇਹ ਹਮਲਾ 6 ਜ਼ਹਾਜ਼ਾਂ ਰਾਹੀਂ ਕੀਤਾ ਗਿਆ।

ਇਸਤੋਂ ਇਕ ਦਿਨ ਪਹਿਲਾਂ ਵੀ ਪਾਕਿਸਤਾਨੀ ਅਧਿਕਾਰੀਆਂ ਨੇ ਕਿਹਾ ਸੀ ਕਿ ਅਫਗਾਨੀ ਜ਼ਹਾਜ਼ਾਂ ਦੇ ਹਮਲੇ 'ਚ 50 ਤੋਂ ਵੀ ਜ਼ਿਆਦਾ ਲੋਕ ਮਾਰੇ ਗਏ। ਤਾਜ਼ਾ ਹਮਲਾ ਪਿਛਲੇ ਕੁਝ ਘੰਟਿਆਂ 'ਚ ਦੂਜਾ ਹੈ।

ਪਿਛਲੇ ਮਹੀਨੇ ਵੀ ਇਥੇ ਹੋਏ ਹਵਾਈ ਹਮਲਿਆਂ 'ਚ 90 ਵਿਅਕਤੀ ਮਾਰੇ ਗਏ ਸੀ। ਇਨ੍ਹਾਂ ਇਲਾਕਿਆਂ ਵਿਚ ਅਫਗਾਨ ਛਾਪਾਮਾਰਾਂ ਦੇ ਕਾਫੀ ਅੱਡੇ ਹਨ। ਉਧਰ ਅਫਗਾਨ ਸਰਕਾਰ ਨੇ ਬੰਬ ਸੁੱਟਣ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

# ਗੋਰਖਾ ਅੰਦੋਲਨ ਫਿਰ ਸ਼ੁਰੂ ਕਰਨ ਦੀ ਧਮਕੀ

ਦਾਰਜੀਲਿੰਗ:—ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਇਕ ਦਮ ਬਾਅਦ ਗੋਰਖਾ ਲਿਬਰੇਸ਼ਨ ਫਰੰਟ ਦੇ ਨੇਤਾ ਸੁਭਾਸ਼ ਘੀਸ਼ਿੰਗ ਨੇ ਧਮਕੀ ਦਿਤੀ ਹੈ ਕਿ ਜੇ 30 ਦਿਨ ਦੇ ਅੰਦਰ ਗੋਰਖਾਲੈਂਡ ਦੀ ਮੰਗ ਨਾ ਮੰਨੀ ਗਈ ਤਾਂ ਅੰਦੋਲਨ ਫਿਰ ਸ਼ੁਰੂ ਕਰ ਦਿਤਾ ਜਾਏਗਾ।

ਇਹ ਧਮਕੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਰਾਸ਼ਟਰਪਤੀ ਗ਼ ਲਿਖੀਆਂ ਚਿੱਠੀਆਂ 'ਚ ਦਿਤੀ ਗਈ ਹੈ। ਗੋਰਖਾਲੈਂਡ ਲਿਬਰੇਸ਼ਨ ਫਰੰਟ ਨੇ ਦਾਰਜੀਲਿੰਗ ਜ਼ਿਲੇ 'ਚ ਚੋਣਾਂ ਦਾ ਬਾਈਕਾਟ ਕੀਤਾ ਸੀ। ਦਾਰਜੀਲਿੰਗ 'ਚ ਕਾਫੀ ਘੱਟ ਵੋਟਾਂ ਪਈਆਂ ਸਨ। ਸੁਭਾਸ਼ ਘੀਸਿੰਗ ਨੇ ਚਿੰਠੀ 'ਚ ਕਿਹਾ ਹੈ ਕਿ ਘੱਟ ਮੱਤਦਾਨ ਇਸ ਗੱਲ ਦਾ ਸਬੂਤ ਹੈ ਕਿ ਲੋਕ ਗੋਰਖਾਲੈਂਡ ਚਾਹੁੰਦੇ ਹਨ।

# ਮੁਸਲਮਾਨਾਂ ਦੇ ਤਜਵੀਜ਼-ਸ਼ੁਦਾ ਮੁਜ਼ਾਹਰੇ ਤੋਂ ਕੇਂਦਰ ਚਿੰਤਿਤ

ਨਵੀਂ ਦਿੱਲੀ:—ਬਾਬਰੀ ਮਸਜਿਦ ਦੇ ਸੁਆਲ ਨੂੰ ਮੁਖ ਰੱਖ ਕੇ ਮੁਸਲਮਾਨਾਂ ਵਲੋਂ 30 ਮਾਰਚ ਨੂੰ ਪਾਰਲੀਮੈਂਟ ਵੱਲ ਕੀਤੇ ਜਾ ਰਹੇ ਮਾਰਚ ਨੂੰ ਫਸਲ ਬਣਾਉਣ ਲਈ ਜਿਸ ਤਰ੍ਹਾਂ ਵੱਖ ਵੱਖ ਸੰਸਥਾਵਾਂ ਦੇ ਮੁਸਲਮਾਨਾਂ ਵਲੋਂ ਸਿਰਧੜ ਦੀ ਬਾਜ਼ੀ ਲਾਈ ਜਾ ਰਹੀ ਹੈ,ਉਸਨੂੰ ਵੇਖਦਿਆਂ ਹੋਇਆਂ ਕੇਂਦਰੀ ਸਰਕਾਰ ਦੇ ਹਲਕਿਆਂ ਵਲੋਂ ਬਹੁਤ ਜ਼ਿਆਦਾ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ।

ਦੱਸਿਆ ਜਾਂਦਾ ਹੈ ਕਿ ਐਕਸ਼ਨ ਕਮੇਟੀ ਵਲੋਂ ਬਾਬਰੀ ਮਸਜਿਦ ਦੇ ਸੁਆਲ 'ਤੇ ਮੁਸਲਮਾਨਾਂ ਦੇ ਜੋ ਜ਼ਜ਼ਬਾਤ ਭੜਕਾਏ ਜਾਣ ਦੇ ਯਤਨ ਕੀਤੇ ਜਾ ਰਹੇ ਹਨ,ਉਨ੍ਹਾਂ ਦਾ ਵਿਰੋਧ ਕਰਨ ਲਈ ਭਾਵੇਂ ਕਾਂਗਰਸੀ ਮੁਸਲਮਾਨਾਂ ਉਤੇ ਦਬਾਅ ਪਾਇਆ ਜਾ ਰਿਹਾ ਹੈ ਪਰ ਉਹ ਆਮ ਮੁਸਲਮਾਨਾਂ ਦੇ ਸਾਹਮਣੇ ਜਾਣ ਤੋਂ ਕਤਰਾ ਰਹੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਹਿੰਦੂ ਸੰਸਥਾਵਾਂ ਵਲੋਂ ਦੇਸ਼ ਭਰ ਦੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਵਿਰੁਧ ਭੜਕਾਉਣ ਲਈ ਜਿਸ ਤਰ੍ਹਾਂ 'ਰਾਮ ਜਨਮ ਭੂਮੀ'ਦੇ ਨਾਂ 'ਤੇ 'ਬਾਬਰੀ ਮਸਜਿਦ'ਦਾ ਵਿਰੋਧ ਕੀਤਾ ਜਾ ਰਿਹਾ ਹੈ,ਉਸਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ 'ਬਾਬਰੀ ਮਸਜਿਦ'ਦੀ ਐਕਸ਼ਨ ਕਮੇਟੀ ਦਾ ਵਿਰੋਧ ਕਰਨ ਲਈ ਮੁਸਲਮਾਨਾਂ ਨੂੰ ਤਿਆਰ ਕਰਨਾ ਬਹੁਤ ਮੁਸ਼ਕਲ ਜਾਪ ਰਿਹਾ ਹੈ।

# ਜ਼ਿਆਦਾ ਦਾਰੂ ਛੱਕਣ ਨਾਲ ਦਿਮਾਗ ਸੁੰਗੜਦਾ

ਆਸਟਰੇਲੀਆ:—ਪਹਿਲਾਂ ਤਾਂ ਭਾਵੇਂ ਸੁਣੀਆਂ ਸੁਣਾਈਆਂ ਗੱਲਾਂ ਸਨ ਕਿ ਜ਼ਿਆਦਾ ਦਾਰੂ ਪੀਣ ਨਾਲ ਦਿਮਾਗੀ ਸੈਲ ਮਰ ਜਾਂਦੇ ਹਨ ਪਰ ਹੁਣ ਤਾਂ ਸਾਇੰਸਦਾਨਾਂ ਨੇ ਇਥੇ ਦੇ ਸ਼ਹਿਰਾਂ ਸਿਡਨੀ ਅਤੇ ਪਰਥ ਵਿਚ ਇਹ ਸਾਬਤ ਕਰ ਦਿੱਤਾ ਹੈ ਕਿ ਵਾਕਿਆ ਹੀ ਦਾਰੂ ਨਾਲ ਅੰਨ੍ਹੇ ਹੋਣ ਵਾਲਿਆਂ ਦੇ ਦਿਮਾਗ ਸ਼ਾਕਾਹਾਰੀ ਅਤੇ ਦਾਰੂ ਘੱਟ ਪੀਣ ਵਾਲਿਆਂ ਨਾਲੋਂ ਸੁੰਗੜ ਕੇ ਛੋਟੇ ਹੋ ਜਾਂਦੇ ਹਨ। ਸਾਇੰਸਦਾਨਾਂ ਦੇਖਿਆ ਕਿ ਬਹੁਤਾ ਦਾਰੂ ਪੀਣ ਵਾਲਿਆਂ ਦੇ ਦਿਮਾਗਾਂ ਦਾ ਔਸਤਨ ਭਾਰ 114 ਗ੍ਰਾਮ ਘੱਟ ਸੀ।

ਇਹ ਸਰਵੇ ਉਨ੍ਹਾਂ 44 ਲੋਕਾਂ ਦੇ ਦਿਮਾਗਾਂ ਤੋਂ ਕੀਤਾ ਗਿਆ ਸੀ ਜੋ ਔਸਤਨ 58 ਵਰ੍ਹਿਆਂ ਦੀ ਉਮਰ ਵਿਚ ਦੁਨੀਆਂ ਛੱਡ ਕੇ ਚਲ ਵਸੇ ਸਨ ਇਨ੍ਹਾਂ 'ਚੋਂ ਤਕਰੀਬਨ ਅੱਧੇ ਆਪਣੀ ਉਮਰ ਦੇ 30-40 ਸਾਲ ਸ਼ਰਾਬ 'ਚ ਗਰਕ ਹੁੰਦੇ ਰਹੇ ਸਨ ਤੇ ਉਨ੍ਹਾਂ ਦੇ ਦਿਮਾਗਾਂ ਦਾ ਔਸਤਨ ਭਾਰ 1315 ਗ੍ਰਾਮ ਸੀ। ਬਾਕੀ ਅੱਧਿਆਂ ਦੇ ਦਿਮਾਗਾਂ ਦਾ ਔਸਤਨ ਭਾਰ 1420 ਗ੍ਰਾਮ ਸੀ। ਇਹ ਲੋਕ ਜਾਂ ਤਾਂ ਦਾਰੂ ਬੜਾ ਘੱਟ ਪੀਂਦੇ ਸਨ ਜਾਂ ਬਿਲਕੁਲ ਹੀ ਸ਼ਾਕਾਹਾਰੀ ਸਨ।


## ਫਾਰਮ ਵਿਚ ਕੰਮ ਕਰਨ ਵਾਲਿਆਂ ਦੀ ਲੋੜ

- ਸਟਰਾਅ ਬੇਰੀ, ਰਸ ਬੇਰੀ, ਬਰਾਕਲੀ, ਗੋਭੀ, ਸਪਰੋਟ ਆਦਿ
- ਕੰਮ ਜੂਨ ਤੋਂ ਨਵੰਬਰ ਤੱਕ ਚੱਲੇਗਾ
- ਰਿਹਾਇਸ਼ ਲਈ ਕੈਬਨਾਂ ਦਾ ਬੰਦੋਬਸਤ ਹੋਵੇਗਾ। ਕੈਬਨਾਂ ਦੀ ਬੁਕਿੰਗ ਹੁਣੇ ਕਰਵਾ ਲਵੋ।

**ਕੰਮ ਤੇ ਆਉਣ ਜਾਣ ਲਈ ਟਰਾਂਸਪੋਰਟ ਦਾ ਵੀ ਪ੍ਰਬੰਧ ਹੈ**

ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

- **ਬੱਸ ਅਤੇ ਟਰੱਕ ਡਰਾਈਵਰ ਦੀ ਵੀ ਲੋੜ ਹੈ**

ਹੋਰ ਜਾਣਕਾਰੀ ਲਈ :

**ਗੁਰਮੀਤ ਸਿੰਘ 856-7555**    **ਰਣਜੀਤ ਸਿੰਘ ਕੁਲਾਰ 525-3448**

## Active Collision Repair Ltd.

7787 - 132 St., Surrey, B.C.

- Complete Body Repairs and Painting
- I.C.B.C. Claims
- Courtesy Cars
- Customised Vans and Cars



Open Mondays thru Saturdays

**Harvey Mangat**    **Tel: 596-2020**

# ਬੀ.ਸੀ.ਦੇ ਨਵੇਂ ਬੱਜਟ 'ਚ ਗਰੀਬਾਂ ਨੂੰ ਰਗੜੇ

ਵਿਕਟੋਰੀਆ:—ਬੀ.ਸੀ.ਦੇ ਇਸ ਸਾਲ ਦੇ ਬੱਜਟ 'ਚ ਨਵੇਂ ਟੈਕਸ ਲਾਏ ਗਏ ਹਨ ਅਤੇ ਆਮ ਲੋਕਾਂ 'ਤੇ ਹੋਰ ਬੋਝ ਪਾਇਆ ਗਿਆ ਹੈ। ਭਾਵੇਂ ਟੈਕਸ 'ਚ ਕੁਝ ਛੋਟਾਂ ਵੀ ਦਿਤੀਆਂ ਗਈਆਂ ਹਨ ਪਰ ਇਹ ਵਧਾਏ ਗਏ ਟੈਕਸਾਂ ਦੇ ਮੁਕਾਬਲੇ ਨਿਗੂਣੀਆਂ ਹਨ। ਨਵੇਂ ਟੈਕਸਾਂ ਦਾ ਵੇਰਵਾ ਇਸ ਤਰ੍ਹਾਂ ਹੈ।

(1) ਪਰਸਨਲ ਇਨਕਮ ਟੈਕਸ 'ਚ ਤਬਦੀਲੀ ਇਸ ਤਰ੍ਹਾਂ ਕੀਤੀ ਗਈ ਹੈ ਕਿ ਘੱਟ ਆਮਦਨ ਵਾਲਿਆਂ ਨੂੰ ਜ਼ਿਆਦਾ ਟੈਕਸ ਦੇਣਾ ਪਵੇਗਾ ਅਤੇ ਵੱਧ ਆਮਦਨ ਵਾਲਿਆਂ ਦੀ ਟੈਕਸ ਦਰ ਘਟੇਗੀ।

ਭਾਵੇਂ ਹਸਪਤਾਲ ਦੀ ਫੀਸ ਖਤਮ ਕਰ ਦਿਤੀ ਜਾਏਗੀ ਪਰ ਕੁਝ ਮੈਡੀਕਲ ਸਹੂਲਤਾਂ ਲਈ 5 ਡਾਲਰ ਪ੍ਰਤੀ ਗੇੜੇ ਦੇ ਲਏ ਜਾਣਗੇ। ਇਨ੍ਹਾਂ 'ਚ 'ਫੀਜ਼ੀਓਥਰੈਪੀ' ਅਤੇ 'ਚੀਰੋਪਰੈਕਟਰ' ਸੇਵਾਵਾਂ ਸ਼ਾਮਲ ਹਨ।

ਬਜ਼ੁਰਗ ਨਾਗਰਿਕਾਂ (ਸੀਨੀਅਰ ਸਿਟੀਜ਼ਨ) ਦੇ ਮੈਡੀਕਲ ਦੇ ਖਰਚੇ ਵੀ ਵਧਾ ਦਿਤੇ ਗਏ ਹਨ। ਉਨ੍ਹਾਂ ਨੂੰ ਹੁਣ 125 ਡਾਲਰ ਤੱਕ ਦੀ ਸਾਲਾਨਾ ਫੀਸ ਦੇਣੀ ਪੈ ਸਕਦੀ ਹੈ।

2 ਲੱਖ ਡਾਲਰ ਤੱਕ ਦੀ ਜਾਇਦਾਦ ਖਰੀਦਦ ਲਈ 1 ਪ੍ਰਤੀਸ਼ਤ ਦੀ ਦਰ ਨਾਲ ਟੈਕਸ ਦੇਣਾ ਪਵੇਗਾ। 2 ਲੱਖ ਦੀ ਜਾਇਦਾਦ ਤੋਂ ਉਪਰ ਇਹ ਦਰ 2 ਪ੍ਰਤੀਸ਼ਤ ਹੋਵੇਗੀ। ਇਹ ਟੈਕਸ ਬੀਤੇ ਸੋਮਵਾਰ ਤੋਂ ਲਾਗੂ ਹੋ ਗਿਆ ਹੈ।

ਬੱਜਟ ਵਿਚ ਜੋ ਸੀਮਤ ਰਾਹਿਤ ਦਿਤੀ ਗਈ ਹੈ ਉਸ ਦੇ ਵੇਰਵਾ ਇਸ ਤਰ੍ਹਾਂ ਹੈ।

ਵਿਕਰੀ ਕਰ (ਸੇਲ ਟੈਕਸ) 7 ਪ੍ਰਤੀਸ਼ਤ ਤੋਂ ਘਟਾ ਕੇ 6 ਪ੍ਰਤੀਸ਼ਤ ਕਰ ਦਿਤਾ ਗਿਆ ਹੈ।

ਰੈਸਟੋਰੈਂਟਾਂ 'ਚ ਖਾਣੇ 'ਤੇ ਲਗਦਾ ਟੈਕਸ ਖਤਮ ਕਰ ਦਿਤਾ ਗਿਆ ਹੈ।

ਵੈਲਫੇਅਰ 'ਤੇ ਰਹਿੰਦੇ ਪ੍ਰੀਵਾਰਾਂ ਦੇ ਰੇਟ 'ਚ 10 ਪ੍ਰਤੀਸ਼ਤ ਵਾਧਾ ਕੀਤਾ ਜਾਏਗਾ। ਇਹ ਦੋ ਸਟੇਜਾਂ 'ਚ ਹੋਏਗਾ।

ਅੰਗਹੀਣਾਂ ਲਈ ਦਿਤੇ ਜਾਂਦੇ ਫੰਡਾਂ 'ਚ 15 ਪ੍ਰਤੀਸ਼ਤ ਵਾਧਾ ਕੀਤਾ ਜਾਏਗਾ।

ਸਕੂਲਾਂ ਨੂੰ ਦਿਤੀ ਜਾਂਦੀ ਰਾਸ਼ੀ ਚ ਵਾਧਾ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਦੇ ਫੰਡਾਂ 'ਚ 42 ਪ੍ਰਤੀਸ਼ਤ ਵਾਧਾ ਕੀਤਾ ਜਾਏਗਾ। ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੇ ਫੰਡਾਂ 'ਚ ਵੀ 5.8 ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ।

ਸਰਕਾਰ ਅਤੇ ਡਾਕਟਰਾਂ 'ਚ ਹੋਏ ਸਮਝੌਤੇ 'ਤੇ ਵੀ ਮੁੜ ਵਿਚਾਰ ਕਰਨ ਦੀ ਤਜਵੀਜ਼ ਹੈ ਤਾਂ ਜੋ ਡਾਕਟਰਾਂ ਦੀ ਫੀਸ ਘਟਾਈ ਜਾ ਸਕੇ।

## ਕੈਨੇਡਾ ਨੂੰ ਪ੍ਰਮਾਣੂ ਉੜਾਨਾਂ ਦਾ ਖਤਰਾ

ਟਰਾਂਟੋ:—ਛੇਤੀ ਹੀ ਕੈਨੇਡਾ ਉਪਰ ਦੀ ਖਤਰਨਾਕ ਪਲਾਟੀਨਮ ਲੈ ਕੇ ਟਰਾਂਸਪੋਰਟ ਹਵਾਈ ਜ਼ਹਾਜ਼ ਲੰਘਣਗੇ ਅਤੇ ਕੈਨੇਡਾ ਇਸ ਸਬੰਧ ਵਿਚ ਕੁਝ ਨਹੀਂ ਕਰ ਸਕੇਗਾ।

ਇਹ ਜ਼ਹਾਜ਼ ਪ੍ਰਮਾਣੂ ਬੰਬ ਬਣਾਉਣ ਲਈ ਵਰਤੀ ਜਾਂਦੀ ਗੈਸ ਪਲਾਟੀਨਮ ਯੂਰਪ ਤੋਂ ਜਾਪਾਨ ਨੂੰ ਲੈ ਕੇ ਜਾਣਗੇ ਅਤੇ ਇਨ੍ਹਾਂ ਦਾ ਰੂਟ ਅਲਾਸਕਾ ਵਾਲਾ ਹੋਵੇਗਾ ਜਿਸ ਅਧੀਨ ਕੈਨੇਡਾ ਦਾ ਧੁਰ ਉਤਰੀ ਹਿਸਾ ਆਉਂਦਾ ਹੈ। ਇਸ ਖਤਰਨਾਕ ਧਾਤ ਦੀ ਢੋਆ ਢੁਆਈ ਲਈ ਅਮਰੀਕਾ ਅਤੇ ਜਾਪਾਨ ਵਿਚਕਾਰ ਗੱਲਬਾਤ ਚਲ ਰਹੀ ਹੈ ਅਤੇ ਜੇ ਜਾਪਾਨ ਦੇ ਨਵੇਂ ਪ੍ਰਮਾਣੂ ਰੀਐਕਟਰਾਂ ਲਈ ਪਲਾਟੀਨਮ ਸਪਲਾਈ ਕਰਨ ਸਬੰਧੀ ਸਮਝੌਤਾ ਹੋ ਗਿਆ ਤਾਂ ਪਲਾਟੀਨਮ ਮਹੀਨੇ 'ਚ ਦੋ ਵਾਰੀ ਯੂਰਪ ਤੋਂ ਜਾਪਾਨ ਅਲਾਸਕਾ ਦੇ ਰਸਤੇ ਪਹੁੰਚਾਈ ਜਾਏਗੀ। ਪਲਾਟੀਨਮ ਲੈ ਕੇ ਜਾ ਰਹੇ ਜ਼ਹਾਜ਼ ਅਲਾਸਕਾ 'ਚ ਤੇਲ ਦੀ ਸਪਲਾਈ ਲੈਣ ਲਈ ਰੁਕਿਆ ਕਰਨਗੇ।

ਅਮਰੀਕਾ ਅਤੇ ਜਾਪਾਨ 'ਚ ਚਲ ਰਹੀ ਇਸ ਗੱਲਬਾਤ ਦੇ ਸੰਬੰਧ ਵਿਚ ਕੈਨੇਡਾ ਦੀ ਕੋਈ ਸਲਾਹ ਨਹੀਂ ਲਈ ਗਈ। ਕਾਨੂੰਨੀ ਤੌਰ 'ਤੇ ਕੈਨੇਡਾ ਇਨ੍ਹਾਂ ਹਵਾਈ ਉੜਾਣਾਂ ਨੂੰ ਰੋਕ ਵੀ ਨਹੀਂ ਸਕੇਗਾ ਕਿਉਂਕਿ ਮੌਜੂਦਾ ਅੰਤਰਰਾਸ਼ਟਰੀ ਹਵਾਈ ਸੰਧੀ ਦੇ ਅਧੀਨ ਅਟਵਾ ਨੇ ਹੋਰ ਦੇਸ਼ਾਂ ਨੂੰ ਇਹ ਆਮ ਅਧਿਕਾਰ ਦਿੱਤਾ ਹੋਇਆ ਹੈ ਕਿ ਉਹ ਬਿਨਾਂ ਕੋਈ ਨੋਟਿਸ ਦਿਤਿਆਂ ਕੈਨੇਡਾ ਦੇ ਇਲਾਕੇ ਉਪਰ ਦੀ ਵਪਾਰਕ ਅਤੇ ਢੋਆ ਢੁਆਈ ਵਾਲੇ ਜ਼ਹਾਜ ਲੰਘਾ ਸਕਦੇ ਹਨ।

ਪਰ ਫੈਡਰਲ ਸਰਕਾਰ ਦੇ ਅਧਿਕਾਰੀਆਂ ਨੂੰ ਇਹ ਚਿੰਤਾ ਲੱਗੀ ਹੋਈ ਹੈ ਕਿ ਕੀ ਪਲਾਟੀਨਮ ਸੁਰੱਖਿਅਤ ਤਰੀਕੇ ਨਾਲ ਹਵਾਈ ਜ਼ਹਾਜ਼ ਰਾਹੀਂ ਢੋਇਆ ਜਾ ਸਕਦਾ ਹੈ? ਪ੍ਰਮਾਣੂ ਹਥਿਆਰਾਂ ਦੇ ਸਬੰਧ 'ਚ ਇਕ ਆਜ਼ਾਦ ਖੋਜ ਸੰਸਥਾ 'ਦੀ ਨਿਕੂਲਰ ਕੰਟਰੋਲ ਇੰਸਟੀਚਿਊਟ ਵੀ ਇਸ ਬਾਰੇ ਚਿੰਤਤ ਹੈ। ਇਸ ਸੰਸਥਾ ਦਾ ਕਹਿਣਾ ਹੈ ਕਿ ਇਸ ਨਾਲ ਸੁਰੱਖਿਆ ਦੀ ਗੰਭੀਰ ਸਮੱਸਿਆ ਪੈਦਾ ਹੋਏਗੀ ਕਿਉਂਕਿ ਪਲਾਟੀਨਮ ਹਵਾਈ ਜ਼ਹਾਜ਼ ਰਾਹੀਂ ਲਿਜਾਣ ਲਈ ਵਿਕਸਤ ਕੀਤਾ ਢੋਲ (ਕਨਟੇਨਰ) ਤੇਜ਼ ਸਪੀਡ ਹਵਾਈ ਹਾਦਸੇ ਵਾਲਾ ਟੈਸਟ ਪਾਸ ਨਹੀਂ ਕਰ ਸਕਿਆ।

ਇਹ ਸੰਸਥਾ ਅਮਰੀਕਾ ਅਤੇ ਜਾਪਾਨ ਨੂੰ ਬੇਨਤੀ ਕਰ ਰਹੀ ਹੈ ਕਿ ਇਸ ਸਮਝੌਤੇ ਤੇ ਉਦੋਂ ਤੱਕ ਅਮਲ ਨਾ ਕੀਤਾ ਜਾਵੇ ਜਦ ਤੱਕ ਉਹ ਇਹ ਸਾਬਤ ਨਹੀਂ ਕਰ ਦਿੰਦੇ ਕਿ ਪਨਾਟੀਨਮ ਦੀ ਹਵਾਈ ਜ਼ਹਾਜ਼ ਰਾਹੀਂ ਢੁਆਈ ਬਿਲਕੁਲ ਸੁਰੱਖਿਅਤ ਤਰੀਕੇ ਨਾਲ ਹੋ ਸਕਦੀ ਹੈ।

## ਅਪੋਜ਼ੀਸ਼ਨ ਵਲੋਂ ਰਾਜੀਵ ਦੀ ਆਲੋਚਨਾ

ਨਵੀਂ ਦਿੱਲੀ:—ਭਾਰਤ ਦੀਆਂ ਵਿਰੋਧੀ ਪਾਰਟੀਆਂ ਨੇ ਦਿੱਲੀ 'ਚ ਇਕ ਮੀਟਿੰਗ ਕਰਕੇ ਰਾਜੀਵ ਗਾਂਧੀ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਪਾਰਲੀਮੈਂਟ 'ਚ ਝੂਠ ਬੋਲਕੇ ਮੈਂਬਰਾਂ ਨੂੰ ਗੁੰਮਰਾਹ ਕੀਤਾ ਹੈ।

ਦਿੱਲੀ 'ਚ ਵਿਰੋਧੀ ਪਾਰਟੀਆਂ ਦੀ ਮੀਟਿੰਗ ਤੋਂ ਬਾਅਦ ਜਾਰੀ ਇਕ ਬਿਆਨ 'ਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਉਸ ਪੱਤਰ ਦਾ ਹਵਾਲਾ ਦਿਤਾ ਗਿਆ ਹੈ ਜੋ ਇੰਡੀਅਨ ਐਕਸਪ੍ਰੈਸ ਵਿਚ ਛਾਪਿਆ ਸੀ।

ਵਿਰੋਧੀ ਪਾਰਟੀਆਂ ਦੀ ਪਾਰਲੀਮੈਂਟ ਦੇ ਸਪੀਕਰ ਬਲਰਾਮ ਜਾਖੜ ਦੇ ਖਿਲਾਫ ਅਵਿਸ਼ਵਾਸ਼ ਦਾ ਮਤਾ ਰੱਖਣ ਦੀ ਵੀ ਯੋਜਨਾ ਹੈ। ਯਾਦ ਰਹੇ ਸਪੀਕਰ ਨੇ ਇਸ ਵਿਸ਼ੇ 'ਤੇ ਬਹਿਸ ਕਰਾਉਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ ਸੀ।

## "ਕੈਨੇਡਾ ਦਰਪਣ" ਪ੍ਰਵਾਰ ਵਲੋਂ ਧੰਨਵਾਦ

"ਕੈਨੇਡਾ ਦਰਪਣ" ਦੇ ਮੁੱਖ ਸੰਪਾਦਕ ਦਰਸ਼ਨ ਗਿੱਲ ਅਤੇ ਪ੍ਰਵਾਰ ਉਨ੍ਹਾਂ ਸਭ ਦੋਸਤਾਂ, ਲੇਖਕ-ਮਿਤਰਾਂ, ਸਾਹਿਤ ਸਭਾਵਾਂ ਅਤੇ "ਕੈਨੇਡਾ ਦਰਪਣ" ਦੇ ਸੁਹਿਰਦ ਪਾਠਕਾਂ ਦਾ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਉਨ੍ਹਾਂ ਦੇ ਸਵਰਗਵਾਸੀ ਪਿਤਾ ਸ.ਜਾਗੀਰ ਸਿੰਘ ਗਿੱਲ ਦੇ ਵਿਛੋੜੇ ਉਤੇ ਪ੍ਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਸੈਂਕੜੇ ਖਤਾਂ ਦੇ ਉਤਰ ਜਾਤੀ ਤੌਰ ਉਤੇ ਦੇਣੇ ਸ਼ਾਇਦ ਸੰਭਵ ਨਾ ਹੋ ਸਕਣ। ਇਸ ਲਈ ਪ੍ਰਵਾਰ ਉਨ੍ਹਾਂ ਸਭ ਸੁਹਿਰਦ ਮਿਤਰਾਂ ਦਾ ਰਿਣੀ ਹੈ ਜਿਨ੍ਹਾਂ ਇਸ ਔਖੀ ਘੜੀ ਸਮੇਂ ਪ੍ਰਵਾਰ ਦਾ ਸਾਥ ਦਿੱਤਾ ਹੈ।

PIZZA 222

222 IS # 1

222 IS 2 FOR 1



ORDER 2 PAY FOR 1

EVERY DAY

THIS OFFER APPLIES TO ALL LARGE, MEDIUM OR SMALL PIZZAS ON MENU

ਹੌਟ ਅਤੇ ਫਾਸਟ ਪੀਜ਼ੇ ਲਈ ਫੋਨ ਕਰੋ:

222-2222

222

ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ ਹੇਠ ਲਿਖੇ ਹਨ

1. 222 Special (222 ਸਪੈਸ਼ਲ)

Cheese, Tomato Sauce, Pepperoni, Mushroom, Onions, Greer Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)

(Cheese, Tomato Sauce, Mushrooms, Green Peppers, Onions Pineapple, Olives, Tomatoes)

Free Delivery on single orders

$ 1.99 Delivery charge for all 2 for 1 orders

ਤੁਹਾਡੀ ਸੇਵਾ ਲਈ 17 ਸਟੋਰ

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਕੇਰਲ ਤੇ ਪੱਛਮੀ ਬੰਗਾਲ ਦੀਆਂ ਚੋਣਾਂ ਦੇ ਨਤੀਜੇ

23 ਮਾਰਚ ਦਾ ਦਿਨ ਭਾਰਤੀ ਸਿਆਸਤ ਵਿਚ ਇਕ ਇਤਿਹਾਸਕ ਦਿਨ ਸਾਬਤ ਹੋਇਆ ਹੈ ਜਦੋਂ ਪੱਛਮੀ ਬੰਗਾਲ ਤੇ ਕੇਰਲ ਦੀਆਂ ਸੂਬਾਈ ਚੋਣਾਂ ਦੇ ਨਤੀਜਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਜਮਹੂਰੀ ਢੰਗ ਨਾਲ ਵੀ ਇਨਕਲਾਬੀ ਤਾਕਤਾਂ ਦੇ ਹੱਥ ਮਜ਼ਬੂਤ ਕਰ ਸਕਦੇ ਹਨ । ਪੱਛਮੀ ਬੰਗਾਲ ਦਾ ਖੱਬੇ-ਪੱਖੀ ਮੋਰਚਾ ਪਿਛਲੇ ਦਹਾਕੇ ਤੋਂ ਜਿਸ ਢੰਗ ਨਾਲ ਆਮ ਲੋਕਾਂ ਦੀ ਬਿਹਤਰੀ ਖਾਤਰ ਖਮ ਕਰਦਾ ਆ ਰਿਹਾ ਹੈ-ਪੱਛਮੀ ਬੰਗਾਲ ਦੇ ਲੋਕਾਂ ਨੇ ਭਾਰੀ ਬਹੁਸੰਮਤੀ ਨਾਲ ਮੋਰਚੇ ਦੇ ਉਮੀਦਵਾਰਾਂ ਦਾ ਸਮਰਥਨ ਕਰਕੇ ਮੌਕਾਪ੍ਰਸਤ ਤਾਕਤਾਂ ਦੀ ਫੱਟੀ ਪੋਚ ਕੇ ਰੱਖ ਦਿੱਤੀ ਹੈ। ਰਾਜੀਵ ਗਾਂਧੀ ਦੇ ਪੱਛਮੀ ਬੰਗਾਲ ਦੇ ਦੌਰੇ ਕੁਝ ਵੀ ਕਰਨ ਤੋਂ ਅਸਮਰਥ ਰਹੇ ਹਨ । ਗੋਰਖਾਲੈਂਡ ਦਾ ਨਾਅਰਾ ਖਾਲਿਸਤਾਨ ਦੇ ਨਾਅਰੇ ਵਾਂਗ ਕਾਂਗਰਸੀਆਂ ਦੀ ਦੇਣ ਹੈ-ਇਸ ਸਚਾਈ ਨੂੰ ਵੀ ਪੱਛਮੀ ਬੰਗਾਲ ਦੇ ਲੋਕਾਂ ਨੇ ਸਾਬਤ ਕਰ ਦਿੱਤਾ ਹੈ। ਵੱਖਵਾਦੀ ਲਹਿਰਾਂ ਕਾਂਗਰਸੀ ਰਾਜਨੀਤੀ ਦਾ ਆਖਰੀ ਨਮੂਨਾ ਹਨ । ਲੋਕਾਂ ਨੂੰ ਧਰਮ ਦੇ ਆਧਾਰ ਤੇ ਵੰਡਣਾ ਕਾਂਗਰਸ ਅਤੇ ਸੱਜ-ਪਿਛਾਖੜ ਦੀ ਚਾਲ ਹੈ ਜੋ ਪੱਛਮੀ ਬੰਗਾਲ ਤੇ ਕੇਰਲ ਦੇ ਲੋਕਾਂ ਨੇ ਨਿਸਫਲ ਕਰ ਦਿੱਤੀ ਹੈ ।

ਕੇਰਲ ਵਿਚ ਕਾਂਗਰਸ,ਕੱਟੜ ਮੁਸਲਿਮ ਲੀਗੀਆਂ ਨਾਲ ਸਮਝੌਤੇ ਕਰਕੇ ਤਾਕਤ ਤੇ ਹੁਣ ਤੱਕ ਕਾਬਜ਼ ਰਹੀ ਪਰ ਇਸ ਵਾਰ ਇਸ ਨਾਪਾਕ ਸਮਝੌਤੇ ਦੀਆਂ ਕੇਰਲ ਦੇ ਲੋਕਾਂ ਨੇ ਧੱਜੀਆਂ ਉਡਾ ਦਿਤੀਆਂ । ਕਾਂਗਰਸ ਦਾ ਦੋਹਰਾ ਕਿਰਦਾਰ-ਕੇਰਲ ਵਿਚ ਕੱਟੜ ਮੁਸਲਿਮ ਲੀਗੀਆਂ ਨਾਲ ਸਮਝੌਤਾ ਤੇ ਜੰਮੂ ਕਸ਼ਮੀਰ ਵਿਚ ਕੱਟੜ ਮੁਸਲਿਮ ਲੀਗੀਆਂ ਦਾ ਵਿਰੋਧ—ਵੀ ਇਨ੍ਹਾਂ ਚੋਣਾਂ ਵਿਚ ਹੋਰ ਨੰਗਾ ਹੋਇਆ ।

ਖੱਬੇ ਪੱਖੀ ਮੋਰਚਾ ਇਸ ਸਮੇਂ ਕੇਰਲ,ਪੱਛਮੀ ਬੰਗਾਲ ਤੇ ਤ੍ਰੀਪੁਰਾ ਵਿਚ ਪੂਰੀ ਤਰ੍ਹਾਂ ਸਥਾਪਤ ਹੋ ਗਿਆ ਹੈ। ਆਂਧਰਾ ਪ੍ਰਦੇਸ਼ ਵੀ ਜਲਦੀ ਹੀ ਖੱਬੇ-ਪੱਖੀ ਸਰਕਾਰ ਵੱਲ ਵਧਣ ਦੀਆਂ ਸੰਭਾਵਨਾਵਾਂ ਲਈ ਬੈਠਾ ਹੈ । ਜੰਮੂ ਕਸ਼ਮੀਰ ਵਿਚ ਡਾ.ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਂਨਫਰੰਸ ਦਾ ਜਿੱਤਣਾ ਇਸ ਪੱਖੋਂ ਮੁਬਾਰਕ ਕਦਮ ਹੈ ਕਿ ਘੱਟੋ ਘੱਟ ਕੱਟੜ ਮੁਸਲਿਮ ਲੀਗੀਆਂ ਦੀ ਤਹਿ ਲੱਗ ਗਈ ਹੈ। ਡਾ.ਫਾਰੂਕ ਦੀ ਸਰਕਾਰ ਕਾਂਗਰਸ 'ਤੇ ਬਹੁਤਾ ਨਿਰਭਰ ਨਹੀਂ ਕਰੇਗੀ ।

ਇਨ੍ਹਾਂ ਚੋਣਾਂ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦੀ ਇਜਾਰੇਦਾਰੀ ਕੇਵਲ ਯੂ.ਪੀ.,ਬਿਹਾਰ,ਮੱਧ ਪ੍ਰਦੇਸ਼,ਰਾਜਿਸਥਾਨ ਅਤੇ ਹਰਿਆਣਾ ਉਤੇ ਹੀ ਰਹਿ ਗਈ ਹੈ। ਲੱਗਪੱਗ 14 ਸੂਬੇ ਕਾਂਗਰਸ ਦੀ ਇਜਾਰੇਦਾਰੀ ਤੋਂ ਮੁਕਤ ਹੋ ਗਏ ਹਨ । ਕਾਂਗਰਸ ਦਾ ਬਦਲ ਕੇਵਲ ਖੱਬੇ-ਪੱਖੀ ਪਾਰਟੀਆਂ ਹੀ ਹੋ ਸਕਦੀਆਂ ਹਨ ਕਿਉਂਕਿ ਜਨਤਾ ਪਾਰਟੀ,ਪ੍ਰਣਾਬ ਮੁਕਰਜੀ ਦਾ ਧੜਾ ਤੇ ਲੋਕ ਦਲ ਆਦਿ ਪਾਰਟੀਆਂ ਥੱਕੇ ਹਾਰੇ ਸਾਬਕਾ ਕਾਂਗਰਸੀਆਂ ਦੇ ਹੀ ਟੋਲੇ ਹਨ । ਭਾਰਤੀ ਜਨਤਾ ਪਾਰਟੀ ਦਾ ਵਜੂਦ ਕਾਂਗਰਸ ਨਾਲੋਂ ਬਹੁਤਾ ਵੱਖਰਾ ਨਹੀਂ ।

# ਮੁਖ ਧਾਰਾ– ਭਾਰਤੀ ਰਾਜਨੀਤੀ ਦਾ ਸੁਆਰਥ

ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ

ਪਿਛਲੇ ਕੁੱਝ ਅਰਸੇ ਤੋਂ ਰਾਜਨੀਤਕ ਸ਼ਕਤੀ ਵਿਚ ਉਲਝੇ ਹੋਏ ਦੇਸ਼ ਦੇ ਅਤੇ ਪ੍ਰਾਂਤਿਕ ਲੀਡਰ ਇਹ ਪ੍ਰਚਾਰ ਕਰ ਰਹੇ ਹਨ ਕਿ ਦੇਸ਼ ਦਾ ਨੌਜਵਾਨ ਕੁਝ ਖੇਤਰਾਂ ਵਿਚ ਕੁਰਾਹੇ ਪੈ ਰਿਹਾ ਹੈ । ਇਸ ਨਾਲ ਰਾਸ਼ਟਰੀ ਭਾਵਨਾ ਅਤੇ ਏਕਤਾ ਨੂੰ ਸੱਟ ਲਗਦੀ ਹੈ । ਇਨ੍ਹਾਂ ਭਟਕੇ ਹੋਏ ਅਤੇ ਭੁੱਲੜ ਨੌਜਵਾਨਾਂ ਨੂੰ ਦੇਸ਼ ਦੀ 'ਮੁਖ ਧਾਰਾ'ਵਿਚ ਵਾਪਸ ਆ ਜਾਣਾ ਚਾਹੀਦਾ ਹੈ ਖਿਆਲ ਤਾਂ ਬਹੁਤ ਅੱਛਾ ਹੈ ਪਰ ਇਸ ਉਪਰ ਹਾਲੇ ਤਕ ਕਦੇ ਵੀ ਡੂੰਘਾਈ ਨਾਲਵਿਚਾਰ ਨਹੀਂ ਕੀਤਾ ਗਿਆ ਕਿ ਇਹ ਨੌਜਵਾਨ ਭਟਕੇ ਕਿਉਂ ਹਨ ? ਇਹ ਮੁੱਖ ਧਾਰਾ ਵਿਚੋਂ ਟੁੱਟੇ ਕਿਉਂ ਹਨ ? ਇਹ ਵੀ ਵਿਚਾਰਨਯੋਗ ਹੈ ਕਿ 'ਮੁੱਖ ਧਾਰਾ'ਹੈ ਕੀ ? ਜੋ ਇਸਦਾ ਪ੍ਰਚਾਰ ਕਰਦੇ ਹਨ ਕੀ ਉਹ ਖੁਦ ਵੀ ਮੁੱਖ ਧਾਰਾ ਵਿਚ ਸ਼ਾਮਲ ਹਨ ?

## ਕਾਰਨ

ਨੌਜਵਾਨਾਂ ਦੇ ਭਟਕਣ ਅਤੇ ਮੁੱਖ ਧਾਰਾ ਵਿਚੋਂ ਟੁੱਟਣ ਦੇ ਕੁਝ ਕਾਰਨ ਹਨ । ਭਟਕਣਾ ਅਸੰਤੁਸ਼ਟਤਾ ਵਿਚ ਮੁਖ ਕਾਰਨ ਭਾਵੇਂ ਆਰਥਿਕ ਹੀਹੁੰਦਾ ਹੈ ਪਰ ਰਾਜਨੀਤਕ ਅਤੇ ਸਮਾਜਕ ਮਾਹੌਲ ਵੀ ਇਸਦੇ ਮੁੱਖ ਕਾਰਨ ਬਣਦੇ ਹਨ । ਖਾਸ ਤੌਰ 'ਤੇ ਜਦੋਂ ਰਾਜਨੀਤਕ ਸ਼ਕਤੀ ਨੂੰ ਹਥਿਆਉਣ ਲਈ ਆਰਥਿਕ ਅਤੇ ਸਮਾਜਕ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਮਾਹੌਲ ਦਾ ਸ਼ੋਸ਼ਣ ਹੁੰਦਾ ਹੈ । ਸ਼ੋਸ਼ਣ ਵਿਚ ਅਨਿਆਂ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੁੰਦਾ ਹੈ। ਜਦੋਂ ਇਹ ਅਨਿਆਂ ਇਕ ਖਾਸ ਹੱਦ 'ਤੇ ਪਹੁੰਚ ਜਾਂਦਾ ਹੈ ਤਾਂ ਭਾਵਨਾ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਤਬਦੀਲੀ ਆਉਂਦੀ ਹੈ,ਇਸ ਵਿਚੋਂ ਅਸੰਤੁਸ਼ਟਤਾ ਜਨਮ ਲੈਂਦੀ ਹੈ। ਅਸੰਤੁਸ਼ਟ ਵਿਅਕਤੀ ਆਪਣੇ ਵਾਤਾਵਰਣ ਨੂੰ ਜ਼ਿੰਮੇਵਾਰ ਸਮਝਦਾ ਹੈ,ਉਸ ਵਿਰੁੱਧ ਬਗਾਵਤ ਕਰਦਾ ਹੈ। ਕਈ ਵਾਰ ਤਾਂ ਇਹ ਬਗਾਵਤ,ਰੋਸ ਇਕ ਖਾਸ ਯੋਜਨਾਬੱਧ ਤਰੀਕੇ ਨਾਲ ਕਿਸੇ ਵਿਗਿਆਨਕ ਵਿਚਾਰਧਾਰਾ ਦਾ ਆਸਰਾ ਲੈ ਕੇ ਕੀਤੀ ਜਾਂਦੀ ਹੈ ਅਤੇ ਕਈ ਵਾਰ ਇਹ ਕਾਰਵਾਈ ਮੌਕੇ ਦੇ ਗੁੱਸੇ ਨੂੰ ਹੀ ਪ੍ਰਗਟ ਕਰਦੀ ਹੈ,ਕੋਈ ਲੰਬੀ ਯੋਜਨਾ ਨਹੀਂ ਹੁੰਦੀ। ਜੇ ਇਸ ਪ੍ਰਕਾਰਦੀ ਅਸੰਤੁਸ਼ਟਤਾ ਦੇ ਕਾਰਨ ਲੱਭ ਕੇ ਛੇਤੀ ਇਨ੍ਹਾਂ ਦਾ ਹੱਲ ਕਰ ਦਿੱਤਾ ਜਾਵੇ ਤਾਂ ਫਿਰ ਭੜਕਾਹਟ ਖਤਮ ਹੋ ਜਾਂਦੀ ਹੈ ਅਤੇ ਨੌਜਵਾਨ ਵਰਗ ਮੁੱਖ ਧਾਰਾ ਵਿਚ ਸ਼ਾਮਲ ਹੋ ਜਾਂਦਾ ਹੈ । ਜਦੋਂ ਧੱਕੇ ਨਾਲ ਨੌਜਵਾਨਾਂ ਨੂੰ ਸੰਤੁਸ਼ਟ ਕੀਤੇ ਬਿਨਾਂ ਹੀ 'ਮੁੱਖ ਧਾਰਾ'ਵਿਚ ਸ਼ਾਮਲ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਕੁਝ ਸਮੇਂ ਬਾਅਦ ਇਹ ਸਮੱਸਿਆ ਫਿਰ ਉਤਪੰਨ ਹੋ ਜਾਂਦੀ ਹੈ ਅਤੇ ਮੌਜੂਦਾ ਸਿਸਟਮ ਲਈ ਇਕ ਚੈਲਿੰਜ ਬਣ ਜਾਂਦੀ ਹੈ। ਬੱਸ,ਕੁਝ ਇਸ ਪ੍ਰਕਾਰ ਦੀ ਸਮੱਸਿਆ ਹੀ ਅੱਜ ਭਾਰਤੀ ਮਾਹੌਲ ਵਿਚ ਵੇਖੀ ਜਾ ਸਕਦੀ ਹੈ ।

ਇਸ ਤਰ੍ਹਾਂ ਦੇ ਮਾਹੌਲ ਵਿਚ ਭਟਕੀ ਹੋਈ ਨੌਜਵਾਨ ਪੀੜ੍ਹੀ ਨੂੰ ਸਯੋਗ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਜੇ ਤਾਂ ਅਗਵਾਈ ਸੁਲਝੇ ਹੋਏ ਲੀਡਰ ਸਮਾਜ ਦੇ ਹਿਤਾਂ ਨੂੰ ਰੱਖ ਕੇ ਪ੍ਰਦਾਨ ਕਰ ਦਿੰਦੇ ਹਨ ਫਿਰ ਤਾਂ ਇਕ ਅਜਿਹੀ ਲਹਿਰ ਦੀ ਸ਼ੁਰੂਆਤ ਹੋ ਜਾਂਦੀ ਹੈ ਜੋ ਨਿਰਸੁਆਰਥ ਸਰਬ-ਸਾਂਝੀਵਾਲਤਾ ਵਾਲੀ ਪ੍ਰਣਾਲੀ ਦੀ ਸਥਾਪਨਾ ਕਰ ਸਕਦੀ ਹੈ ਪਰ ਜੇ ਅਜਿਹਾ ਨਾ ਹੋ ਸਕੇ ਫਿਰ ਕੁੱਝ ਸੁਆਰਥੀ ਸ਼ਕਤੀਆਂ,ਦੇਸ਼ੀ ਅਤੇ ਵਿਦੇਸ਼ੀ ਇਨ੍ਹਾਂ ਨੂੰ ਕੁਰਾਹੇ ਪਾ ਦਿੰਦੀਆਂ ਹਨ। ਕੁਰਾਹੇ ਪਿ[illegible] ਕੋਈ ਵੀ ਵਿਅਕਤੀ ਚੰਗਾ ਉਦੇਸ਼ ਨਹੀਂ ਪ੍ਰਾਪਤ ਕਰ ਸਕਦਾ। [illegible]ਰਾਹੇ ਪਈ ਲਹਿਰ ਵਿਚ ਸਿੱਧੇ ਤੌਰ 'ਤੇ ਹਿਸਾ ਲੈਣ ਵਾਲੇ ਵਿਅਕਤੀ [illegible]ਂ ਛੇਤੀ ਹੀ ਆਪਣੇ ਜੀਵਨ ਤੋਂ ਹੱਥ ਧੋ ਬੈਠਦੇ ਹਨ । ਲਹਿਰਾਂ ਫੇਲ੍ਹ ਹੋ ਜਾਂਦੀਆਂ ਹਨ ਪਰ ਉਹ ਦੂਰ ਦੇ ਸੁਆਰਥੀ ਅਗਵਾਈਕਾਰ ਆਪਣੇ ਕੁੱਝ ਹਿਤਾਂ ਦੀ ਰਖਵਾਲੀ ਕਰ ਜਾਂਦੇ ਹਨ। ਜੇ ਇਹ ਕਹਿ ਲਿਆ ਜਾਵੇ ਕਿ ਨੌਜਵਾਨ ਵਰਗ 'ਮੁੱਖ ਧਾਰਾ'ਵਿਚ ਸ਼ਾਮਲ ਹੋ ਕੇ ਦੇਸ਼ ਅਤੇ ਸਮਾਜ ਦੇ ਹਿਤਾਂ ਦੀ ਵੱਧ ਰਖਵਾਲੀ ਕਰ ਸਕਦਾ ਹੈ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਪਰ ਸ਼ਰਤ ਇਹ ਹੈ ਕਿ 'ਮੁੱਖ ਧਾਰਾ'ਦਾ ਸਹੀ ਅਰਥ ਉਸਨੂੰ ਜ਼ਰੂਰ ਸਮਝ ਲੈਣਾ ਚਾਹੀਦਾ ਹੈ ।

## ਅੰਦਾਜ਼ਾ

ਮੁੱਖ ਧਾਰਾ ਦੀ ਕੋਈ ਵਿਸ਼ੇਸ਼ ਪ੍ਰੀਭਾਸ਼ਾ ਤਾਂ ਉਪਲਭਧ ਨਹੀਂ ਪਰ ਆਮ ਸੂਝ ਵਾਲਾ ਵਿਅਕਤੀ ਇਸਤੋਂ ਇਹ ਅੰਦਾਜ਼ਾ ਜ਼ਰੂਰ ਲਾ ਸਕਦਾ ਹੈ ਕਿ ਵਿਅਕਤੀ ਨੂੰ"ਸਮੁੱਚੇ ਦੇਸ਼ ਦੀ ਧਾਰਾ",ਲਹਿਰ ਵਿਚ ਸ਼ਾਮਲ ਹੋ ਕੇ ਰਾਸ਼ਟਰਵਾਦੀ ਬਣ ਕੇ ਸਭ ਵਿਅਕਤੀਆਂ ਦੇ ਸਾਂਝੇ ਲਾਭ ਲਈ ਕੰਮ ਕਰਨਾ ਚਾਹੀਦਾ ਹੈ ।"ਇਸ ਲਈ 'ਮੁੱਖ ਧਾਰਾ'ਦਾ ਇਕ ਮੁੱਖ ਸਿਧਾਂਤ 'ਰਾਸ਼ਟਰਵਾਦੀ'ਹੋਣਾ ਵੀ ਹੈ ਅਤੇ ਰਾਸ਼ਟਰਵਾਦੀ ਹੋਣ ਤੋਂ ਅਰਥ ਇਹ ਹੈ ਕਿ ਕਿਸੇ ਵਿਅਕਤੀ ਨੂੰ ਆਪਣੇ,ਇਲਾਕੇ ਜਾਂ ਪ੍ਰਾਂਤ ਦਾ,ਆਪਣੇ ਜਾਤ,ਧਰਮ,ਰੰਗ ਜਾਂ ਨਸਲ ਦੇ ਹਿਤ ਨਾਲੋਂ ਸਮੁੱਚੇ ਰਾਸ਼ਟਰ ਦੇ ਹਿਤ ਨੂੰ ਪਹਿਲ ਦੇਣੀ ਚਾਹੀਦੀ ਹੈ । ਰਾਸ਼ਟਰਵਾਦੀ ਵਿਅਕਤੀ ਕਦੇ ਵੀ ਲਾਲਚੀ ਨਹੀਂ ਹੋ ਸਕਦਾ। ਅਹੁਦੇ ਜਾਂ ਕੁਰਸੀ ਦਾ ਭੁੱਖਾ ਨਹੀਂ ਹੋ ਸਕਦਾ। ਕਿਸੇ ਨਾਲ ਧੱਕਾ ਨਹੀਂ ਕਰ ਸਕਦਾ। ਸਭ ਨੂੰ ਬਰਾਬਰ ਵੇਖਣਾ ਚਾਹੇਗਾ ਅਤੇ ਇਕ ਅਜਿਹੇ ਸਮਾਜ ਦੀ ਉਸਾਰੀ ਕਰਨਾ ਚਾਹੇਗਾ ਜਿਸ ਵਿਚ ਸਭ ਵਿਅਕਤੀ ਪਿਆਰ ਦੀ ਭਾਵਨਾ ਨਾਲ ਸਭ ਦੇ ਸਾਂਝੇ ਭਲੇ ਲਈ ਜਿਉਣ। ਉਨ੍ਹਾਂ ਵਿਚ ਵਿਅਕਤੀਵਾਦੀ ਨਹੀਂ ਸਗੋਂ ਸਮੁੱਚੇ ਸਮਾਜ ਦੇ ਲੋਕਾਂ ਲਈ ਸਮਾਜਵਾਦੀ ਰੁਚੀ ਹੋਵੇ ।

## ਪ੍ਰਣਾਲੀ

ਪਰ ਅਸੀਂ ਕੀ ਵੇਖਦੇ ਹਾਂ ? ਸਾਡੇ ਮੌਕੇ ਦੇ ਰਾਜਨੀਤਕ ਲੀਡਰ ਮੁੱਖ ਧਾਰਾ ਦਾ ਅਰਥ ਕੁੱਝ ਇਸ ਤਰ੍ਹਾਂ ਲੈਂਦੇ ਹਨ ਕਿ ਵਿਦਿਆਰਥੀਆਂ ਨੂੰ ਚੱਲ ਰਹੀ ਪ੍ਰਣਾਲੀ ਵਿਚ ਆਪਣਾ ਸਿਰ ਲਕੋ ਲੈਣਾ ਚਾਹੀਦਾ ਹੈ । ਸਰਕਾਰ ਨੂੰ ਕੰਮ-ਕਾਜ ਕਰਨ ਵਿਚ ਸਹਿਯੋਗ ਦੇਣਾ ਚਾਹੀਦਾ ਹੈ। ਇਸ ਵਿਅਕਤੀਵਾਦੀ,ਸੁਆਰਥੀ ਸਮਾਜ ਦੇ ਅੰਗ ਬਣ ਜਾਣਾ ਚਾਹੀਦਾ ਹੈ ਜਿਸ ਵਿਚ ਕਿ ਰਾਸ਼ਟਰਵਾਦੀ ਭਾਵਨਾ ਦੀ ਉਨੀ ਜ਼ਰੂਰਤ ਨਹੀਂ ਜਿੰਨੀ ਕਿ ਇਸ ਦੇ ਪ੍ਰਚਾਰ ਦੀ ਜ਼ਰੂਰਤ ਹੈ। ਇਸ ਪ੍ਰਣਾਲੀ ਦੀ ਹਾਕਮ ਲਾਈਨ ਜਦੋਂ ਆਪ ਖੁਦ ਹੀ ਮੁਖ ਧਾਰਾ ਵਿਚ ਸ਼ਾਮਲ ਨਾ ਹੋਵੇ,ਮੁਖ ਧਾਰਾ ਦਾ ਸਹੀ ਅਰਥ ਸਮਝਦੀ ਹੋਈ ਵੀ ਇਸਦੇ ਹੋਰ ਅਰਥ ਕੱਢੀ ਜਾਵੇ ਤਾਂ ਨੌਜਵਾਨਾਂ ਉਪਰ ਇਨ੍ਹਾਂ ਦੀਆਂ ਅਪੀਲਾਂ ਦਾ ਅਸਰ ਕੀ ਹੋ ਸਕਦਾ ਹੈ? ਉਹ ਤਾਂ ਸਮਝਦੇ ਹਨ ਕਿ 'ਮੁੱਖ ਧਾਰਾ''ਚ ਸ਼ਾਮਲ ਹੋਣ ਤੋਂ ਅਰਥ ਇਹੀ ਹੈ ਕਿ "ਚਲ ਰਹੀ ਪ੍ਰਣਾਲੀ ਦੀ ਗਤੀ ਵਿਚ ਸ਼ਾਮਲ "ਹੋ ਜਾਵੋ ਪਰ ਹੁਣ ਇਸਦੇ ਅਰਥਾਂ ਨੂੰ ਸੌੜੇ ਕਰਨ ਦੀ ਜ਼ਰੂਰਤ ਹੈ ।

ਹੁਣ ਇਹ ਵੇਖਣਾ ਵੀ ਬਣਦਾ ਹੈ ਕਿ ਜਦੋਂ ਮੁੱਖ ਧਾਰਾ ਨੂੰ ਅਸਲੀ ਰਾਸ਼ਟਰਵਾਦੀ ਦੀ ਭਾਵਨਾ ਨਾਲ ਜੋੜ ਦਿੱਤਾ ਜਾਵੇ ਤਾਂ ਸਾਨੂੰ ਸਾਡੀ ਪ੍ਰਣਾਲੀ ਵਿਚ ਕੁਝ ਕਮੀਆਂ ਮਹਿਸੂਸ ਹੋ ਰਹੀਆਂ ਹਨ ਜਿਸ ਕਾਰਨ ਸਾਰਾ ਮਾਹੌਲ ਗੰਧਲਾ ਹੋਇਆ ਹੈ । ਜਿਸ ਕਾਰਨ ਇੰਨਾ ਪ੍ਰਚਾਰ ਕਰਨ ਦੇ ਬਾਵਜੂਦ ਵਿਅਕਤੀਆਂ ਦੇ ਮਨਾਂ ਵਿਚੋਂ 'ਰਾਸ਼ਟਰਵਾਦ'ਦੀ ਭਾਵਨਾ ਖੰਭ ਲਾ ਕੇ ਉਡ ਗਈ ਹੈ। ਬਹੁਗਿਣਤੀ ਅੱਜ ਮੁੱਖ ਧਾਰਾ 'ਚੋਂ ਟੁੱਟ ਰਹੀ ਹੈ। ਆਜ਼ਾਦੀ ਤੋਂ ਲੈ ਕੇ ਹੁਣ ਤਕ ਭਾਰਤ ਨੇ ਜੋ ਆਰਥਿਕ ਅਤੇ ਸਮਾਜਕ ਨੀਤੀਆਂ ਐਲਾਨੀਆਂ ਅਤੇ ਜਿਸ ਤਰ੍ਹਾਂ ਉਨ੍ਹਾਂ ਨੂੰ ਲਾਗੂ ਕੀਤਾ ਇਸ ਵਿਚੋਂ ਇਕ ਅਜਿਹਾ ਸਮਾਜ ਉਤਪੰਨ ਹੋਇਆ ਜਿਸ ਵਿਚ ਸ਼ਕਤੀ ਦੀ ਭੁੱਖ,ਪੈਸੇ ਦੀ ਭੁੱਖ ਅਤੇ ਸ਼ੋਹਰਤ ਦੀ ਭੁੱਖ ਉਤਪੰਨ ਹੋਈਆਂ । ਭਾਰਤੀ ਸਮਾਜ ਵਿਚ ਲੰਬੇ ਸਮੇਂ ਤੱਕ ਜਾਗੀਰਦਾਰੀ ਰੁਚੀਆਂ ਦੀ ਭਰਮਾਰ ਰਹਿਣ ਕਾਰਨ ਅਜਿਹੇ ਵਿਅਕਤੀਆਂ ਨੂੰ ਉਚਾ ਸਮਝਿਆ ਜਾਂਦਾ ਜਿਸ ਪਾਸ 'ਸ਼ਕਤੀ',ਹੈ,ਸਤਾ ਹੈ। ਇਸ ਲਈ ਜੋ ਵਿਅਕਤੀ ਇਕ ਵਾਰ ਰਾਜਨੀਤਕ ਸਤਾ ਪ੍ਰਾਪਤ ਕਰ ਲੈਂਦਾ ਹੈ,ਉਸਨੂੰ ਸਮਾਜ ਵਿਚ ਉਹ ਇੱਜ਼ਤ ਅਤੇ ਸ਼ੋਹਰਤ ਮਿਲਦੀ ਹੈ ਕਿ ਮੁੜ ਕੇ ਉਹ ਕਦੇ ਵੀ ਗੱਦੀ ਨੂੰ ਤਿਆਗਣਾ ਨਹੀਂ ਚਾਹੁੰਦਾ । ਇਸ ਮੰਤਵ ਲਈ ਉਹ ਧਰਮ,ਜਾਤ ਭਾਸ਼ਾ ਅਤੇ ਪੈਸਾ,ਸਭ ਮੁੱਝ ਦੀ ਸਹਾਇਤਾ ਲੈ ਕੇ ਮਾਹੌਲ ਨੂੰ ਪੁਲੀਤ ਕਰਦਾ ਹੈ । ਸਮਾਜ ਦਾ ਸ਼ੋਸ਼ਣ ਕਰਦਾ ਹੈ। ਇਸ ਵਿਚੋਂ ਹੀ ਅਸੰਤੁਸ਼ਟ ਜਵਾਨੀ ਆਪਣਾ ਰਾਹ ਲੱਭਦੀ ਹੈ-ਭਟਕਦੀ ਹੈ । ਰਾਹੇ ਜਾਂ ਕੁਰਾਹੇ ਪੈਂਦੀ ਹੈ ।

ਅੱਜ ਹਰ ਕੋਈ ਵਿਅਕਤੀ ਇਹ ਸਮਝ ਰਿਹਾ ਹੈ ਕਿ ਰਾਜਨੀਤਕ ਠੇਕੇਦਾਰਾਂ ਨੂੰ ਕੁਝ ਆਰਥਿਕ ਮਜ਼ਬੂਤ ਸ਼ਕਤੀਆਂ ਅਤੇ ਅਫਸਰਸ਼ਾਹੀ ਦੀ ਸਿੱਧੀ-ਅਸਿੱਧੀ ਸ਼ਹਿ ਪ੍ਰਾਪਤ ਹੁੰਦੀ ਰਹਿੰਦੀ ਹੈ । ਇਸ ਜਾਲ ਨੂੰ ਤੋੜਨਾ

ਬਾਕੀ ਪੰਨਾ 6 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers)ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ਪੂੰਜੀਵਾਦੀ ਸੰਸਾਰ 'ਚ 1 ਅਰਬ ਤੋਂ ਵੱਧ ਲੋਕ ਬੇਘਰ ਹੋਏ

ਨਵੀਂ ਦਿੱਲੀ:—ਪੂੰਜੀਵਾਦੀ ਸੰਸਾਰ ਦੀ ਵਸੋਂ ਦਾ ਇਕ ਚੌਥਾਈ ਹਿੱਸਾ, 1 ਅਰਬ ਤੋਂ ਵੱਧ ਲੋਕ, ਜਾਂ ਤਾਂ ਬੇਘਰ ਹਨ ਜਾਂ ਬਹੁਤ ਹੀ ਗਰੀਬੜੇ ਜਿਹੇ ਘਰਾਂ ਅਤੇ ਗੈਰ ਸਿਹਤਮੰਦ ਵਾਤਾਵਰਣ ਵਿਚ ਰਹਿੰਦੇ ਹਨ। ਇਹ ਗੱਲ ਵਿਸ਼ਵ ਕਿਰਤ ਸੰਸਥਾ (ਆਈ.ਐਲ.ਓ.) ਦੇ ਇਕ ਤਾਜ਼ਾ ਅਧਿਐਨ ਵਿਚ ਕਹੀ ਗਈ ਹੈ।

ਲਾਤੀਨੀ ਅਮਰੀਕਾ ਵਿਚ 200 ਲੱਖ ਤੋਂ ਵੱਧ ਬੱਚੇ ਅਤੇ ਨੌਜਵਾਨ ਗਲੀਆਂ ਵਿਚ ਰਹਿੰਦੇ ਹਨ। ਬਰਤਾਨੀਆਂ ਵਿਚ ਬੇਘਰਿਆਂ ਦੀ ਗਿਣਤੀ 250,000 ਹੈ ਜਦਕਿ ਅਮਰੀਕਾ ਵਿਚ ਇਹ ਸੰਖਿਆ 25 ਲੱਖ ਤੋਂ ਵੱਧ ਹੈ। ਅਫਰੀਕਾ ਦੀ ਸ਼ਹਿਰੀ ਵਸੋਂ ਦਾ 80 ਫੀਸਦੀ ਹਿੱਸਾ ਸੰਘਣੀ ਵਸੋਂ ਵਾਲੀਆਂ ਗੰਦੀਆਂ ਬਸਤੀਆਂ ਅਤੇ ਫੁੱਟਪਾਥਾਂ ਤੇ ਆਪਣੀ ਜ਼ਿੰਦਗੀ ਬਸਰ ਕਰਦਾ ਹੈ।

ਅਧਿਐਨ ਵਿਚ ਕਿਹਾ ਗਿਆ ਹੈ ਕਿ ਪੂੰਜੀਵਾਦੀ ਦੇਸ਼ਾਂ ਵਿਚ ਬੇਘਰਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਦੂਜੇ ਪਾਸੇ ਉਥੇ ਰਹਿਣ ਸਹਿਣ ਦੀ ਆਮ ਹਾਲਤ ਅਤੇ ਮੁਢਲੀਆਂ ਸੰਸਥਾਵਾਂ ਦੀ ਸਥਿਤੀ ਖਤਰਨਾਕ ਦਰ ਨਾਲ ਨਿਘਰ ਰਹੀ ਹੈ।

ਸੰਯੁਕਤ ਰਾਸ਼ਟਰ ਨੇ ਇਸ ਸਮੱਸਿਆ ਦੇ ਆਕਾਰ ਨੂੰ ਦੇਖਕੇ ਸਾਲ 1987 ਨੂੰ ਬੇਘਰਿਆਂ ਲਈ ਘਰ'ਵਜੋਂ ਅੰਤਰ-ਰਾਸ਼ਟਰੀ ਵਰ੍ਹਾ ਮਨਾਏ ਜਾਣ ਦਾ ਐਲਾਨ ਕੀਤਾ ਹੈ।

ਅਧਿਐਨ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਸਾਲ ਦੌਰਾਨ ਆਈ.ਐਲ.ਓ.ਵਲੋਂ ਸ਼ੁਰੂ ਕੀਤੇ ਗਏ ਪਰੋਗਰਾਮ ਵਿਚ ਬੇਘਰਿਆਂ ਲਈ ਘਰਾਂ ਵਾਸਤੇ ਸਥਾਨਕ ਯਤਨਾਂ ਦੀ ਜ਼ਰੂਰਤ ਤੇ ਜ਼ੋਰ ਦਿਤਾ ਜਾਵੇਗਾ। ਇਸਦੇ ਨਾਲ ਹੀ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਜਿਵੇਂ ਪੀਣ ਦਾ ਪਾਣੀ, ਗੰਦੇ ਪਾਣੀ ਦਾ ਨਿਕਾਸ ਜਨਤਕ ਟਰਾਂਸਪੋਰਟ ਨੂੰ ਉੱਚਾ ਚੁੱਕਣ ਅਤੇ ਸਿਹਤ ਸੇਵਾਵਾਂ ਵਿਚ ਸੁਧਾਰ ਵੱਲ ਵੀ ਵਿਸ਼ੇਸ਼ ਧਿਆਨ ਦਿਤਾ ਜਾਵੇਗਾ।

ਰਿਪੋਰਟ ਅਨੁਸਾਰ ਆਈ.ਐਲ.ਓ. ਘਰਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਉਸਾਰੀ ਦੇ ਸਧਾਰਨ ਤਕਨੀਕ ਅਤੇ ਦੇਸੀ ਇਮਾਰਤੀ ਸਮਾਨ ਦੀ ਵਰਤੋਂ ਬਾਰੇ ਦਸੇਗੀ। ਪੱਕੀਆਂ ਇੱਟਾਂ, ਖਿੜਕੀਆਂ ਅਤੇ ਦਰਵਾਜ਼ਿਆਂ ਦੇ ਛੋਟੇ ਪੈਮਾਨੇ ਤੇ ਉਤਪਾਦਨ ਨੂੰ ਉਤਸ਼ਾਹ ਦਿਤਾ ਜਾਵੇਗਾ।

ਅਧਿਐਨ ਵਿਚ ਕਿਹਾਂ ਗਿਆ ਹੈ ਕਿ ਖੇਤਰੀ ਸਿਖਲਾਈ ਪਰੋਗਰਾਮ ਵੀ ਉਲੀਕੇ ਜਾ ਰਹੇ ਹਨ। ਇਸ ਵਿਚ ਬੰਗਲਾ ਦੇਸ਼ ਵਿਚ ਵਾਟਰ ਪੰਪਾਂ ਦੀ ਦੇਖ ਭਾਲ ਅਤੇ ਉਨ੍ਹਾਂ ਨੂੰ ਚਲਾਉਣ ਬਾਰੇ ਸਿਖਲਾਈ, ਦੱਖਣੀ ਸ਼ਾਂਤ ਮਹਾਂਸਾਗਰੀ ਦੇਸ਼ਾਂ ਅਤੇ ਪਾਕਿਸਤਾਨ ਵਿਚ ਅਨਾਜ ਦੀ ਪੈਦਾਵਾਰ ਤੇ ਉਸਤੋਂ ਉਚ ਵਸਤਾਂ ਤਿਆਰ ਕਰਨ ਦੀ ਸਿਖਲਾਈ ਅਤੇ ਨੇਪਾਲ ਤੇ ਬਰਮਾ ਵਿਚ ਬਾਲਣ ਵਾਲੀ ਲੱਕੜੀ ਦੀ ਤਿਆਰੀ ਦੀ ਸਿਖਲਾਈ ਸ਼ਾਮਲ ਹੈ।

# ਅਸਤੀਫੇ ਦੇ ਗਏ ਅਕਾਲੀ ਬਰਨਾਲਾ ਦਲ ਵਿਚ ਪਰਤਣੇ ਸ਼ੁਰੂ

ਚੰਡੀਗੜ੍ਹ:—ਜਿਉਂ ਜਿਉਂ ਬਰਨਾਲਾ ਦਾ ਸਿੱਖਾਂ ਵਿਚ ਦਬਾ ਵਧ ਰਿਹਾ ਹੈ ਤਿਉਂ ਤਿਉਂ ਕਈ ਅਸਤੀਫੇ ਦੇ ਚੁੱਕੇ ਤੇ ਰੁੱਸੇ ਹੋਏ ਅਕਾਲੀ ਬਰਨਾਲਾ ਦਲ ਵਿਚ ਮੁੜ ਰਹੇ ਹਨ। ਚੰਡੀਗੜ੍ਹ ਅਕਾਲੀ ਦਲ ਦੇ ਲੀਡਰ ਮਿ.ਸਾਹਨੀ ਮੁੜ ਪਏ ਹਨ। ਹੁਕਮਰਾਨ ਅਕਾਲੀ ਦਲ ਨੇ ਸਿੰਘ ਸਾਹਿਬਾਨ ਦੀ 'ਅੰਮ੍ਰਿਤ ਪ੍ਰਚਾਰ ਮੁਹਿੰਮ'ਦੇ ਮੁਕਾਬਲੇ ਤੇ ਆਪਣੇ ਵਲੋਂ ਅੰਮ੍ਰਿਤ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਇਥੇ ਵਰਕਿੰਗ ਕਮੇਟੀ ਅਤੇ ਜ਼ਿਲਾ ਜਥੇਦਾਰਾਂ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਅਪਰੈਲ ਮਹੀਨੇ ਇਸ ਤਰ੍ਹਾਂ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ। ਇਸਦੇ ਨਾਲ ਹੀ ਵਰਕਰਾਂ ਦੇ ਉਹ ਕੈਂਪ ਵੀ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਜਿਨ੍ਹਾਂ ਵਿਚ ਧਰਮ ਅਤੇ ਸਿਆਸਤ ਦੇ ਵਿਸ਼ਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ।

ਯਾਦ ਰਹੇ ਸਿੰਘ ਸਾਹਿਬ ਦੇ ਹੁਕਮ ਤੇ ਸ੍ਰੀ ਜੋਗਿੰਦਰ ਸਿੰਘ ਸਾਹਨੀ ਨੇ ਆਪਣੇ ਸਾਥੀਆਂ ਸਮੇਤ ਆਪਣੀਆਂ ਸੇਵਾਵਾਂ ਅਕਾਲ ਤਖਤ ਦੇ ਲੇਖੇ ਲਾ ਦਿਤੀਆਂ ਸਨ ਜਿਸਦੇ ਸਿੱਟੇ ਵਜੋਂ ਚੰਡੀਗੜ੍ਹ ਅਕਾਲੀ ਦਲ ਭੰਗ ਹੋ ਗਿਆ ਸੀ। ਪਰ ਹੁਣ ਪਤਾ ਲਗਿਆ ਹੈ ਕਿ ਸ੍ਰੀ ਸਾਹਨੀ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਇਹ ਕਦਮ ਕਾਹਲੀ ਵਿਚ ਉਠਾਇਆ ਸੀ। ਉਨ੍ਹਾਂ ਵਲੋਂ ਸ੍ਰੀ ਬਰਨਾਲਾ ਤਕ ਪਹੁੰਚ ਕੀਤੀ ਗਈ ਹੈ ਕਿ ਉਨ੍ਹਾਂ (ਸ੍ਰੀ ਸਾਹਨੀ)ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਹੁਕਮਰਾਨ ਅਕਾਲੀ ਦਲ ਵਿਚ ਵਾਪਸ ਲੈ ਲਿਆ ਜਾਵੇ।

# ਪਾਕਿ ਬੰਬ ਦਾ ਇੰਕਸਾਫ ਅਮਰੀਕੀ ਅਸ਼ੀਰਵਾਦ ਨਾਲ?

ਇਸਲਾਮਾਬਾਦ:—ਪਾਕਿਸਤਾਨ ਦੇ ਵਿਗਿਆਨੀ ਡਾ:ਅਬਦੁਲ ਕਯੂਮ ਖਾਨ ਵਲੋਂ ਭਾਰਤੀ ਪੱਤਰਕਾਰ ਨੂੰ ਦਿਤੀ ਇੰਟਰਵੀਊ ਉਤੇ ਵਿਵਾਦ ਜਾਰੀ ਹੈ ਤੇ ਸਰਕਾਰੀ ਪ੍ਰਚਾਰ ਸਾਧਨ ਅੰਗਰੇਜ਼ੀ ਅਖਬਾਰ 'ਦੀ ਮੁਸਲਿਮ'ਨੂੰ ਬੰਦ ਕਰਨ ਉਤੇ ਜ਼ੋਰ ਪਾ ਰਹੇ ਹਨ।

ਸਰਕਾਰੀ ਅਖਬਾਰ 'ਪਾਕਿਸਤਾਨ ਟਾਇਮਜ਼'ਵਿਚ ਛਪੀ ਇਕ ਡਿਸਪੈਚ ਵਿਚ ਕਿਹਾ ਗਿਆ ਹੈ ਕਿ ਐਡੀਟਰ ਮੁਸ਼ਾਹਿਦ ਹੁਸੈਨ ਨੂੰ ਕੇਵਲ ਬਰਤਰਫ ਕਰਨਾ ਢੁਕਵੀਂ ਸਜ਼ਾ ਨਹੀਂ ਉਸ 'ਤੇ ਦੋਸ਼ ਹੈ ਕਿ ਭਾਰਤੀ ਪੱਤਰਕਾਰ ਦੀ ਡਾ:ਖਾਨ ਨਾਲ ਇੰਟਰਵੀਊ ਦਾ ਪ੍ਰਬੰਧ ਉਸਨੇ ਕੀਤਾ।

ਇਸੇ ਦੌਰਾਨ ਦੋ ਸਰਕਰਦਾ ਅਪੋਜ਼ੀਸਨ ਆਗੂਆਂ ਨੇ ਵਿਵਾਦ ਗ੍ਰਸਤ ਇੰਟਰਵੀਊ ਦੇ ਸੰਬੰਧ ਵਿਚ 'ਦੀ ਮੁਸਲਿਮ'ਦੇ ਐਡੀਟਰ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਪਾਕਿਸਤਾਨ ਸਰਕਾਰ ਦੀ ਕੋਸ਼ਿਸ਼ ਦੀ ਨਿੰਦਾ ਕੀਤੀ ਹੈ।

ਤਹਿਰੀਕ-ਏ-ਇਸਤਕਲਾਲ ਪਾਰਟੀ ਦੇ ਮੁਖੀ ਏਅਰ ਮਾਰਸ਼ਲ (ਰਿਟਾਇਰਡ)ਅਸਗਰ ਖਾਨ ਨੇ ਕਿਹਾ ਹੈ ਕਿ ਡਾ:ਖਾਨ ਪਿਛਲੇ ਕੁਝ ਸਮੇਂ ਤੋਂ ਰਾਜਨੀਤਕ ਨੌਈਅਤ ਵਾਲੇ ਬਿਆਨ ਦਿੰਦੇ ਆ ਰਹੇ ਹਨ, ਕਿਉਂਕਿ ਉਹ ਸਰਕਾਰੀ ਨੌਕਰ ਹਨ ਇਸ ਕਰਕੇ ਪ੍ਰਤੱਖ ਹੈ ਕਿ ਇਨ੍ਹਾਂ ਨੂੰ ਸਰਕਾਰਦੀ ਪ੍ਰਵਾਨਗੀ ਹਾਸਲ ਹੋਵੇਗੀ।

ਉਨ੍ਹਾਂ ਕਿਹਾ ਕਿ ਮੁਸ਼ਾਹਿਦ ਹੁਸੈਨ ਨੂੰ ਡਾ:ਖਾਨ ਵਲੋਂ ਕਹੀਆਂ ਗੱਲਾਂ ਲਈ ਜ਼ੁੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਅਮਰੀਕਾ ਉਤੇ ਪੂਰੀ ਤਰ੍ਹਾਂ ਨਿਰਭਰ ਹੈ ਇਸ ਲਈ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਉਸਨੇ ਅਮਰੀਕਾ ਦੇ ਅਸ਼ੀਰਵਾਦ ਨਾਲ ਹੀ ਇਹ ਡਰਾਮਾ ਕੀਤਾ ਹੋਵੇ

ਆਸ਼ਿਕ, ਸ਼ਾਇਰ ਫ਼ਕੀਰ ਤੇ ਪੰਛੀ ਇਕੋ ਨੇ,
ਅਜ ਨੇ ਏਥੇ, ਕਲ ਨੂੰ ਕਿਸੇ ਹੋਰ ਗਿਰਾਂ.
ਮੋਇਆ ਮਗਰੋਂ ਪੂਜਣ ਉਸ ਨੂੰ ਰਬ ਵਾਂਗੂੰ,
'ਜੀਉਂਦਿਆਂ ਜੀ' ਜੋ ਰੁਲਦੇ ਫਿਰਦੇ ਥਾਂ ਪਰ ਥਾਂ.


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

## ਰੋਕੋ ਸਾੜ੍ਹੀਜ਼ ਹ.ਫਤੇ ਦੇ ਸੱਤੇ ਦਿਨ

# ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

# ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ



ROKKO SAREES

## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

# ਰਾਜੀਵ ਦਾ ਸਿਆਸੀ ਭਵਿੱਖ ਖਤਰੇ 'ਚ

ਭਾਰਤ ਦੇ ਤਿੰਨ ਰਾਜਾਂ 'ਚ ਹੋਈਆਂ ਵਿਧਾਨ ਸਭਾਈ ਚੋਣਾਂ ਦੇ ਨਤੀਜੇ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਸਿਆਸੀ ਭਵਿੱਖ ਬਹੁਤਾ ਸੁਰੱਖਿਅਤ ਨਹੀਂ ਹੈ। ਰਾਜੀਵ ਗਾਂਧੀ ਦੇ ਸਿਆਸਤ 'ਚ ਪ੍ਰਵੇਸ਼ ਕਰਨ ਸਮੇਂ ਇੰਝ ਲਗਦਾ ਸੀ ਕਿ ਸ਼ਾਇਦ ਉਹ ਰਾਜਨੀਤੀ ਦੇ ਚੱਕਰ ਵਿਚ ਫਸਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਹਨ ਇਸ ਸਚਾਈ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਰਾਜਨੀਤੀ ਨੇ ਹੀ ਉਨ੍ਹਾਂ ਨੂੰ ਮਕਬੂਲਤਾ ਦੀ ਚੋਟੀ 'ਤੇ ਪਹੁੰਚਾਇਆ ਸੀ।

ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਲੋਕਾਂ ਨੇ ਰਾਜੀਵ ਗਾਂਧੀ ਨੂੰ ਭਰਵਾਂ ਸਮਰਥਨ ਦਿਤਾ। ਇਨਾ ਸਮਰਥਨ ਕਿ ਭਾਰਤੀ ਚੋਣਾਂ ਦਾ ਇਤਿਹਾਸ ਹੀ ਬਦਲ ਦਿਤਾ ਸੀ। ਰਾਜੀਵ ਗਾਂਧੀ ਨੇ ਭਾਰਤ ਨੂੰ ਨਵੇਂ ਯੁਗ 'ਚ ਪ੍ਰਵੇਸ਼ ਕਰਨ ਦੇ ਵਾਅਦੇ ਕੀਤੇ ਅਤੇ ਅੰਦੋਲਨਾਂ ਦੀ ਮਾਰ ਹੇਠ ਆਏ ਇਲਾਕਿਆਂ 'ਚ ਠੰਡ ਵਰਤਾਉਣ ਲਈ ਸਮਝੌਤਿਆਂ ਦੀ ਕਾਰਵਾਈ ਸ਼ੁਰੂ ਹੋਈ। ਸਮਝੌਤੇ ਹੋਏ ਅਤੇ ਸਮਝੌਤਿਆਂ ਦਾ ਜੋ ਹਸ਼ਰ ਹੋਇਆ ਉਹ ਵੀ ਸਭ ਦੇ ਸਾਹਮਣੇ ਹੈ।

ਆਸਾਮ, ਪੰਜਾਬ ਅਤੇ ਹੋਰ ਰਾਜਾਂ 'ਚ ਰਾਜੀਵ ਨੇ ਸ਼ਾਂਤੀ ਕਰਾਉਣ ਲਈ ਕਦਮ ਚੁੱਕਣ ਦਾ ਭਰੋਸਾ ਦਿਵਾ ਕੇ ਕੁਝ ਨਹੀਂ ਕੀਤਾ। ਪੰਜਾਬ ਸਮਝੌਤੇ ਨੂੰ ਕਮਿਸ਼ਨਾਂ ਦੀ ਭੇਟ ਚੜ੍ਹਾ ਕੇ ਖਤਮ ਕਰ ਦਿਤਾ। ਮਿਸ਼ਰਾ ਕਮਿਸ਼ਨ ਨੂੰ ਨੰਗੀ ਚਿੱਟੀ ਸਚਾਈ ਨੂੰ ਅੱਖੋਂ ਉਹਲੇ ਕਰਕੇ ਕਾਂਗਰਸ ਦੇ ਹੱਕ ਵਿਚ ਫਤਵਾ ਦਿਤਾ। ਬੰਗਲਾ ਦੇਸ਼ 'ਚੋਂ ਆਸਾਮੀ ਸ਼ਰਨਾਰਥੀਆਂ ਦੀ ਵਾਪਸੀ ਦੇ ਵਾਅਦੇ ਅਧੂਰੇ ਰਹਿ ਗਏ। ਪਾਕਿਸਤਾਨ ਨਾਲ ਸੰਬੰਧ ਸੁਧਾਰਨ ਲਈ ਗੱਲਾਂ ਹੋਈਆਂ ਪਰ ਹੁਣੇ ਹੁਣੇ ਲੜਾਈ ਹੁੰਦੀ ਮਸਾਂ ਟਲੀ। ਸਰਕਾਰ ਨੇ ਅਨੇਕਾਂ ਰਾਜਨੀਤਕ ਅਸਫਲਤਾਵਾਂ ਦਾ ਸਾਹਮਣਾ ਕੀਤਾ। ਵਿਰੋਧੀ ਪਾਰਟੀਆਂ ਨਾਲ ਟਕਰਾਓ ਦੀ ਨੀਤੀ ਤੇਜ਼ ਹੋਈ। ਦੋ ਸਾਲਾਂ 'ਚ 9 ਵਾਰ ਮੰਤਰੀ ਮੰਡਲ 'ਚ ਤਬਦੀਲੀ ਹੋਈ। ਭਾਰਤ ਦੇ ਬਿਦੇਸ਼ ਸਕੱਤਰ ਦਾ ਅਸਤੀਫਾ ਵਾਦ ਵਿਵਾਦ ਦਾ ਕਾਰਨ ਬਣਿਆ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਹਾਲ ਹੀ ਵਿਚ ਰਾਜੀਵ 'ਤੇ ਝੂਠ ਬੋਲਣ ਦਾ ਦੋਸ਼ ਲਾਇਆ ਅਤੇ ਸਭ ਤੋਂ ਵੱਧ ਭੁੱਖ ਮਰੀ ਵੱਲ ਵੱਧ ਰਹੇ ਦੇਸ਼ ਵਾਸੀਆਂ ਲਈ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ ਲਈ ਕੁਝ ਨਹੀਂ ਕੀਤਾ ਗਿਆ। ਕੁਝ ਅਖਬਾਰਾਂ ਨੇ ਤਾਂ ਇਥੋਂ ਤੱਕ ਲਿਖਿਆ ਹੈ ਕਿ ਰਾਜੀਵ ਗਾਂਧੀ ਆਪਣਾ ਉਦੇਸ਼ ਵੀ ਭੁੱਲ ਚੁਕਿਆ ਹੈ। ਸ਼ਾਇਦ ਇਨ੍ਹਾਂ ਸਭ ਕਾਰਨਾਂ ਨੇ ਕੇਰਲ ਅਤੇ ਬੰਗਾਲ 'ਚ ਰਾਜੀਵ ਦੀ ਪਾਰਟੀ ਨੂੰ ਭਾਰੀ ਸੱਟ ਮਾਰੀ ਹੈ। ਯੂ.ਪੀ. ਵਿਧਾਨ ਸਭਾ ਦੀ ਇਕ ਸੀਟ 'ਤੇ ਕਾਂਗਰਸ ਦੀ ਹਾਰ ਵੀ ਰਾਜੀਵ ਲਈ ਅਗਾਮੀ ਚੋਣਾਂ 'ਚ ਖਤਰੇ ਦੀ ਘੰਟੀ ਵਜਾ ਰਹੀ ਹੈ।

ਹਾਲ ਦੀ ਘੜੀ ਰਾਜੀਵ ਦੀ ਲੋਕਪ੍ਰਿਯਤਾ ਮੂਹਰੇ ਪ੍ਰਸ਼ਨ ਚਿੰਨ ਲੱਗ ਗਿਆ ਹੈ। ਤਿੰਨ ਰਾਜਾਂ 'ਚ ਲੱਗਭੱਗ 3 ਕਰੋੜ 80 ਲੱਖ ਵੋਟਰਾਂ ਨੇ ਰਾਜੀਵ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿਤੀਆਂ ਹਨ।

ਰਾਜੀਵ ਗਾਂਧੀ ਦੇ ਸਲਾਹਕਾਰਾਂ ਲਈ ਹੁਣ ਉਹ ਸਮਾਂ ਆ ਗਿਆ ਹੈ ਕਿ ਕੀ ਉਨ੍ਹੀਂ ਹੁਣ ਰਾਜੀਵ ਦੇ ਸਿਆਸੀ ਭਵਿੱਖ ਨੂੰ ਬਚਾਉਣਾ ਹੈ ਜਾਂ ਤਬਾਹ ਕਰਨਾ ਹੈ। ਇਨ੍ਹਾਂ ਚੋਣਾਂ ਤੋਂ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਭਾਰਤੀ ਵੋਟਰ ਹੁਣ ਲਾਰਿਆਂ ਲੱਪਿਆਂ 'ਤੇ ਯਕੀਨ ਨਹੀਂ ਰੱਖਦਾ ਸਗੋਂ ਸਮੱਸਿਆਵਾਂ ਦੇ ਹੱਲ ਲਈ ਅਮਲੀ ਕੰਮਾਂ ਦੀ ਮੰਗ ਕਰਦਾ ਹੈ

ਤਰਤੀਬ : ਗੁਰਮੇਲ

ਪੰਨਾ 4 ਦੀ ਬਾਕੀ

ਕਾਫੀ ਮੁਸ਼ਕਲ ਹੈ ਪਰ ਇਸ ਜਾਲ ਵਿਚ ਫਸੇ ਸਭ ਵਰਗ ਘੁਟਣ ਮਹਿਸੂਸ ਕਰ ਰਹੇ ਹਨ। ਕਈਆਂ ਨੂੰ ਤਾਂ ਇਸ ਘੁਟਣ ਦਾ ਅਹਿਸਾਸ ਹੋ ਗਿਆ ਹੈ। ਕਈਆਂ ਨੂੰ ਹਾਲੀਂ ਵੀ ਇਹ ਚੁਸਤ ਜਾਣਕਾਰ ਇਸ ਧੋਖੇ ਵਿਚ ਰੱਖ ਰਹੇ ਹਨ ਕਿ ਇਸ ਜਾਲ ਵਿਚੋਂ ਤੁਹਾਨੂੰ ਵੀ ਹਿੱਸਾ ਮਿਲੇਗਾ। ਪਰ ਇਕ ਦਿਨ ਇ ਹ ਪਰਦਾ ਜ਼ਰੂਰ ਫਟੇਗਾ। ਉਠ ਰਹੀਆਂ ਲਹਿਰਾਂ ਗਾ ਉਚਿਤ ਸੇਧ ਮਿਲੇਗੀ। ਫੇਰ ਇਕ ਨਵੀਂ ਪ੍ਰਣਾਲੀ ਦੀ ਸਥਾਪਨਾ ਦੀ ਆਸ ਬੱਝ ਜਾਵੇਗੀ।

**ਅਰਥ**

ਜਿੰਨਾ ਚਿਰ ਸਾਡੇ ਲੀਡਰ ਖੁਦ 'ਰਾਸ਼ਟਰਵਾਦ' ਅਤੇ 'ਮੁੱਖ ਧਾਰਾ' ਦਾ ਅਰਥ ਨਹੀਂ ਸਮਝਦੇ, ਖੁਦ ਇਸ ਰਸਤੇ 'ਤੇ ਨਹੀਂ ਚਲਦੇ ਓਨਾ ਚਿਰ ਉਨ੍ਹਾਂ ਦਾ ਕੋਈ ਵੀ ਭਾਸ਼ਣ ਕਾਰਗਰ ਸਿੱਧ ਨਹੀਂ ਹੋ ਸਕਦਾ।

## ਬੰਬ ਫਟਣ ਨਾਲ 6 ਮਰੇ

ਲਾਹੌਰ:—ਪਾਕਿਸਤਾਨ ਦੇ ਸ਼ਹਿਰ ਲਾਹੌਰ ਦੀ ਇਕ ਸਭਾ 'ਚ ਬੰਬ ਫਟਣ ਨਾਲ 6 ਵਿਅਕਤੀ ਮਾਰੇ ਗਏ ਅਤੇ 100 ਤੋਂ ਵੱਧ ਜ਼ਖਮੀ ਹੋ ਗਏ।

ਇਹ ਬੰਬ ਵਿਸਫੋਟ ਉਦੋਂ ਹੋਇਆ ਜਦ ਸਰਕਾਰ ਵਿਰੋਧੀ ਧਾਰਮਿਕ ਸੰਗਠਨ 'ਜਮਾਤੇ ਅਹਿਲੇ ਹਬੀਬ' ਇਕ ਆਮ ਸਭਾ ਕਰ ਰਿਹਾ ਸੀ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਵਿਸਫੋਟ ਲਈ ਕੌਣ ਜ਼ਿੰਮੇਵਾਰ ਹੈ।

## ਲੱਖਪਤੀ ਵੈਲਫੇਅਰ 'ਤੇ

ਐਡਮਿੰਟਨ:—ਅਲਬਰਟਾ ਸਰਕਾਰ ਇਹ ਜਾਣਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਐਡਮਿੰਟਨ ਦੇ ਇਕ ਧਨੀ ਵਪਾਰੀ ਨੂੰ 443 ਡਾਲਰ ਦੀ ਵੈਲਫੇਅਰ ਚੈੱਕ ਕਿਉਂ ਭੇਜੀ ਗਈ? ਇਹ ਚੈੱਕ ਰੋਨਲਡ ਚਰਿੰਨਸਨ ਨਾਂ ਦੇ ਇਸ ਅਮੀਰ ਵਿਅਕਤੀ ਨੂੰ ਪਿਛਲੇ ਮਹੀਨੇ ਪ੍ਰੋਵਿਨਸ ਸੋਸ਼ਲ ਸਰਵਿਸਜ਼ ਮਨਿਸਟਰੀ ਨੇ ਭੇਜੀ ਸੀ।

48 ਸਾਲਾ ਇਸ ਅਮੀਰ ਵਿਅਕਤੀ ਨੇ ਮੰਨਿਆ ਹੈ ਕਿ ਉਸਨੇ ਵੈਲਫੇਅਰ ਲਈ ਇਕ ਸ਼ੁਗਲ ਵਜੋਂ ਅਪਲਾਈ ਕੀਤਾ ਸੀ। ਉਸਦਾ ਕਹਿਣਾ ਹੈ ਕਿ ਉਸਨੇ ਆਪਣੀ ਅਰਜ਼ੀ ਵਿਚ ਆਪਣੀ ਸਾਰੀ ਆਮਦਨੀ ਦਾ ਵੇਰਵਾ ਦਿਤਾ ਸੀ। ਸਾਰੀ ਜਾਇਦਾਦ ਦਾ ਜ਼ਿਕਰ ਵੀ ਕੀਤਾ ਗਿਆ ਸੀ ਜਿਸ ਵਿਚ 6 ਟਰੱਕ ਅਤੇ 6 ਟਰੈਕਟਰ ਵੀ ਸ਼ਾਮਲ ਹਨ। ਚਰਿੰਨਸਨ ਅਨੁਸਾਰ ਜਿੰਨੀ ਅਸਾਨੀ ਨਾਲ ਉਹਦੀ ਅਰਜ਼ੀ 'ਤੇ ਗੌਰ ਕੀਤਾ ਗਿਆ ਅਤੇ ਚੈੱਕ ਭੇਜ ਦਿੱਤੀ ਗਈ ਇਹ ਬਹੁਤ ਸ਼ਰਮਨਾਕ ਗੱਲ ਹੈ।

ਇਸ ਕੇਸ 'ਤੇ ਟਿੱਪਣੀ ਕਰਦੇ ਹੋਏ ਸ਼ੋਸ਼ਲ ਸਰਵਿਸਜ਼ ਮਨਿਸਟਰ ਕੌਨੀ ਔਸਟਰਮੇਨ ਨੇ ਕਿਹਾ ਕਿ ਉਹਦੇ ਖਿਆਲ ਵਿਚ ਇਹ ਕਿਸ .ਵਰਕਰ ਕੋਲੋਂ ਗਲਤੀ ਨਾਲ ਜਾਰੀ ਕਰ ਹੋ ਗਿਆ। ਉਹ ਪੂਰੀ ਜਾਂਚ ਪੜਤਾਲ ਨਾ ਕਰ ਸਕਿਆ। ਮਨਿਸਟਰ ਨੇ ਹੋਰ ਕਿਹਾ ਕਿ ਅਸਲੀ ਗੱਲ ਤਾਂ ਪੂਰੀ ਜਾਂਚ ਤੋਂ ਬਾਅਦ ਹੀ ਕਹੀ ਜਾ ਸਕਦੀ ਹੈ।

ਇਕ ਮੈਗਜ਼ੀਨ ਨੇ ਇਹ ਰਿਪੋਰਟ ਛਾਪੀ ਸੀ ਕਿ ਉਪਰੋਕਤ ਵੈਲਫੇਅਰ ਲਈ ਅਰਜ਼ੀ ਦੇਣ ਵਾਲੇ ਵਿਅਕਤੀ ਨੇ 1986 ਵਿਚ 3 ਲੱਖ ਡਾਲਰ ਬਣਾਏ। ਪਰ ਚਰਿੰਨਸਨ ਦਾ ਕਹਿਣਾ ਹੈ ਕਿ ਅਸਲ ਵਿਚ ਉਸਨੇ 1.5 ਮਿਲੀਅਨ ਡਾਲਰ ਕਮਾਏ ਸਨ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਓ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



MERIDIAN INSURANCE

Life & Accident sickness

LOCATION 1
3268 COAST MERIDIAN RD.,
PORT COQUITLAM, B.C. V3B 3N4
3268 ਕੋਸਟ ਮੈਰੀਡੀਅਨ ਰੋਡ ਪੋਰਟ ਕੁਕਿਟਲਮ
Ph. 941-8544

LOCATION 2
F.W. INSURANCE AGENCIES LTD.
Unit 115-8980 - No. 3 Road, RICHMOND, B.C.
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ) V6Y 2E8
ਸੰਤਬੀਰ ਸਿੰਘ ਮਿਨਹਾਸ
Ph. 272-0700

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248 ICBC, house, tenant, commercial



IATA APPROVED OFFICE

CALL US FIRST

Express Internationl Travel (1986) Ltd. ATAC

ਸਪੈਸ਼ਲ ਸੀਟ ਸੇਲ ਕਿਰਾਏ : 321-8777

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

5787 Victoria Drive, VANCOUVER, B.C. V5P 3W5



AJIT KANG

# ਉੜੀਸਾ 'ਚ ਭੁੱਖ ਕਾਰਨ ਭਿਆਨਕ ਮੌਤਾਂ

ਭਵਾਨੀ ਪਟਨਾ:—ਕਾਲਾਹੰਡੀ ਜ਼ਿਲੇ ਦੇ ਲਾਂਜੀਗੜ੍ਹ ਬਲਾਕ ਵਿਚ ਭੁੱਖ ਕਾਰਣ ਲੋਕ ਪਸ਼ੂਆਂ ਵਾਂਗ ਮਰ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਿਰਫ ਫਰਵਰੀ ਦੇ ਮਹੀਨੇ ਵਿਚ ਹੀ ਇਥੇ 79 ਮੌਤਾਂ ਹੋਈਆਂ ਅਤੇ ਮਾਰਚ ਦੇ ਪਹਿਲੇ ਹਫਤੇ 10 ਹੋਰ ਮੌਤਾਂ ਨਾਲ ਮੌਤਾਂ ਦੀ ਗਿਣਤੀ ਹੋਰ ਵੀ ਵਧ ਗਈ। ਲਾਂਜੀਗੜ੍ਹ ਦੀਆਂ ਮੌਤਾਂ, ਕੰਡੂਲਗੜ੍ਹ ਤੋਂ 18 ਮੌਤਾਂ ਦੀ ਰਿਪੋਰਟ ਤੋਂ ਵੱਖਰੀਆਂ ਹਨ।

ਉਂਞ ਲਾਂਜੀਗੜ੍ਹ ਵਿਚ ਭੁੱਖ ਨਾਲ ਮਰਨ ਵਾਲਿਆਂ ਦੀ ਗਿਣਤੀ ਦੇ ਅੰਕੜੇ ਸਰਕਾਰੀ ਅੰਕੜਿਆਂ ਨਾਲੋਂ ਵੱਧ ਹਨ ਪਰ ਪ੍ਰਸ਼ਾਸ਼ਨ ਇਨ੍ਹਾਂ ਅੰਕੜਿਆਂ ਨੂੰ ਮੰਨਣ ਲਈ ਤਿਆਰ ਨਹੀਂ ਹੈ। ਨਿਵਾਸੀਆਂ ਅਨੁਸਾਰ ਮੌਤਾਂ ਦੀ ਗਿਣਤੀ 115 ਅਤੇ 200 ਦੇ ਵਿਚਕਾਰ ਹੈ।

ਭੁੱਖ ਅਤੇ ਸੰਤੁਲਿਤ ਭੋਜਨ ਦੀ ਜ਼ਬਰਦਸਤ ਘਾਟ ਇਨ੍ਹਾਂ ਮੌਤਾਂ ਦਾ ਮੁਖ ਕਾਰਣ ਹੈ। ਫੇਰ ਵੀ ਇਕ ਛੂਤ ਦੀ ਬਿਮਾਰੀ ਵੀ ਇਨ੍ਹਾਂ ਮੌਤਾਂ ਦਾ ਕਾਰਣ ਹੈ।

ਸੂਬਾਈ ਪ੍ਰਸ਼ਾਸ਼ਨ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਲਾਂਜੀਗੜ੍ਹ ਦੀਆਂ ਮੌਤਾਂ ਦਾ ਸੰਬੰਧ ਛੂਤ ਦੀ ਬਿਮਾਰੀ ਨਾਲ ਹੈ, ਨਾ ਕਿ ਭੁੱਖ ਨਾਲ।

ਕਿਸੇ ਵੀ ਘਰ ਵਿਚ ਰੋਟੀ ਦੀ ਇਕ ਗਰਾਹੀ ਖਾਣ ਨੂੰ ਨਹੀਂ ਹੈ, ਆਪਣੇ ਆਪ ਨੂੰ ਬਚਾਉਣ ਲਈ ਲੋਕਾਂ ਕੋਲ ਕੰਮ ਕਰਨ ਲਈ ਕੋਈ ਕੰਮ ਨਹੀਂ ਹੈ। ਮੰਦੀ ਦੇ ਹਾਲਾਤ ਵਿਚ ਉਹ ਨੇੜੇ ਦੇ ਜੰਗਲਾਂ ਵਿਚੋਂ ਲੱਕੜੀਆਂ ਕੱਟ ਕੇ ਨੇੜਲੇ ਕਸਬਿਆਂ ਵਿਚ ਵੇਚਣ ਲਈ ਜਾਂਦੇ ਹਨ। ਉਨ੍ਹਾਂ ਦੀ ਰੋਜ਼ਾਨਾ ਕਮਾਈ ਸਿਰਫ 3 ਰੁਪਏ ਹੈ।

ਲਾਂਜੀਗੜ੍ਹ ਵਿਚ ਸਭ ਤੋਂ ਪ੍ਰਭਾਵਤ ਪਿੰਡ ਮੁਸ਼ਕਾਪਦਾਰ ਹੈ ਜਿਥੇ 13 ਵਿਅਕਤੀ ਮਾਰੇ ਗਏ ਹਨ 4 ਇਕੋ ਹੀ ਪ੍ਰੀਵਾਰ ਵਿਚੋਂ ਮਰੇ ਹਨ।

ਲਾਂਜੀਗੜ੍ਹ ਤੋਂ ਸਿਰਫ 3 ਕਿਲੋਮੀਟਰ ਦੂਰ ਕੋਰਾ ਕੁਟ ਜ਼ਿਲੇ ਵਿਚ ਪੈਂਦੇ ਅੰਬਾਦੂਲਾ ਅਤੇ ਗੁਨਪੁਰ ਪਿੰਡਾਂ ਵਿਚ ਵੀ ਲੋਕ ਮਰ ਰਹੇ ਹਨ।

ਕਾਂਲਾਹੰਡੀ ਜ਼ਿਲਾ, ਜਿਸਦਾ ਦੌਰਾ ਪ੍ਰਧਾਨ ਮੰਤਰੀ ਨੇ 1985 ਵਿਚ ਕੀਤਾ ਸੀ, ਵਿਚ ਨੌਜਵਾਨ ਭੁੱਖ ਕਾਰਣ ਮਰ ਰਹੇ ਹਨ। ਲਾਂਜੀਗੜ੍ਹ ਵਿਚ ਬਹੁਤ ਮ੍ਰਿਤਕਾਂ ਦੀ ਉਮਰ 14 ਅਤੇ 30 ਸਾਲਾਂ ਦੇ ਵਿਚਕਾਰ ਹੀ ਹੈ।

# ਬੈਂਕਾ ਦੀ ਸੁਰੱਖਿਆ ਸੀ.ਆਰ.ਪੀ. ਕਰੇਗੀ

ਚੰਡੀਗੜ੍ਹ:—ਪੰਜਾਬ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਬੈਂਕ ਡਕੈਤੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਕਈ ਨਵੇਂ ਉਪਰਾਲੇ ਕੀਤੇ ਗਏ ਹਨ। ਬੈਂਕ ਅਧਿਕਾਰੀਆਂ ਨੂੰ ਨਵੇਂ ਕਦਮਾਂ ਉਪਰ ਅਮਲ ਲਈ ਆਦੇਸ਼ ਜਾਰੀ ਕੀਤੇ ਗਏ ਹਨ।

ਵਰਨਣਯੋਗ ਹੈ ਕਿ ਬੈਂਕਾਂ ਦੀ ਸੁਰੱਖਿਆ ਬਾਰੇ ਚੌਕਸੀ ਦੇ ਬਾਵਜੂਦ ਪਿਛਲੇ ਦਿਨਾਂ ਵਿਚ ਬਿਨਾ ਕਿਸੇ ਰੋਕ ਟੋਕ ਦੇ ਬੈਂਕ ਡਕੈਤੀਆਂ ਹੋਈਆਂ ਹਲ ਜਿਨ੍ਹਾਂ ਵਿਚ ਲੁਧਿਆਣਾ ਦੀ ਬਹੁਤ ਵੱਡੀ ਡਕੈਤੀ ਵੀ ਸ਼ਾਮਲ ਹੈ। ਪੰਜਾਬ ਪ੍ਰਸ਼ਾਸ਼ਨ ਇਨ੍ਹਾਂ ਘਟਨਾਵਾਂ ਕਾਰਨ ਪ੍ਰੇਸ਼ਾਨ ਹੈ।

ਸਰਕਾਰੀ ਸੂਤਰਾਂ ਅਨੁਸਾਰ ਲੋਕਾਂ ਦੀ ਸੁਰੱਖਿਆ ਲਈ ਜਿਹੜੇ ਕਈ ਅਹਿਮ ਫੈਸਲੇ ਲਏ ਗਏ ਹਨ ਉਨ੍ਹਾਂ ਵਿਚ ਮੁੱਖ ਬੈਂਕਾਂ ਦੀ ਸੁਰੱਖਿਆ ਦਾ ਕੰਮ ਨੀਮ ਫੌਜੀ ਦਸਤਿਆਂ ਦੇ ਹਵਾਲੇ ਕਰਨਾ ਹੈ। ਬੈਂਕਾਂ ਵਿਚ ਪਹਿਲਾਂ ਇਕੋ ਮੌਕੇ ਉਤੇ ਇਕ ਸੰਤਰੀ ਤਾਇਨਾਤ ਹੁੰਦਾ ਸੀ ਪ੍ਰਤੂੰ ਹੁਣ ਇਕੋ ਸਮੇਂ ਦੋ ਸੰਤਰੀ ਤਾਇਨਾਤ ਹੋਣਗੇ। ਆਮ ਤੌਰ 'ਤੇ ਇਕ ਬੈਂਕ ਨੂੰ ਚਾਰ ਸੰਤਰੀ ਦਿੱਤੇ ਜਾਂਦੇ ਹਨ ਜਿਨ੍ਹਾਂ ਵਿਚੋਂ ਇਕੋ ਸਮੇਂ ਇੱਕ ਹੀ ਡਿਊਟੀ ਦਿੰਦਾ ਸੀ। ਇਹ ਡਿਊਟੀ 24 ਘੰਟੇ ਲਈ ਹੁੰਦੀ ਹੈ। ਪ੍ਰਤੂੰ ਇਨ੍ਹਾਂ ਵਿਚੋਂ ਕਿਸੇ ਦੇ ਛੁੱਟੀ ਜਾਣ ਜਾਂ ਬਿਮਾਰ ਹੋਣ ਕਾਰਨ ਜਵਾਨਾਂ ਦੀ ਗਿਣਤੀ ਘੱਟ ਹੀ ਰਹਿੰਦੀ ਸੀ। ਜਵਾਨਾਂ ਦੀ ਘੱਟੋ ਘੱਟ ਗਿਣਤੀ ਨੂੰ ਯਕੀਨੀ ਬਣਾਇਆ ਗਿਆ ਹੈ।

ਨਵੇਂ ਫੈਸਲਿਆਂ ਅਨੁਸਾਰ ਬੈਂਕ ਦੇ ਉਪਰ ਇਕ ਚੈਕ ਪੋਸਟ ਹੋਵੇਗੀ। ਇਹ ਚੈਕ ਪੋਸਟ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋਵੇਗੀ ਬੈਂਕ ਡਾਕੇ ਸਮੇਂ ਹਮਾਲਾਵਰ ਸੌਖੀ ਤਰ੍ਹਾਂ ਉਥੇ ਪਹੁੰਚ ਨਹੀਂ ਸਕਣਗੇ। ਸੁਰੱਖਿਆ ਮਾਹਿਰ ਇਹ ਵੀ ਸਮਝਦੇ ਹਨ ਕਿ ਬੈਂਕ ਦੇ ਗੇਟ ਉਤੇ ਸੰਤਰੀ ਦਾ ਖੜ੍ਹੇ ਹੋਣਾ ਸੁਰੱਖਿਆ ਨੁਕਤੇ ਤੋਂ ਬਿਲਕੁਲ 'ਬੇਤੁਕਾ' ਹੈ। ਉਸ ਥਾਂ ਉਤੇ ਉਸਨੂੰ ਹਮਲਾਵਰ ਅਰਾਮ ਨਾਲ ਹੀ ਦਬੋਚ ਲੈਂਦੇ ਹਨ। ਉਸਨੂੰ ਗੇਟ ਤੋਂ ਕੁਝ ਮੀਟਰ ਵਿੱਥ ਉਤੇ ਖੜ੍ਹੇ ਹੋਣਾ ਚਾਹੀਦਾ ਹੈ ਜਿਥੇ ਕਿ ਉਹ ਪਾਸੇ ਖੜ੍ਹਾ ਹੋ ਕੇ ਆਉਣ ਜਾਣ ਵਾਲਿਆਂ ਉਤੇ ਪੂਰੀ ਨਜ਼ਰ ਰੱਖ ਸਕੇ। ਉਸ ਉਪਰ ਹਮਲਾ ਹੋਵੇ ਤਾਂ ਉਤਨੇ ਸਮੇਂ ਵਿਚ ਬੈਂਕ ਮੁਲਾਜ਼ਮ ਬੈਂਕ ਦਾ ਸ਼ਟਰ ਸੁੱਟ ਸਕਦੇ ਹਨ।

ਸੁਰੱਖਿਆ ਮਾਹਿਰਾਂ ਨੇ ਇਹ ਵੀ ਸੁਝਾਅ ਦਿਤਾ ਹੈ ਕਿ ਬੈਂਕ ਦੀ ਸੇਫ ਦਾ ਸੰਬੰਧ ਦੂਜੇ ਬੈਂਕ ਨਾਲ ਜੁੜਿਆ ਹੋਵੇ। ਤਕਨੀਕੀ ਤੌਰ 'ਤੇ ਅਜਿਹਾ ਪ੍ਰਬੰਧ ਕੀਤਾ ਜਾਵੇਗਾ ਕਿ ਜਦੋਂ ਸੇਫ ਵਿਚ ਚਾਬੀ ਪਾਈ ਜਾਵੇਗੀ ਤਾਂ ਉਸ ਨਾਲ ਦੂਜੇ ਬੈਂਕ ਦੇ ਮੈਨੇਜਰ ਦੇ ਕਮਰੇ ਵਿਚ ਘੰਟੀ ਵਜਣੀ ਸ਼ੁਰੂ ਹੋ ਜਾਵੇਗੀ। ਘੰਟਂ ਵਜਦਿਆਂ ਹੀ ਉਹ ਸਬੰਧਤ ਬੈਂਕ ਤੋਂ ਫੋਨ ਰਾਹੀਂ ਮਾਮਲੇ ਬਾਰੇ ਜਾਣਕਾਰੀ ਮੰਗੇਗਾ। ਸ਼ੱਕ ਪੈਣ ਉਤੇ ਫੌਰੀ ਪੁਲੀਸ ਨੂੰ ਦੱਸਿਆ ਜਾਵੇਗਾ। ਕੁਝ ਸਮੇਂ ਬਾਅਦ ਬੈਂਕਾਂ ਦਾ ਆਪਸੀ ਤਾਲਮੇਲ ਬਣਲਦਾ ਰਿਹਾ ਕਰੇਗਾ।

ਪੇਂਡੂ ਖੇਤਰਾਂ ਵਿਚ ਬੈਂਕਾਂ ਦੀ ਸਭ ਤੋਂ ਵਧੇਰੇ ਅਸੁਰੱਖਿਆ ਹੈ। ਫੌਰੀ ਤੌਰ 'ਤੇ ਪੁਲੀਸ ਮੱਦਦ ਪਹੁੰਚਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਨ੍ਹਾਂ ਬੈਂਕਾਂ ਵਿਚ ਗਾਹਕ ਦੇ ਭੁਗਤਾਨ ਲਈ ਇਕ ਹੀ ਖਿੜਕੀ ਖੋਲ੍ਹਣ ਦਾ ਪ੍ਰਸਤਾਵ ਹੈ। ਕਿਸੇ ਕਾਰੋਬਾਰ ਲਈ ਮੁਲਾਜ਼ਮ ਤੋਂ ਇਲਾਵਾ ਬਾਹਰਲਾ ਵਿਅਕਤੀ ਅੰਦਰ ਨਹੀਂ ਜਾ ਸਕੇਗਾ।

# ਚੋਣਾਂ ਸਮੇਂ ਹਿੰਸਕ ਝੜਪਾਂ

ਨਵੀਂ ਦਿੱਲੀ:—ਭਾਰਤ ਦੇ ਤਿੰਨ ਰਾਜਾਂ 'ਚ 23 ਮਾਰਚ ਨੂੰ ਹੋਈਆਂ ਚੋਣਾਂ ਸਮੇਂ ਹਿੰਸਕ ਘਟਨਾਵਾਂ ਵਾਪਰਨ ਦੀਆਂ ਖਬਰਾ ਮਿਲੀਆਂ ਹਨ।

ਕੇਰਲ 'ਚ ਚੋਣਾਂ ਸਮੇਂ ਹਿੰਸਕ ਝੜਪਾਂ ਹੋਣ 'ਤੇ 8 ਵਿਅਕਤੀ ਮਾਰੇ ਗਏ ਅਤੇ 300 ਤੋਂ ਵੱਧ ਜ਼ਖਮੀ ਹੋ ਗਏ। ਪੱਛਮੀ ਬੰਗਾਲ 'ਚ ਵੀ ਕਾਂਗਰਸੀ ਵਰਕਰਾਂ ਨੇ ਹੁਲੜਬਾਜ਼ੀ ਕੀਤੀ। ਪੁਲੀਸ ਨੇ ਪਾਰਟੀ ਦੇ ਲੱਗਭੱਗ 600 ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ।

ਜੰਮੂ ਕਸ਼ਮੀਰ 'ਚ ਵੀ ਹਿੰਸਕ ਝੜਪਾਂ ਹੋਣ ਦੀਆਂ ਖਬਰਾਂ ਮਿਲੀਆਂ ਹਨ।





Makanji
JEWELLERS LTD.

I.S.M.M.

## Largest 22Kt Gold Jewellery

Manufacturers and Retailers

In North America

Vancouver ■ Tornoto

## Custom Made 22 Kt Gold Jewellery

6644 Main St., Vancouver, B.C. V5X 3H3

(604) 324-7646

Tornoto (416) 469-0505

Free 1-800-663-MASA (B.C. & Alberta)

Vancouver Gold Line (604) 324-6696

1448 Gerrard St., East, Toronto, Ontario, CANADA M4L 1Z8

# ਨਿਘਰ ਰਿਹਾ ਭਾਰਤੀ ਰੁਪਈਆ

ਨਵੀਂ ਦਿੱਲੀ:—ਇਸ ਦਹਾਕੇ ਦੇ ਪਹਿਲੇ ਅੱਧ ਵਿਚ ਭਾਰਤੀ ਰੁਪਈਆ ਨਾ ਕੇਵਲ ਮੁਖੀ ਸਨਅਤੀ ਦੇਸ਼ਾਂ ਦੇ ਸਿੱਕਿਆਂ ਦੇ ਟਾਕਰੇ ਸਗੋਂ ਆਪਣੇ ਕੁਝ ਏਸ਼ੀਆਈ ਗੁਆਂਢੀਆਂ ਦੇ ਸਿੱਕਿਆਂ ਦੇ ਟਾਕਰੇ ਵੀ ਬਹੁਤ ਨਿਘਰਿਆ ਹੈ।

ਰੀਜ਼ਰਵ ਬੈਂਕ ਆਫ ਇੰਡੀਆ ਵਲੋਂ ਬਦੇਸ਼ ਵਟਾਂਦਰਾ ਕਰਨ ਬਾਰੇ ਦਿਤੇ ਗਏ ਅੰਕੜਿਆਂ ਅਨੁਸਾਰ ਫਰਵਰੀ 1980 ਤੋਂ ਇਸ ਸਾਲ ਜਨਵਰੀ ਤੱਕ ਭਾਰਤੀ ਰੁਪਈਆ ਜਾਪਾਨ ਦੇ ਯੈਨ ਦੇ ਟਾਕਰੇ 62.3 ਫੀਸਦੀ ਡਿੱਗਾ,ਫਰਵਰੀ 1980 ਵਿਚ 3.21 ਪੈਸਿਆਂ ਨਾਲ ਇਕ ਯੈਨ ਖਰੀਦਿਆ ਜਾ ਸਕਦਾ ਸੀ ਪਰ ਇਸ ਸਾਲ ਜਨਵਰੀ ਵਿਚ ਯੈਨ ਦੀ ਵਟਾਂਦਰਾ ਦਰ 8.21 ਪੈਸੇ ਹੋ ਗਈ।

ਇਸੇ ਸਮੇਂ ਵਿਚ ਈਰਾਨ ਦੇ ਸਿੱਕੇ ਦੇ ਟਾਕਰੇ ਵਿਚ ਵੀ ਭਾਰਤੀ ਰੁਪਈਆ 37 ਫੀਸਦੀ ਸਸਤਾ ਹੋ ਗਿਆ। ਮਈ 1980 ਵਿਚ 100 ਰੁਪਏ ਦੇ ਬਦਲੇ 934.61 ਈਰਾਨੀ ਰਿਆਲ ਖਰੀਦੇ ਜਾ ਸਕਦੇ ਸਨ ਪਰ ਪਿਛਲੇ ਸਾਲ ਨਵੰਬਰ 'ਚ 100 ਰੁਪਈਆਂ ਬਦਲੇ ਕੇਵਲ 583.615 ਰਿਆਲ ਹੀ ਖਰੀਦੇ ਜਾ ਸਕਦੇ ਸਨ।

ਪੌਂਡ,ਜਿਹੜਾ ਭਾਰਤੀ ਕੌਮਾਂਤਰੀ ਲੈਣ ਦੇਣ ਦਾ ਮੁੱਖ ਸਿੱਕਾ ਹੈ,ਵੀ ਰੁਪਏ ਦੇ ਮੁਕਾਬਲੇ 'ਤੇ 40 ਫੀਸਦੀ ਤੋਂ ਵੱਧ ਮਹਿੰਗਾ ਹੋ ਗਿਆ ਹੈ। ਫਰਵਰੀ 1985 ਵਿਚ ਪੌਂਡ ਦੀ ਕੀਮਤ 14 ਰੁਪਏ 15 ਪੈਸੇ ਸੀ ਜਦ ਕਿ ਇਸ ਸਾਲ ਫਰਵਰੀ ਵਿਚ ਇਹ 20 ਰੁਪਏ ਹੋ ਗਈ।

ਅਮਰੀਕੀ ਡਾਲਰ ਦੇ ਟਾਕਰੇ ਅਕਤੂਬਰ 1980 ਤੇ ਫਰਵਰੀ 1986 ਦੇ ਦਰਮਿਆਨੇ ਅਰਸੇ ਵਿਚ ਰੁਪਈਆ 41 ਫੀਸਦੀ ਨਿਘਰਿਆ ਜਿਥੇ ਅਕਤੂਬਰ 1980 ਵਿਚ ਡਾਲਰ ਦਾ ਮੁਲ 7 ਰੁਪਏ 70 ਪੈਸੇ ਸੀ। ਉਥੇ ਇਸ ਸਾਲ 20 ਫਰਵਰੀ ਨੂੰ ਇਸਦਾ ਮੁੱਲ 13.07 ਰੁਪਏ ਹੋ ਗਿਆ ਸੀ।

ਪੱਛਮੀ ਜਰਮਨੀ ਦੇ ਮਾਰਕ ਦੇ ਟਾਕਰੇ ਰੁਪਈਆ 50 ਫੀਸਦੀ ਹੌਲਾ ਹੋ ਗਿਆ। ਜੁਲਾਈ 1981 ਵਿਚ ਮਾਰਕ ਦੀ ਕੀਮਤ 3.63 ਰੁਪਏ ਸੀ ਜਦ ਕਿ ਇਸ ਸਾਲ ਜਨਵਰੀ ਵਿਚ ਇਸਦੀ ਕੀਮਤ 7.27 ਹੋ ਗਈ ਬਰਮੀ ਸਿੱਕੇ ਕਿਆਟਦੇ ਟਾਕਰੇ ਵੀ ਭਾਰਤੀ ਰੁਪਈਆ 37.6 ਫੀਸਦੀ ਨਿਘਰਿਆ। ਮਈ 1981 ਵਿਚ 100 ਰੁਪਏ ਨਾਲ 86.155 ਬਰਮੀ ਕਿਆਟ ਮਿਲ ਸਕਦੇ ਸਨ ਉਥੇ ਪਿਛਲੇ ਸਾਲ ਨਵੰਬਰ ਵਿਚ 100 ਰੁਪਏ ਦੇ ਵੱਟੇ 53.800 ਕਿਆਟ ਦੇ ਬਰਾਬਰ ਹੋ ਗਏ ਸਨ।

ਇਥੋਂ ਤੱਕ ਕਿ ਸ੍ਰੀ ਲੰਕਾ ਦੇ ਟਾਕਰੇ ਵੀ ਭਾਰਤੀ ਰੁਪਈਆ 9.3 ਫੀਸਦੀ ਸਸਤਾ ਹੋਇਆ ਕੇਵਲ ਪਾਕਿਸਤਾਨੀ ਰੁਪਈਆ ਹੀ ਇਕੋ ਇਕ ਸਿੱਕਾ ਹੈ ਜਿਸਦੇ ਮੁਕਾਬਲੇ ਭਾਰਤੀ ਰੁਪਏ ਦਾ ਮੁੱਲ ਸਭ ਤੋਂ ਘੱਟ ਡਿੱਗਾ। ਇਹ ਸਤੰਬਰ 1985 ਤੇ ਨਵੰਬਰ 1986 ਦੇ ਵਿਚਕਾਰ 2.2 ਫੀਸਦੀ ਸਸਤਾ ਹੋਇਆ।

# ਸਿਆਸੀ ਘਰੂਟ—

## ਘਰੂਟਾਂ ਵਾਲੇ ਦੀ ਕਲਮ ਤੋਂ

- ਹੋਰ ਪੁਲਸ ਮੰਗੀ

— ਅੱਛਾ,ਅੱਜ ਕੱਲ੍ਹ ਏਨਾ ਖਤਰਾ ਪੈਦਾ ਹੋ ਗਿਆ ਹੈ?

- ਰਾਜੀਵ ਵਿਰੁੱਧ ਬੇਵਿਸਾਹੀ ਦਾ ਮਤਾ

— ਕੇਰਲਾ ਤੇ ਪੱਛਮੀ ਬੰਗਾਲ ਨੇ ਪਾਸ ਕਰ ਦਿੱਤਾ!

- ਪਰਵਾਰਾਂ ਨੂੰ ਇਕੱਠੇ ਕਰਨਾ------

— ਪਰ ਤੁਹਾਡਾ ਮਕਸਦ ਤਾਂ ਲੋਕਾਂ ਵਿਚ ਫੁੱਟ ਪਾਕੇ ਆਪਣਾ ਤੋਰੀ ਫੁਲਕਾ ਚਾਲੂ ਰੱਖਣਾ ਹੈ!

- ਹੁਲੜ੍ਹਬਾਜ਼ੀ-----

— ਦਾ ਸਿੱਟ ਤੁਸੀਂ ਦੇਖ ਹੀ ਲਿਆ ਹੈ!

- ਅਮਰਿੰਦਰ ਵਲੋਂ ਸਪਸ਼ਟੀਕਰਨ-----

— ਕਿ ਇਕ ਨਾ ਇਕ ਦਿਨ ਕਾਂਗਰਸ-ਬਾਦਲ ਕੋਲੀਸ਼ਨ ਸਰਕਾਰ ਜ਼ਰੂਰ ਬਣੇਗੀ?

- ਡਾਕੇ,ਲੁੱਟਾਂ ਤੇ ਕਤਲੋਗਾਰਤ

— ਪੰਜਾਬ ਦੇ ਲੋਕ ਕਿੰਨਾ ਕੁ ਚਿਰ ਹੋਰ ਸਹਿਣਗੇ?

- ਸਹੀ ਮੁੱਲ ਨਹੀਂ ਪਿਆ -----

— ਰਾਗੀ ਸਿੰਘ ਜੀ ਤੁਸੀਂ ਜਥੇਦਾਰੀ ਹਥਿਆ ਲਈ ਏਨਾ ਥੋੜ੍ਹਾ ਹੈ!

- ਸਮਾਜੀ ਬਾਈਕਾਟ------

— ਓਹ ਤਾਂ ਲੋਕਾਂ ਨੇ ਬਹੁਤ ਚਿਰ ਦਾ ਕੀਤਾ ਹੋਇਆ ਹੈ!

- ਮਖਮਲੀ ਗੱਦੇ-----

— ਦੀ ਲਾਲਸਾ ਖਟਮਲੀ ਮੰਜੇ ਤੱਕ ਪੁਚਾ ਦਿੱਤੀ ਹੈ!

- ਹੀਰੋ ਬਣਨਾ ਹੈ ਕਿ ਜ਼ੀਰੋ----

— ਕੰਵਲ ਜੀ,ਤੁਹਾਡਾ ਹੀਰੋ ਬਣਨ ਦਾ ਚਾਅ ਹੀ ਤੁਹਾਨੂੰ ਜ਼ੀਰੋ ਬਣਾ ਗਿਆ ਹੈ!

- ਪਾਸਪੋਰਟ ਨਹੀਂ ਮਿਲਦਾ------

— ਵੈਨਕੂਵਰ ਦੇ ਪ੍ਰੈਸ ਵਿਚ ਛਪੇ 25 ਡਾਲਰ 'ਚ ਜੋ ਮਿਲਦੇ ਹਨ!

- ਤੁਸੀਂ ਵਿਉਪਾਰੀ ਹੋ?

— ਨਹੀਂ ਜੀ ਅਸੀਂ ਤਾਂ ਧਰਮ ਦੇ ਵਿਉਪਾਰੀਆਂ ਦੇ ਵਿਰੁੱਧ ਹਾਂ!

- ਇਕ ਲੱਖ ਡਾਲਰ 'ਚ ਧੀ ਵੇਚੀ!

— ਏਥੇ ਤਾਂ ਪਿਆਰਿਓ ਕੁਝ ਲੋਕ ਡਾਲਰਾਂ ਖਾਤਰਾਂ ਜ਼ਮੀਰਾਂ ਵੇਚੀ ਬੈਠੇ ਹਨ—ਧੀ ਵੇਚਣੀ ਤਾਂ ਅਜਿਹੇ ਲੋਕਾਂ ਲਈ ਕੀ ਔਖੀ ਹੈ!

# ਦਸ ਖਰਬ ਡਾਲਰ ਕਿੰਨੇ ਹੁੰਦੇ ਹਨ?

ਨਵੀਂ ਦਿੱਲੀ:—ਦਸ ਖਰਬ ਡਾਲਰ ਕਿੰਨੇ ਹੁੰਦੇ ਹਨ? ਦਸ ਖਰਬ ਦਾ ਮਤਲਬ ਹੈ ਕਿ ਇਕ ਹਜ਼ਾਰ ਅਰਬ ਤੇ ਇਕ ਅਰਬ ਸੌ ਕਰੋੜ ਦਾ ਹੁੰਦਾ ਹੈ। ਇਸ ਲਈ ਦਸ ਖਰਬ 100000 ਕਰੋੜ ਦੇ ਬਰਾਬਰ ਹੁੰਦਾ ਹੈ,ਜੇ ਤੁਸੀਂ ਇਸਨੂੰ 13 ਨਾਲ ਗੁਣਾ ਕਰ ਲਵੋ ਤਾਂ ਤੁਹਾਨੂੰ ਉਤਰ ਰੁਪਏ ਵਿਚ ਮਿਲ ਜਾਵੇਗਾ,ਪਰ ਇਹ ਬੇਮਾਅਨਾ ਹੋਵੇਗਾ।

ਇਸਨੂੰ ਤੁਸੀਂ ਡਾਲਰਾਂ ਵਿਚ ਹੀ ਦੇਖੋ,ਜੇ ਤੁਸੀਂ ਇਨ੍ਹਾਂ ਨੂੰ ਇਕ ਡਾਲਰ ਦੇ ਨੋਟ ਵਿਚ ਗਿਣਨਾ ਸ਼ੁਰੂ ਕਰ ਦੇਵੋ ਤੇ ਇਕ ਨੋਟ ਇਕ ਸੈਕਿੰਡ ਵਿਚ ਗਿਣੋ ਤਾਂ ਤੁਹਾਨੂੰ ਦਸ ਖਰਬ ਡਾਲਰ ਗਿਣਨ ਲਈ 32000 ਸਾਲ ਲੱਗਣਗੇ।

ਪਰ ਦਸ ਖਰਬ ਡਾਲਰ ਕੀ ਹੈ? ਇਹ ਰਕਮ ਕਿਉਂ ਮਹੱਤਵਪੂਰਨ ਹੈ? ਇਹ ਬਿਲਕੁਲ ਸੌਖੀ ਗੱਲ ਹੈ ਕਿਉਂਕਿ ਇੰਨੀ ਰਕਮ ਤੀਜੇ ਸੰਸਾਰ ਦੇ ਦੇਸ਼ਾਂ ਉਤੇ ਕਰਜ਼ਾ ਹੈ,ਤੇ 1986 ਵਿਚ ਇੰਨੀ ਹੀ ਰਕਮ ਸਾਰੇ ਸੰਸਾਰ ਵਿਚ ਹਥਿਆਰਾਂ ਉਤੇ ਖਰਚ ਕੀਤੀ ਗਈ।

ਇਸ ਰਕਮ ਨਾਲ ਤੁਸੀਂ ਅਮਰੀਕਾ ਵਰਗੇ ਦੇਸ਼ ਜਿਥੇ ਕਿ ਕੀਮਤਾਂ ਸਦਾ ਆਕਾਸ਼ ਨੂੰ ਛੂਹ ਰਹੀਆਂ ਹੁੰਦੀਆਂ ਹਨ,ਵਿਚ ਕੈਨਸਾਸ,ਮਿਸੌਰੀ,ਨੇਬਰਾਸਕਾ,ਓਕਲਾਹੋਮਾ ਅਤੇ ਲੋਵਾ ਵਰਗੀਆਂ ਸਟੇਟਾਂ ਦੇ ਹਰੇਕ ਪ੍ਰੀਵਾਰ ਲਈ ਇਕ ਲੱਖ ਡਾਲਰ ਦਾ ਸਜਿਆ ਸੰਵਰਿਆ ਘਰ ਖਰੀਦ ਸਕਦੇ ਹੋ,ਅਮਰੀਕਾ ਦੀਆਂ ਇਨ੍ਹਾਂ ਸਟੇਟਾਂ ਦੀ ਜਨਸੰਖਿਆ ਇਕ ਮੋਟੇ ਅਨੁਮਾਨ ਅਨੁਸਾਰ ਡੇਢ ਕਰੋੜ ਦੇ ਕਰੀਬ ਹੈ। ਤਦ ਤੁਸੀਂ ਇਨ੍ਹਾਂ ਘਰਾਂ ਵਿਚ 10000 ਡਾਲਰ ਦੀ ਕਾਰ ਖੜ੍ਹੀ ਕਰ ਸਕਦੇ ਹੋ। ਤਦ ਵੀ ਇਨ੍ਹਾਂ ਰਾਜਾਂ ਦੇ 250 ਸ਼ਹਿਰਾਂ ਲਈ ਇਕ ਕਰੋੜ ਦੀ ਲਾਗਤ ਵਾਲੇ ਹਸਪਤਾਲ ਤੇ ਇਕ ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਲਾਇਬਰੇਰੀਆਂ ਉਸਾਰਨ ਤੇ 500 ਫਿਰਕਿਆਂ ਲਈ ਇਕ ਕਰੋੜ ਡਾਲਰ ਦੀ ਲਾਗਤ ਨਾਲ ਸਕੂਲਾਂ ਦੀ ਉਸਾਰੀ ਕਰਨ ਵਾਸਤੇ ਬਾਕੀ ਬਚਦੀ ਕਾਫੀ ਰਕਮ ਹੋਵੇਗੀ ਤੇ ਫੇਰ ਵੀ ਇਹ ਬੈਂਕ ਵਿਚ ਜਮ੍ਹਾਂ ਕਰਾਉਣ ਲਈ ਕਾਫੀ ਰਕਮ ਹੋਵੇਗੀ ਜਿਸਦੇ ਇਕੱਲੇ ਵਿਆਜ ਤੋਂ ਨ੍ਹਿਾਂ ਰਾਜਾਂ ਦੇ ਹਰਕੇ ਪ੍ਰੀਵਾਰ ਲਈ ਸਦਾ ਵਾਸਤੇ 5000 ਡਾਲਰ ਬੋਨਸ ਤੇ ਟੀਚਰਾਂ ਤੇ ਨਰਸਾਂ ਦੀ ਤਨਖਾਹ ਦੀ ਅਦਾਇਗੀ ਕੀਤੀ ਜਾ ਸਕੇਗੀ।

# ਪੰਜਾਬੀ ਬੋਲੀ 'ਤੇ ਵਲੈਤ 'ਚ ਕਾਨਫਰੰਸ

ਸਾਊਥਹਾਲ:—ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਹਾਲ (ਯੂ.ਕੇ.)ਵਲੋਂ 23 ਤੇ 24 ਮਈ 1987 ਨੂੰ ਪੱਛਮ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਸਬੰਧ ਵਿਚ ਇਕ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਸਭਾ ਦੇ ਜਨਰਲ ਸਕੱਤਰ ਕੇ.ਸੀ.ਮੋਹਨ. ਨੇ ਇਕ ਪੱਤਰ ਰਾਹੀਂ ਸੂਚਨਾ ਦਿਤੀ ਹੈ ਕਿ ਇਹ ਕਾਨਫਰੰਸ ਸਾਊਥਹਾਲ ਵਿਚ ਹੋਵੇਗੀ। ਦੋ ਰੋਜ਼ਾ ਕਾਨਫਰੰਸ ਵਿਚ ਇੰਗਲੈਂਡ ਤੋਂ ਬਿਨਾਂ ਜਰਮਨੀ,ਸਵੀਡਨ,ਨਾਰਵੇ,ਸਵਿਟਜ਼ਰਲੈਂਡ,ਡੈਨਮਾਰਕ, ਆਇਰਲੈਂਡ,ਅਮਰੀਕਾ ਅਤੇ ਕੈਨੇਡਾ 'ਚ ਵਸਦੇ ਪੰਜਾਬੀ ਲੇਖਕਾਂ ਤੇ ਚਿੰਤਕਾਂ ਨੂੰ ਪੁੱਜਣ ਲਈ ਸੱਦਾ ਪੱਤਰ ਭੇਜੇ ਗਏ ਹਨ। ਅਗਾਂਹਵਧੂ ਲੇਖਕਾਂ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਹੈ।

ਕਾਨਫਰੰਸ 23 ਤੇ 24 ਮਈ ਨੂੰ ਹੋਵੇਗੀ ਅਤੇ ਡੈਲੀਗੇਟਾਂ ਦਾ ਸਵਾਗਤੀ ਸਮਾਰੋਹ 22 ਮਈ ਨੂੰ ਹੋਵੇਗਾ। 24 ਮਈ ਦੀ ਸ਼ਾਮ ਨੂੰ ਯਾਦਗਾਰੀ ਕਵੀ ਦਰਬਾਰ ਹੋਵੇਗਾ ਜਿਸ ਵਿਚ ਮਸ਼ਹੂਰ ਕਵੀ ਭਾਗ ਲੈਣਗੇ।

ਹੇਠ ਲਿਖੇ ਐਡਰੈਸ 'ਤੇ ਲਿਖਿਆ ਜਾਂ ਫੋਨ ਕੀਤਾ ਜਾ ਸਕਦਾ ਹੈ:—

ਕੇ.ਸੀ.ਮੋਹਨ
ਜਨਰਲ ਸਕੱਤਰ
74, ਹੇਮੰਡ ਰੋਡ
ਸਾਊਥਹਾਲ,ਮਿਡਲਸਿਕਸ
ਫੋਨ 01-5740240





**A.M.C. Carpet Ltd.**

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ:

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To **The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address......................................
City............................................
Province.....................................
Postal code.................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership......... | 300 dollars |
| ASIA.......................... | 100 dollars[a year] |
| U.S.A. ....................... | 30 dollars [a year] |
| Europe ...................... | 100 dollars[a year] |
| Africa ....................... | 100 dollars [a year] |

# ਐਨ ਡੀ ਪੀ ਦੀ ਲੋਕ ਪ੍ਰਿਯਤਾ ਹੋਰ ਵਧੀ

ਮਾਂਟਰੀਅਲ:—ਇੱਕ ਨਵੇਂ ਚੋਣ ਸਰਵੇ ਅਨੁਸਾਰ ਫੈਡਰਲ ਐਨ.ਡੀ.ਪੀ. ਦੀ ਲੋਕ ਪ੍ਰਿਯਤਾ ਹੋਰ ਵਧ ਕੇ 34 ਪ੍ਰਤੀਸ਼ਤ ਤੱਕ ਚਲੀ ਗਈ ਹੈ।

ਗੈਲਪ ਪੋਲ ਵਲੋਂ ਮਾਰਚ 11 ਤੋਂ ਲੈ ਕੇ ਮਾਰਚ 14 ਤੱਕ 1047 ਯੋਗ ਵੋਟਰਾਂ 'ਤੇ ਦੇਸ਼ ਭਰ 'ਚ ਕੀਤੇ ਇਸ ਸਰਵੇ ਅਨੁਸਾਰ ਹੁਣ ਐਨ.ਡੀ.ਪੀ. ਲਿਬਰਲ ਪਾਰਟੀ ਤੋਂ ਸਿਰਫ 7 ਪ੍ਰਤੀਸ਼ਤ ਪਿਛੇ ਰਹਿ ਗਈ ਹੈ।

ਇਸ ਸਰਵੇ ਅਨੁਸਾਰ ਟੋਰੀ ਪਾਰਟੀ ਦੀ ਮਕਬੂਲੀਅਤ 24 ਪ੍ਰਤੀਸ਼ਤ ਹੈ। ਇਸੇ ਸਾਲ ਫਰਵਰੀ 'ਚ ਕੀਤੇ ਸਰਵੇ ਤੋਂ ਇਹ 2 ਪ੍ਰਤੀਸ਼ਤ ਜ਼ਿਆਦਾ ਹੈ। ਇਸੇ ਸੰਸਥਾ ਵਲੋਂ ਫਰਵਰੀ 'ਚ ਕੀਤੇ ਸਰਵੇ 'ਚ ਟੋਰੀ ਪਾਰਟੀ ਦੀ ਲੋਕਪ੍ਰਿਯਤਾ 22 ਪ੍ਰਤੀਸ਼ਤ ਸੀ। ਲਿਬਰਲ ਪਾਰਟੀ 44 ਪ੍ਰਤੀਸ਼ਤ ਅਤੇ ਐਨ.ਡੀ.ਪੀ. 32 ਪ੍ਰਤੀਸ਼ਤ ਮਕਬੂਲ ਸੀ।

ਫਰਵਰੀ ਮਹੀਨੇ ਦੇ ਸਰਵੇ ਅਨੁਸਾਰ ਟੋਰੀ ਪਾਰਟੀ ਪਿਛਲੇ 45 ਸਾਲਾਂ 'ਚ ਸਭ ਤੋਂ ਘੱਟ ਲੋਕਪ੍ਰਿਯ ਸਰਕਾਰ ਸਾਬਤ ਹੋਈ। ਟੋਰੀ ਪਾਰਟੀ 1984 'ਚ 50 ਪ੍ਰਤੀਸ਼ਤ ਵੋਟ ਲੈ ਕੇ ਚੋਣ ਜਿੱਤੀ। ਉਸ ਵੇਲੇ ਲਿਬਰਲ ਪਾਰਟੀ ਨੂੰ 28 ਪ੍ਰਤੀਸ਼ਤ ਅਤੇ ਐਨ.ਡੀ.ਪੀ. ਨੂੰ 19 ਪ੍ਰਤੀਸ਼ਤ ਵੋਟ ਮਿਲੀ ਸੀ। ✗

# ਅਮਰੀਕੀ ਮਾਫ ਕਰਨ

ਟੋਕਿਓ:—ਕੋਈ ਵੀ ਬੰਦਾ ਯੋਕੋਸੁਕਾ,ਕਾਵਾਸਕੀ,ਆਤਸੁਗੀ ਅਤੇ ਕਾਨਾਗਾਵਾ ਇਲਾਕੇ ਦੇ ਦੂਸਰੇ ਸ਼ਹਿਰਾਂ ਵਿਚਲੇ ਅਮਰੀਕੀ ਫੌਜੀ ਅੱਡਿਆਂ ਦੇ ਨੇੜੇ ਸਥਿਤ ਸ਼ਰਾਬ ਘਰਾਂ,ਰੈਸਟੋਰੈਂਟਾਂ ਅਤੇ ਇਸ਼ਨਾਨ ਘਰਾਂ ਦੇ ਬੂਹਿਆਂ ਉਤੇ ਲਿਖੀ ਇਹ ਹਿਦਾਇਤ, ਕਿ "ਅਮਰੀਕੀ ਸੇਵਾਕਰਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਤੰਗ ਨਾ ਕਰਨ" ਪੜ੍ਹ ਸਕਦਾ ਹੈ। ਜਾਪਾਨੀ ਲੋਕਾਂ ਵਿਚ ਉਦੋਂ ਭਾਜਨੜ ਪੈ ਗਈ ਜਦੋਂ ਪੈਰਿਸ ਨੇ ਪੈਂਟਾਗਨ ਦੇ ਅੱਡਿਆਂ ਵਿਚ ਫੈਲੀ ਏਡਸ ਦੀ ਬਿਮਾਰੀ ਬਾਰੇ ਅੰਕੜੇ ਪ੍ਰਕਾਸ਼ਤ ਕੀਤੇ। ਪਿਛਲੇ ਕੁਝ ਹਫਤਿਆਂ ਵਿਚ ਹਜ਼ਾਰਾਂ ਲੋਕ ਸਥਾਨਕ ਕਲੀਨਿਕਾਂ ਅਤੇ ਵਿਸ਼ੇਸ਼ੀਕ੍ਰਿਤ ਕੇਂਦਰਾਂ ਵਿਚ ਜਮਘਟਾ ਲਗਾ ਰਹੇ ਹਨ

ਕਾਨਾਗਾਵਾ ਦੇ ਵਸਨੀਕਾਂ ਦੀਆਂ ਚਿੰਤਾਵਾਂ ਬੇਅਰਥ ਨਹੀਂ ਹਨ ਇਸ ਖੇਤਰ ਵਿਚ 19 ਅਮਰੀਕੀ ਫੌਜੀ ਬਣਤਰਾਂ ਹਨ, ਜਿਨ੍ਹਾਂ ਵਿਚੋਂ ਦੂਰ ਪੂਰਬ ਦੇ ਯੋਕੋਸਕਾ ਵਿਚਲਾ ਸਭ ਤੋਂ ਵੱਡਾ ਅਮਰੀਕੀ ਜਲ—ਸੈਨਿਕ ਅੱਡਾ ਅਤੇ ਆਤਸੁਗੀ ਦਾ ਵੱਡਾ ਨੌਸੈਨਿਕ ਹਵਾਬਾਜ਼ੀ ਪਰੀਖਣ ਕੇਂਦਰ ਸ਼ਾਮਲ ਹਨ। ਇਹ ਗੱਲ ਹਾਲ ਹੀ ਵਿਚ ਜਾਣੀ ਗਈ ਹੈ ਕਿ ਏਡਸ ਨੇ ਅੱਧੇ ਰਸਤੇ ਦੇ ਜੰਗੀ ਹਵਾਈ ਜ਼ਹਾਜ਼ ਢੋਊ ਸਮੁੰਦਰੀ ਜ਼ਹਾਜ਼, ਜਿਹੜਾ ਕਿ ਯੋਕੋਸੁਕਾ ਘਾਟ ਉਤੇ ਬਿਨਾਂ ਨਾਗਾ ਰੁਕਦਾ ਹੈ, ਦੇ ਇਕ ਮਲਾਹ ਨੂੰ ਚਪੇਟ ਵਿਚ ਲੈ ਲਿਆ ਸੀ। ਇਸ ਖਤਰਨਾਕ ਕੀਟਾਣੂ ਤੋਂ ਡਰਕੇ ਜਨਤਕ ਸੰਸਥਾਨਾਂ ਦੇ ਕਈ ਮਾਲਕ ਸਮੁੰਦਰ ਪਾਰਲੇ "ਮਹਿਮਾਨਾਂ" ਲਈ ਆਪਣੇ ਬੂਹੇ ਬੰਦ ਕਰ ਦਿੰਦੇ ਹਨ।

# ਫਿਰਕੂ ਪ੍ਰਚਾਰ ਵਾਲੀਆਂ ਕੈਸਟਾਂ ਦੀ ਵਿਕਰੀ ਜ਼ੋਰਾਂ 'ਤੇ

ਨਵੀਂ ਦਿੱਲੀ:—ਦਿੱਲੀ ਦੀਆਂ ਚੌਕਸੀ ਏਜੰਸੀਆਂ ਅਤੇ ਪੁਲੀਸ ਲਈ ਫਿਰਕੂ ਪ੍ਰਚਾਰ ਵਾਲੇ ਸਾਹਿਤ ਨੂੰ ਰੋਕਣਾ ਇਕ ਸਿਰਦਰਦੀ ਬਣੀ ਹੋਈ ਹੈ। ਇਸ ਸਮੇਂ 50 ਪ੍ਰਕਾਸ਼ਕਾਂ ਵਿਰੁਧ ਪ੍ਰਚਾਰ ਦਾ ਸਾਹਿਤ ਪ੍ਰਕਾਸ਼ਨ ਕਰਨ ਦੇ ਮੁਕੱਦਮੇ ਅਦਾਲਤਾਂ ਵਿਚ ਚਲ ਰਹੇ ਹਨ ਪਰ ਹੁਣ ਡਾਕੂਮੈਂਟਰੀ ਵੀਡੀਓ ਫਿਲਮਾਂ ਤੇ ਕੈਸਟਾਂ ਰਾਹੀਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ। ਇਕ ਸਮਾਂ ਸੀ ਜਦੋਂ ਕਿ ਬਾਜ਼ਾਰ ਵਿਚ ਸੰਤ ਭਿੰਡਰਾਂਵਾਲੇ ਦੀਆਂ ਕੈਸਟਾਂ ਤੇ ਵੀਡੀਓ ਫਿਲਮਾਂ ਦੀ ਭਰਮਾਰ ਸੀ। ਜਾਮਾ ਮਸਜਿਦ ਦੇ ਇਮਾਮ ਮੌਲਾਨਾ ਬੁਖਾਰੀ ਦੀਆਂ ਕੈਸਟਾਂ ਦੀ ਵੀ ਬੜੀ ਮੰਗ ਸੀ ਪਰ ਹੁਣ ਕਾਫੀ ਕੁਝ ਬਦਲ ਗਿਆ ਹੈ।

ਇਸ ਸਮੇਂ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ.ਦਰਸ਼ਨ ਸਿੰਘ ਦੀਆਂ ਕੈਸਟਾਂ ਜਿਨ੍ਹਾਂ ਵਿਚ ਉਨ੍ਹਾਂ ਦੇ ਰਾਗ ਤੇ ਤਕਰੀਰਾਂ ਹਨ, ਰਾਜਧਾਨੀ ਵਿਚ ਵੱਖ ਵੱਖ ਥਾਵਾਂ ਤੋਂ ਮਿਲ ਰਹੀਆਂ ਹਨ। ਜਿਨ੍ਹਾਂ ਨੇ ਇਹ ਤਕਰੀਰਾਂ ਸੁਣੀਆਂ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੰਤ ਭਿੰਡਰਾਂਵਾਲੇ ਦੀਆਂ ਤਕਰੀਰਾਂ ਨਾਲੋਂ ਵੀ ਵਧੇਰੇ ਗਰਮ ਹਨ। ਅਬਦੁਲ ਬੁਖਾਰੀ ਦੀ ਥਾਂ ਹੁਣ ਸਈਅਦ ਸ਼ਹਾਬ-ਉ-ਦੀਨ ਨੇ ਲੈ ਲਈ ਹੈ। ਉਸ ਦੀਆਂ ਤਕਰੀਰਾਂ ਦੀਆਂ ਕੈਸਟਾਂ ਵੀ ਆਮ ਵਿਕ ਰਹੀਆਂ ਹਨ। ਇਸਤੋਂ ਬਿਨਾਂ ਵੀ.ਆਈ.ਪੀਜ਼ ਤੇ ਹੋਰ ਪ੍ਰਤਿਸ਼ਠਤ ਲੋਕਾਂ ਦੇ ਡਰਾਈਂਗ ਰੂਮਾਂ ਵਿਚ ਸਵਰਨ ਮੰਦਰ ਵਿਚ ਹੋਏ ਸਰਬੱਤ ਖਾਲਸਾ ਤੋਂ ਪਿਛੋਂ ਵਾਪਰ ਰਹੀਆਂ ਘਟਨਾਵਾਂ ਦੀਆਂ ਵੀਡੀਓ ਫਿਲਮਾਂ ਵੀ ਵਿਖਾਈਆਂ ਜਾ ਰਹੀਆਂ ਹਨ।

ਇਨ੍ਹਾਂ ਫਿਲਮਾਂ ਰਾਹੀਂ ਸੁਰਜੀਤ ਸਿੰਘ ਬਰਨਾਲਾ ਵਿਰੁਧ ਚਲਾਈ ਜਾ ਰਹੀ ਮੁਹਿਮ ਨੂੰ ਠੀਕ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ। ਹਰਿਆਣੇ ਦੇ ਲੀਡਰ ਵੀ ਵੀਡੀਓ ਕੈਸਟਾਂ ਨੂੰ ਵੱਖ ਵੱਖ ਰਾਜਸੀ ਮਨੋਰਥਾਂ ਲਈ ਵਰਤ ਰਹੇ ਹਨ। ਚੌਧਰੀ ਦੇਵੀ ਲਾਲ ਦੇ ਜਲਸਿਆਂ ਤੇ ਵੱਡੀਆਂ ਵੱਡੀਆਂ ਰੈਲੀਆਂ ਦੀਆਂ ਫਿਲਮਾਂ ਤਾਂ ਪ੍ਰਧਾਨ ਮੰਤਰੀ ਦੇ ਸਲਾਹਕਾਰ ਵੀ ਦੇਖ ਰਹੇ ਹਨ।

✗

ਇਸ ਸੰਸਥਾ ਵਲੋਂ ਕੀਤੇ ਜਾ ਰਹੇ ਸਰਵੇ ਤੋਂ ਲੱਗਦਾ ਹੈ ਕਿ ਐਨ.ਡੀ.ਪੀ. ਦੀ ਲੋਕਪ੍ਰਿਯਤਾ ਦਿਨੋ ਦਿਨ ਵਧ ਰਹੀ ਹੈ। ਉਪਰੋਕਤ ਢੰਗ ਦੇ ਸਰਵੇ 4 ਪ੍ਰਤੀਸ਼ਤ ਦੇ ਇਧਰ ਉਧਰ ਨਾਲ ਬਿਲਕੁਲ ਸਹੀ ਸਮਝੇ ਜਾਂਦੇ ਹਨ।

ਪੰਨਾ 2 ਤੋਂ ਦੀ ਬਾਕੀ

ਤਿੰਨੇ ਸੀਨਾਂ ਵਿਚ ਵਾਰਤਾਲਾਪ ਬਹੁਤ ਹੀ ਭਾਵਪੂਰਤ ਸੀ, ਪਹਿਲੇ ਦੋਵਾਂ ਸੀਨਾਂ ਦੀ ਵਾਰਤਾਲਾਪ ਤਿੰਨੇ ਇਸਤਰੀ ਪਾਤਰਾਂ ਦੇ ਭਾਵਾਂ ਅਤੇ ਸੁਭਾਵਾਂ ਦੇ ਅਨੁਕੂਲ ਸੀ। ਜੋ ਉਨ੍ਹਾਂ ਦੇ ਸਭਿਆਚਾਰਕ ਪੱਖਾਂ ਨੂੰ ਉਭਾਰਦਾ ਸੀ। ਰਾਜੂ ਦੇ ਡੈਡੀ ਦਾ ਅੱਖੜਪਨ ਕਿਤਸੇ ਇੱਕ ਵਿਸ਼ੇਸ਼ ਹਾਲਤ ਵਿਚ ਠੀਕ ਹੋ ਸਕਦਾ ਹੈ ਪ੍ਰਤੂੰ ਆਮ ਕਰਕੇ ਹੀ ਇਉਂ ਨਹੀਂ ਹੁੰਦਾ। ਵੈਸੇ ਮਾਪਿਆਂ ਦੀ ਧੀਆਂ ਪੁੱਤਰਾਂ ਤੋਂ ਦੂਰ ਦੂਰ ਰਹਿਣ ਦੀ ਠੋਸ ਸਮਾਜੀ ਸਥਿਤੀ ਅਤੇ ਸਕੂਲ ਦੇ ਅਤੇ ਬਾਹਰਲੇ ਸਮਾਜ ਦਾ ਭਾਰੂ ਸਭਿਆਚਾਰਕ ਅਸਰ ਸਪਸ਼ਟ ਸਾਬਤ ਹੁੰਦਾ ਹੈ। ਜੋ ਬੱਚਿਆਂ ਦੇ ਦ੍ਰਿਸ਼ਟੀ ਕੋਣ ਨੂੰ ਸੇਧ ਦਿੰਦਾ ਹੈ। ਜੋ ਕੁਝ ਬੱਬਲੀ ਅਤੇ ਰਾਜੂ, ਤਿੰਨੇ ਇਸਤਰੀਆਂ ਦੇ ਚਲੇ ਜਾਣ ਤੋਂ ਮਗਰੋਂ ਵਾਰਤਾਲਾਪ ਵਿਚ ਕਹਿੰਦੇ ਹਨ, ਉਹ ਵਿਚੋਂ ਕਾਫੀ ਕੁਝ ਪਹਿਲੇ ਦੋਵਾਂ ਸੀਨਾਂ ਵਿਚ ਉਨ੍ਹਾਂ ਦੀ ਮਹੱਤਵਪੂਰਨ ਮੁਦਾਖਲਤ ਨਾਲ ਕਹਾਇਆ ਜਾ ਸਕਦਾ ਸੀ ਅਤੇ ਬੱਬਲੀ ਅਤੇ ਰਾਜੂ ਨੇ ਜੋ ਕੁਝ ਇਕੱਠਿਆਂ ਅੰਤ ਉਪਰ ਕਿਹਾ, ਜੋ ਕਿ ਬਹੁਤ ਹੀ ਮਹੱਤਵਪੂਰਨ ਵਾਰਤਾਲਾਪ ਸੀ ਅਤੇ ਡਰਾਮੇ ਦਾ ਅਸਲ ਸੰਦੇਸ਼ ਸੀ, ਉਹ ਆਪੋ ਆਪਣੇ ਘਰ ਜਾ ਕੇ ਆਪਣੇ ਮਾਂ ਪਿਉ ਦੇ ਨਾਲ ਗੁੱਸੇ ਵਿਚ ਜਾਂ ਜ਼ੋਰ ਨਾਲ ਕਿਹਾ ਜਾ ਸਕਦਾ ਸੀ। ਹੁਣ ਉਨ੍ਹਾਂ ਤੀਜੇ ਸੀਨ ਵਿਚ ਇੰਨਾ ਕੁਝ ਇਕੱਠਾ ਹੀ ਕਹਿ ਦਿੱਤਾ ਕਿ ਦਰਸ਼ਨ ਲਈ ਯਾਦ ਵਿਚ ਸਾਂਭ ਲੈਣਾ ਅਸੰਭਵ ਜਾਪਦਾ ਹੈ। ਜਦੋਂ ਕਿ ਉਨ੍ਹਾਂ ਦਾ ਇਕ ਇਕ ਸ਼ਬਦ, ਇਕ ਇਕ ਵਾਕ ਲੋਕਾਂ ਦੇ ਦਿਲਾਂ ਵਿਚ ਵਸਾਉਣ ਵਾਲਾ ਸੀ।

ਰੋਸ਼ਨੀ ਦੇ ਪੱਖੋਂ ਕੁਝ ਅਣਗਹਿਲੀ ਜਿਹੀ ਹੋਈ ਜਾਪਦੀ ਸੀ। ਤਿੰਨੇ ਸੀਨਾਂ ਦੀ ਬਦਲੀ ਸਮੇਂ ਪਰਦਾ ਖਿਚਣ ਦੀ ਥਾਵੇਂ ਹਾਲ ਵਿਚ ਅਤੇ ਸਟੇਜ ਉਪਰ ਨ੍ਹੇਰ ਘੁੱਪ ਹੋ ਜਾਣਾ, ਇਕ ਵਿਘਨ ਪੈ ਜਾਣ ਵਾਗੂੰ ਪਰਤੀਤ ਹੁੰਦਾ ਸੀ। ਡਰਾਮੇ ਦੇ ਦੌਰਾਨ ਰੋਸ਼ਨੀ ਠੀਕ ਰਹੀ।

ਸੰਗੀਤ ਦਾ ਇਸ ਨਾਟਕ ਵਿਚ ਵੀ ਅਨੁਭਵ ਸੀ। ਸਗੋਂ ਦੋਵਾਂ ਪੀੜ੍ਹੀਆਂ ਨੂੰ ਸੰਗੀਤ ਨਾਲ ਹੋਰ ਵੀ ਸੌਖਿਆਂ ਨਿਖੇੜਿਆ ਜਾ ਸਕਦਾ ਸੀ, ਜਦੋਂ ਕਿ ਘਰ ਵਿਚ ਸੁਰਿੰਦਰ ਕੌਰ, ਯਮਲਾ ਜਾਂ ਢੱਡ ਸਾਰੰਗੀ ਸਟੀਰੀਓ ਤੇ ਵੱਜਦਾ ਦਿਖਾਇਆ ਜਾ ਸਕਦਾ ਸੀ ਅਤੇ ਬੱਬਲੀ ਜਾਂ ਰਾਜੂ ਉਸਨੂੰ ਬੰਦ ਕਰਕੇ ਇੰਗਲਸ਼ ਗੀਤਾਂ ਦੀ ਟੇਪ ਲਾ ਸਕਦੇ ਸਨ, ਜਾਂ ਉਸਦੇ ਉਲਟ ਕੀਤਾ ਜਾ ਸਕਦਾ ਸੀ। ਇਸ ਤਰ੍ਹਾਂ ਸੰਗੀਤ ਨਾਲ ਡਰਾਮੇ ਵਿਚ ਰੌਚਕਤਾ ਵੀ ਆ ਜਾਂਦਾ ਅਤੇ ਦੋਵੇਂ ਪੀੜ੍ਹੀਆਂ ਦਾ ਵੱਖਰਾ ਸਭਿਆਚਾਰਕ ਪ੍ਰਭਾਵ ਆਪਣੇ ਆਪ ਉਜਾਗਰ ਹੋ ਜਾਂਦਾ।

ਰੂਪ ਰੰਗ ਦੇ ਪੱਖੋਂ ਪਾਤਰਾਂ ਦਾ ਪਹਿਰਾਵਾ ਵਿਸ਼ੇ ਦੇ ਅਨੁਕੂਲ ਸੀ, ਤਿੰਨੇ ਇਸਤਰੀਆਂ ਆਪਣੇ ਰੋਲ ਅਨੁਸਾਰ ਘਰੇਲੂ ਪੰਜਾਬੀ ਦਿਖ ਨੂੰ ਉਭਾਰਦੀਆਂ ਸਨ। ਸਮੁੱਚੇ ਤੌਰ ਤੇ ਮਹਿੰਗਾ ਸਿੰਘ ਠੀਕ ਇਕ ਪੰਜਾਬੀ ਪਾਤਰ ਨੂੰ ਪਿਤਾ ਦੇ ਰੂਮ ਵਿਚ, ਕੈਨੇਡੀਅਨ ਮਾਹੌਲ ਵਿਚ ਵੱਡੇ ਹੋਏ ਪੁੱਤਰ ਨਾਲ ਅਤੇ ਪਤਨੀ ਨਾਲ, ਸੰਬੰਧਤ ਵਿਸ਼ੇ ਦੇ ਭਾਵਾਂ ਨੂੰ ਉਘਾੜਦਾ ਰੋਲ ਕਰਨ ਵਿਚ ਸਫਲ ਰਿਹਾ ਹੈ।

ਬੱਬਲੀ ਅਤੇ ਰਾਜੂ ਬਹੁਤੇ ਪੰਜਾਬੀ ਪਰਵਾਰਾਂ ਦੇ ਇਥੇ ਜੰਮੇ ਜਾਂ ਪਲੇ ਮੁੰਡੇ ਕੁੜੀਆਂ ਦੀਆਂ ਭਾਵਨਾਵਾਂ ਪ੍ਰਗਟ ਕਰਨ ਵਿਚ ਸਫਲ ਰਹੇ ਹਨ। ਇਕੋ ਗੱਲ ਇਹ ਕਿ ਜੋ ਕੁਝ ਉਨ੍ਹਾਂ ਦਾ ਭਾਰੂ ਰੋਲ ਡਰਾਮੇ ਦੇ ਸਿਰੇ ਜਾਕੇ ਪ੍ਰਗਟ ਕੀਤਾ ਗਿਆ ਹੈ, ਉਹ ਸਮੁੱਚੇ ਡਰਾਮੇ ਉਪਰ ਵੰਡਿਆ, ਦਰਸ਼ਕਾਂ ਨੂੰ ਡਰਾਮੇ ਦਾ ਸੁਨੇਹਾ ਪਹੁੰਚਾਉਣ ਵਿਚ ਹੋਰ ਵੀ ਸਫਲ ਰਿਹਾ।

ਸਾਧੂ ਅਤੇ ਸੁਖਵੰਤ ਨੇ ਆਪਣੇ ਵਲੋਂ ਡਰਾਮੇ ਦੀ ਤਿਆਰੀ ਵਿਚ, ਸੇਧ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਫੇਰ ਵੀ ਉਹ ਉਨ੍ਹਾਂ ਕੁਝ ਹੀ ਕਰ ਸਕਦੇ ਸਨ, ਜਿਨ੍ਹਾਂ ਉਨ੍ਹਾਂ ਦਾ ਤਜਰਬਾ ਸੀ, ਜਿਉਂ ਜਿਉਂ ਹੋਰ ਹੋਰ ਡਰਾਮੇ ਖੇਡੇ ਜਾਣਗੇ, ਤਿਉਂ ਤਿਉਂ ਸਟੇਜ ਦੀਆਂ ਕਲਾਤਮਕ ਬਰੀਕੀਆਂ ਵੀ ਸਰਲ ਹੁੰਦੀਆਂ ਜਾਣਗੀਆਂ।

ਡਰਾਮੇ ਦੇਖਣ ਆਏ ਛੇ ਸੌ ਤੋਂ ਉਪਰ ਦਰਸ਼ਕਾਂ ਤੋਂ ਅੰਦਾਜ਼ਾ ਲਾਉਣਾ ਸੌਖਾ ਹੀ ਹੈ ਕਿ ਲੋਕਾਂ ਨੂੰ ਕਿੰਨੀ ਸਭਿਆਚਾਰਕ ਭੁੱਖ ਹੈ। ਨਿਸਚੇ ਹੀ "ਵੈਨਕੂਵਰ ਸੱਥ" ਵਾਂਗ ਕਈ ਹੋਰ ਸਭਿਆਚਾਰਕ ਗਰੁੱਪਾਂ ਦੀ ਖੋਜ ਹੈ ਜੋ ਵੈਨਕੂਵਰ ਏਰੀਏ ਦੀ ਅੱਸੀ ਹਜ਼ਾਰ ਦੇ ਕਰੀਬ ਪੰਜਾਬੀ ਵਸੋਂ ਨੂੰ ਦਿਲਪਰਚਾਵੇ ਦੇ ਮੌਕੇ ਪੈਦਾ ਕਰ ਸਕੇ। ਇਸ ਵੇਲੇ ਲੋਕਾਂ ਨੂੰ ਗੁਰਦੁਆਰਿਆਂ ਤੋਂ ਬਿਨਾਂ ਕਿਸੇ ਹੋਰ ਥਾਂ ਬੈਠਣ ਲਈ ਸਾਂਝੀ ਥਾਂ ਨਹੀਂ ਹੈ। ਗੁਰਦੁਆਰੇ ਧਾਰਮਿਕ ਸਮਾਗਮਾਂ ਤੋਂ ਬਿਨਾਂ ਜਾਂ ਜਿਨ੍ਹਾਂ ਗਰੁੱਪਾਂ ਦਾ ਉਨ੍ਹਾਂ ਉਪਰ ਕਬਜ਼ਾ ਉਨ੍ਹਾਂ ਦੀ "ਵਿਸ਼ੇਸ਼ ਰਾਜਨੀਤੀ" ਨੂੰ ਪਰਸਾਰਨ ਤੋਂ ਬਿਨਾਂ ਵਰਤੇ ਨਹੀਂ ਜਾ ਸਕਦੇ ਅਤੇ ਨਾ ਹੀ ਵਰਤੇ ਜਾ ਰਹੇ ਹਨ। ਇਸ ਲਈ ਇਕ ਅਜਿਹੇ ਸਾਂਝੇ ਕਮਿਊਨਿਟੀ ਸੈਂਟਰ ਦੀ ਬੜੀ ਲੋੜ ਹੈ। ਜਿਥੇ ਸਮਾਜੀ, ਰਾਜਨੀਤਕ, ਸਭਿਆਚਾਰਕ ਅਤੇ ਹੋਰ ਇਸ ਤਰ੍ਹਾਂ ਦੇ ਸਮਾਗਮ ਬਿਨਾਂ ਰੋਕ ਟੋਕ ਤੋਂ ਸੁਤੰਤਰ ਢੰਗ ਨਾਲ ਕੀਤੇ ਜਾ ਸਕਣ। ਅਜਿਹੇ ਕਮਿਊਨਿਟੀ ਸੈਂਟਰਾਂ ਵਿਚ ਸਾਡੀ ਨਵੀਂ ਪੀੜ੍ਹੀ ਦੀ ਲੋੜਾਂ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਨੂੰ ਦਰਪੇਸ਼ ਉਲਝਣਾਂ ਨੂੰ ਸਮਝਣ ਲਈ ਵਿਦਿਅਕ ਸੈਮੀਨਾਰਾਂ ਦਾ ਪ੍ਰਬੰਧ ਕੀਤਾ ਜਾ ਸਕੇ।

ਮੈਂ ਅੰਤ ਉਪਰ ਸਾਧੂ ਅਤੇ ਸੁਖਵੰਤ ਨੂੰ ਅਤੇ ਦੋਵਾਂ ਡਰਾਮਿਆਂ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਨੂੰ, ਉਨ੍ਹਾਂ ਦੀ ਸਫਲਤਾ ਉਪਰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਨਿੱਕੀਆਂ ਮੋਟੀਆਂ ਊਣਤਾਈਆਂ ਨੂੰ ਅੱਗੋਂ ਸੁਧਾਰ ਕੇ ਵਧੇਰੇ ਪ੍ਰਭਾਵਸ਼ਾਲੀ ਡਰਾਮੇ ਪੇਸ਼ ਕੀਤੇ ਜਾ ਸਕਣਗੇ।

'ਕੈਨੇਡਾ ਦਰਪਣ'ਦਾ

## ਵਿਸ਼ੇਸ਼ ਸੰਸਾਰ ਅਮਨ ਅੰਕ

## ਵਿਸਾਖੀ ਦੇ ਮੌਕੇ ਉਤੇ ਪ੍ਰਕਾਸ਼ਤ ਹੋਵੇਗਾ

ਲੇਖਕ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ, ਕਵਿਤਾਵਾਂ ਤੇ ਜ਼ਰੂਰੀ ਸਮੱਗਰੀ 6 ਅਪਰੈਲ ਤੱਕ ਪੁੱਜਦੀ ਕਰਨ ਦੀ ਕ੍ਰਿਪਾਲਤਾ ਕਰਨ।

ਵਪਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਵਿਸ਼ੇਸ਼ ਅੰਕ ਲਈ ਆਪਣੇ ਪੰਨੇ ਹੁਣੇ ਹੀ ਰੀਜ਼ਰਵ ਕਰਵਾ ਲੈਣ।

**ਹੋਰ ਜਾਣਕਾਰੀ ਲਈ ਫੋਨ ਕਰੋ**

**581-4473**

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

**PLUMBING & ELECTRICAL SUPPLY**



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

**BUYING & SELLING**

Farms, Home, Lots and Apartments

Contact:

**Dilbag Singh Johal**

ਦਿਲਬਾਗ ਸਿੰਘ ਜੌਹਲ

Ph. Off. (604)438-8161
Res. 325-0588

ਕਿਸੇ ਪ੍ਰਕਾਰ ਦੀ ਜਾਇਦਾਦ ਖ਼ੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ



**Canada Trust Realtor**

The Canada Trust Company

2629 Kingsway, Vancouver, B.C. V5R 5H4

ਪੰਨਾ 3 / ਦਾ ਬਾਕੀ

ਸਵੇਰ ਤੱਕ 21500 (ਇੱਕੀ ਹਜ਼ਾਰ ਪੰਜ਼ ਸੌ) ਸੀ । ਕਿਉਂਕਿ ਇਮੀਗਰੇਸ਼ਨ ਮਹਿਕਮੇ ਵਲੋਂ ਰਿਫੀਊਜੀ ਕਲੇਮ ਵਾਲਿਆਂ ਦੀ ਸੁਣਵਾਈ 15 (ਪੰਦਰਾਂ) ਜੁਲਾਈ 1986 ਤੋਂ ਆਰੰਭ ਹੋਈ ਅਤੇ ਉਸ ਸਮੇਂ ਤੱਕ ਵੀ ਫਾਈਲ ਕੀਤੇ ਕਲੇਮ ਉਸ "ਤੇਜ਼ ਹੱਲ ਪ੍ਰਣਾਲੀ" ਅਧੀਨ ਸੁਣੇ ਜਾਣੇ ਸਨ । ਕਿਉਂਕਿ ਇਹ ਸਭ ਹੱਲ ਕਰਕੇ ਨਵੀਂ ਕਾਰਜ ਪ੍ਰਣਾਲੀ ਚਾਲੂ ਕਰਨੀ ਹੈ। ਕੈਨੇਡਾ ਨੇ ਅੰਦਰੋਂ ਰਿਫੀਊਜੀ ਕਲੇਮ ਲੈਣੇ 1979 ਵਿਚ ਆਰੰਭ ਕੀਤੇ ਅਤੇ 1970 ਤੋਂ 1980 ਤੱਕ ਇਕ ਲੱਖ ਦਸ ਹਜ਼ਾਰ ਰਿਫੀਊਜੀ ਲਏ । ਕਿਉਂਕਿ ਕੈਨੇਡਾ ਦੀ ਰਾਜ ਸੱਤਾ ਸਰਮਾਏਦਾਰ ਜਮਾਤ ਦੇ ਹੱਥ ਹੈ ਅਤੇ ਇਸਨੇ ਲੋਟੂ ਜਮਾਤ ਦੇ ਹਿਤ ਪਾਲਣੇ ਅਤੇ ਅਗਾਂਹ ਵਧੂ ਵਿਚਾਰਧਾਰਾ ਤੇ ਲੋਕ ਏਕਤਾ ਅਤੇ ਅਗਾਂਹਵਧੂ ਸਿਆਸੀ ਚੇਤਨਤਾ ਨੂੰ ਖੁੰਡਾ ਕਰਨਾ ਤੇ ਦਬਾਉਣਾ ਹੈ,ਸੋ ਇਹ ਉਨ੍ਹਾਂ ਲੋਕਾਂ ਨੂੰ ਖੁੱਲ੍ਹ ਦਿੰਦੇ ਹਨ ਜੋ ਲੋਟੂ ਜਮਾਤ ਦੇ ਵਿਰੁੱਧ ਨਾ ਜਾਣ ਭਾਵੇਂ ਕਿ ਕੁਝ ਲੋਕ ਇਮੀਗਰੇਸ਼ਨ ਤਾਣੇ ਬਾਣੇ ਵਿਚੀਂ ਲੰਘ ਜਾਂਦੇ ਅਤੇ ਕੁਝ ਆਰਥਿਕ ਹਾਲਾਤ ਨਾਲ ਚੇਤੰਨ ਹੋ ਜਾਂਦੇ ਹਨ । 11(ਗਿਆਰਾਂ)ਜਨਵਰੀ 1985 ਨੂੰ ਕੈਨੇਡਾ ਦੀ ਇਮੀਗਰੇਸ਼ਨ ਮੰਤਰੀ ਫਲੌਰਾ ਮੈਕਡੌਨਲਡ ਨੇ ਇਮੀਗਰੇਸ਼ਨ ਦੇ ਮਸਲੇ ਤੇ ਇਕ ਦਮ ਸੱਜ ਪਿਛਾਖੜੀ ਨੀਤੀ ਵੱਲ ਮੋੜ ਕੱਟਿਆ ਤੇ ਐਲਾਨ ਕੀਤਾ ਕਿ ਜੋ ਲੋਕ ਯੂਰਪੀ ਸਮਾਜਵਾਦੀ ਦੇਸ਼ਾਂ ਵਿਚੋਂ ਭੱਜ ਕੇ ਆਉਣਗੇ,ਇਹ ਉਨ੍ਹਾਂ ਨੂੰ ਇਕ ਦਮ ਆਪਦੇ ਆਪ ਤੇ "ਔਟੋਮੈਟਿਕ ਰਿਫੀਊਜੀ ਦਰਜਾ" ਦਿੱਤਾ ਜਾ ਰਿਹਾ ਹੈ (20 ਫਰਵਰੀ 1987) ਤੱਕ ਕੈਨੇਡਾ ਨੇ ਸਦਾ ਹੀ ਪਿੱਛੇ ਖਿਚੂਆਂ ਨੂੰ ਪਹਿਲ ਦਿੱਤੀ। ਜਦੋਂ ਚਿੱਲੀ ਵਿਚੋਂ ਫਾਸ਼ੀ ਫੌਜੀ ਜੁੰਡਲੀ ਦੇ ਅਤਿਆਚਾਰਾਂ ਤੋਂ ਬਚਣ ਲਈ ਉਨ੍ਹਾਂ ਅਰਜ਼ੀਆਂ ਦਿੱਤੀਆਂ ਤਾਂ ਕੈਨੇਡਾ ਨੇ ਨਾ ਲਈਆਂ। ਪਰ ਪਹਿਲਾਂ 1956-57 ਵਿਚ ਅਮਰੀਕਾ ਵਲੋਂ ਹੰਗਰੀ ਵਿਚ ਉਲਟ ਇਨਕਲਾਬ ਦੀ ਅਸਫਲ ਕੋਸ਼ਿਸ਼ ਸਮੇਂ 35000 (ਪੈਂਤੀ ਹਜ਼ਾਰ),1968 ਵਿਚ ਚੈਕੋਸਲੋਵਾਕੀਆ ਵਿਚ ਵੀ ਉਲਟ ਇਨਕਲਾਬ ਦੀ ਅਸਫਲ ਕੋਸ਼ਿਸ਼ ਸਮੇਂ ਦਸ ਹਜ਼ਾਰ ਅਤੇ 1980-81 ਵਿਚ ਵੀਅਤਨਾਮ,ਲਾਉਸ ਤੇ ਕੰਬੋਦੀਆ ਆਦਿ ਵਿਚੋਂ ਪੰਜਾਹ ਹਜ਼ਾਰ ਰਿਫੀਊਜੀ ਲਏ । ਆਖਿਆ ਜਾਂਦਾ ਹੈ ਕਿ ਇਸ ਸਮੇਂ ਦੁਨ ਆਂ ਵਿਚ ਇੱਕ ਕਰੋੜ ਰਿਫੀਊਜੀ ਹਨ । (ਚਲਦਾ)

# ਰਾਮੂੰਵਾਲੀਆ ਦੀ ਰਾਜੀਵ ਨਾਲ ਭੇਂਟ

ਨਵੀਂ ਦਿੱਲੀ:—ਅਕਾਲੀ ਐਮ.ਪੀ.ਬਲਵੰਤ ਸਿੰਘ ਰਾਮੂੰਵਾਲੀਆ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਭੇਂਟ ਕੀਤੀ ਤੇ ਉਨ੍ਹਾਂ ਨੂੰ ਸਪਸ਼ਟ ਕੀਤਾ ਕਿ ਪੰਜਾਬ ਵਿਚ ਸਰਬ ਪਾਰਟੀ ਮੀਟਿੰਗਾਂ ਨਾਲ ਜੋ ਸੁਖਾਵਾਂ ਮਾਹੌਲ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ ਉਨ੍ਹਾਂ ਦਾ ਅਸਰ ਬਹੁਤੀ ਦੇਰ ਤੱਕ ਕਾਇਮ ਨਹੀਂ ਰਹਿ ਸਕੇਗਾ । ਉਨ੍ਹਾਂ ਕਿਹਾ ਕਿ ਸੁਖਾਵਾਂ ਮਾਹੌਲ ਕਾਇਮ ਕਰਨ ਲਈ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾ ਕੀਤਾ ਜਾਣਾ ਚਾਹੀਦਾ ਹੈ ਅਤੇ ਧਰਮੀ ਫੌਜੀਆਂ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ। ਜੇ ਇਨ੍ਹਾਂ ਫੌਜੀਆਂ ਨੂੰ ਤਿੰਨ ਸਾਲ ਦੀ ਕੈਦ ਦੀ ਆਮ ਮਾਫੀ ਵੀ ਦੇ ਦਿਤੀ ਜਾਵੇ ਤਾਂ ਵੀ 266 ਫੌਜੀ ਜੇਲ੍ਹਾਂ ਤੋਂ ਬਾਹਰ ਆ ਸਕਦੇ ਹਨ ਕਿਉਂਕਿ ਉਹ ਦੋ ਢਾਈ ਸਾਲ ਦੀ ਕੈਦ ਕੱਟ ਚੁੱਕੇ ਹਨ ਤੇ ਇਨ੍ਹਾਂ ਨੂੰ 4 ਸਾਲ ਤੋਂ ਲੈ ਕੇ ਸਾਢੇ ਚਾਰ ਸਾਲ ਤਕ ਦੀਆਂ ਸਜ਼ਾਵਾਂ ਹੋਈਆਂ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸਪਸ਼ਟ ਕੀਤਾ ਕਿ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨਾਲ ਸਿੱਖਾਂ ਦੇ ਮਨ ਹੋਰ ਦੁਖੇ ਹਨ ਤੇ ਉਨ੍ਹਾਂ ਦੇ ਜ਼ਖਮ ਫਿਰ ਹਰੇ ਹੋ ਗਏ ਹਨ। ਦੇਸ਼ ਦੇ ਇਨਸਾਫ ਚਾਹੁੰਣ ਵਾਲੇ ਲੋਕਾਂ ਨੂੰ ਵੀ ਇਸ ਰਿਪੋਰਟ ਤੋਂ ਦੁਖ ਹੋਇਆ ਹੈ। ਸਿੱਖਾਂ ਦਾ ਕਮਿਸ਼ਨਾਂ ਤੋਂ ਭਰੋਸਾ ਉਠ ਗਿਆ ਹੈ। ਉਨ੍ਹਾਂ ਇਹ ਵੀ ਦਸਿਆ ਹੈ ਕਿ ਰਾਜੀਵ-ਲੌਂਗੋਵਾਲ ਸੰਧੀ ਨਾਲ ਰਾਜ ਵਿਚ ਜੋ ਸੁਖਾਵਾਂ ਮਾਹੌਲ ਕਾਇਮ ਹੋਇਆ ਸੀ ਉਸਤੋਂ ਲਾਭ ਨਹੀਂ ਉਠਾਇਆ ਜਾ ਸਕਿਆ। ਹੁਣ ਉਹੋ ਜਿਹਾ ਮਾਹੌਲ ਬਣਨਾ ਕਠਿਨ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦਸਿਆ ਕਿ ਅੱਜ ਪੰਜਾਬ ਦੀ ਜੋ ਹਾਲਤ ਹੈ,ਉਸ ਲਈ ਰਾਜ ਦੀ ਆਰਥਕ ਮੰਦਹਾਲੀ ਅਤੇ ਬੇਰੁਜ਼ਗਾਰੀ ਜ਼ੁਮੇਵਾਰ ਹੈ । ਪੰਜਾਬ ਦੇ ਵਿਕਾਸ ਵੱਲ ਤੁਰੰਤ ਧਿਆਨ ਦਿੱਤਾ ਜਾਣਾ ਚਾਹੀਦਾ ਹੈ । ਮੀਟਿੰਗ ਪਿਛੋਂ ਸ:ਰਾਮੂੰਵਾਲੀਆ ਨੇ ਦਸਿਆ ਹੈ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ ।

# ਸਦਭਾਵਨਾ ਮੁਹਿੰਮ ਚਲੇਗੀ

ਨਵੀਂ ਦਿੱਲੀ:—ਦੇਸ਼ ਦੀਆਂ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਚੋਟੀ ਦੇ ਨੇਤਾਵਾਂ ਦੀ ਇਕ ਕੇਂਦਰੀ ਕਮੇਟੀ ਕਾਇਮ ਹੋਵੇਗੀ ਜੋ ਕਿ ਪੰਜਾਬ ਵਿਚ ਦਹਿਸ਼ਤਪਸੰਦੀ ਦੇ ਖਿਲਾਫ ਅਤੇ ਫਿਰਕੂ ਸਦਭਾਵਨਾ ਦੀ ਬਹਾਲੀ ਲਈ ਜ਼ੋਰਦਾਰ ਮੁਹਿੰਮ ਚਲਾਏਗੀ । ਕਮੇਟੀ ਦਾ ਹੈਡਕੁਆਰਟਰ ਨਵੀਂ ਦਿੱਲੀ ਵਿਚ ਹੋਵੇਗਾ ।

ਅਜਿਹੇ ਹੀ ਟੀਚੇ ਦੀ ਪੂਰਤੀ ਲਈ ਪੰਜਾਬ ਵਿਚ ਵੀ ਇਕ ਕਮੇਟੀ ਕਾਇਮ ਕੀਤੀ ਜਾਵੇਗੀ । ਕੇਂਦਰੀ ਕਮੇਟੀ ਪੰਜਾਬ ਵਿਚਲੀ ਕਮੇਟੀ ਨਾਲ ਸਹਿਯੋਗ ਕਰੇਗੀ ਅਤੇ ਸਿੱਖਾਂ ਵਿਚਲੇ ਬੇਗਾਨਗੀ ਦੇ ਅਹਿਸਾਸ ਨੂੰ ਦੂਰ ਕਰਨ ਲਈ ਲੋੜੀਂਦੀਆਂ ਗਤੀਵਿਧੀਆਂ ਦਾ ਸੰਚਾਲਣ ਕਰੇਗੀ।


## ਸਰੀ ਅਤੇ ਡੈਲਟਾ ਨਿਵਾਸੀਆਂ ਲਈ ਖੁਸ਼ਖਬਰੀ

ਆਪ ਸਾਰਿਆਂ ਦੀ ਸਹੂਲੀਅਤ ਵਾਸਤੇ ਅਸੀਂ ਆਪਣੀ ਨਵੀਂ ਬਰਾਂਚ ਪੰਜਾਬੀ ਮਾਰਕੀਟ ਵਿਚ Scott road and 93 Ave ਤੇ ਖੋਲ੍ਹ ਦਿਤੀ ਹੈ ।

ਜਦੋਂ ਕਿ ਇਨਕਮ ਟੈਕਸ ਸਬੰਧੀ ਕਾਨੂੰਨ ਅਤੇ ਨਿਯਮ ਕਾਫੀ ਗੁੰਝਲਦਾਰ ਹਨ,ਪਰ ਜੋ ਕੰਮ ਇਹ ਕਰਦੇ ਹਨ,ਉਹ ਇਸ ਸਬੰਧੀ ਹੁੰਦੀਆਂ ਤਬਦੀਲੀਆਂ ਤੋਂ ਵੀ ਵਾਕਫ ਹੁੰਦੇ ਹਨ । ਇਸ ਸਾਲ ਜੋ ਟੈਕਸ ਕਾਨੂੰਨ ਨਿਕਲੇ ਹਨ ਜਿਨ੍ਹਾਂ ਬਾਰੇ ਸਲਾਹ ਮਸ਼ਵਰਾ ਲਉ ।

ਏਸ ਟੈਕਸ ਅਤੇ ਅਕਾਉਂਟਿੰਗ ਸਰਵਿਸ ਲਿਮਟਡ ACE TAX AND ACCOUNTING SERVICE LTD.ਦੇ ਸ਼ਮਸ਼ ਵੀਰ ਜੀ ਤੋਂ ਸਲਾਹ ਮਸ਼ਵਰਾ ਲਉ। ਜਿਨ੍ਹਾਂ ਨੇ ਹਜ਼ਾਰਾਂ ਹੀ ਫਾਰਮ ਭਰੇ ਹਨ ਅਤੇ 1972 ਤੋਂ ਇਹ ਕੰਮ ਕਰ ਰਹੇ ਹਨ। ਤੁਸੀਂ ਜੋ ਵੀ ਪੈਸੇ ਖਰਚੋਗੇ ਅੱਗੇ ਜਾ ਕੇ ਲਾਭਦਾਇਕ ਸਿੱਧ ਹੋਣਗੇ । ਟੈਕਸ ਫਾਰਮ ਭਰਿਆਂ ਵਿਚ ਜੇਕਰ ਬਾਅਦ ਵਿਚ ਕੋਈ ਵੀ ਗੁੰਝਲ (OBJECTION]ਆਵੇ ਤਾਂ ਅਸੀਂ ਹਮੇਸ਼ਾ ਆਪ ਦੀ ਮੁਫਤ ਸੇਵਾ ਲਈ ਸਦਾ ਹਾਜ਼ਰ ਹਾਂ ।

ਤੁਸੀਂ ਭਾਵੇਂ ਇਕ ਕਰਮਚਾਰੀ,ਵਪਾਰੀ,ਕਿਸਾਨ ਜਾਂ ਖੇਤ ਮਜ਼ਦੂਰ,ਮਛੇਰੇ ਹੋ,ਅਸੀਂ ਯਕੀਨੀ ਤੌਰ ਤੇ ਇਹ ਦੇਖਾਂਗੇ ਕਿ ਤੁਹਾਡੀ ਆਮਦਨੀ ਟੈਕਸ ਸਬੰਧੀ ਫਾਰਮ ਠੀਕ ਤਰ੍ਹਾਂ ਭਰੇ ਗਏ ਹਨ ? ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਤੁਹਾਨੂੰ ਖਰਚ ਦਾ ਵੇਰਵਾ ਦਿਆਂਗੇ,ਸਾਡੇ ਭਾਅ RATE ਬਹੁਤ ਵਾਜਬ ਹਨ ।

ਇਨਕਮ ਟੈਕਸ ਦੇ ਪੇਪਰ ਭਰਨ ਤੋਂ ਇਲਾਵਾ ਅਸੀਂ ਸਾਰਾ ਸਾਲ ਚਲਣ ਵਾਲੀਆਂ ਹੋਰ ਸੇਵਾਵਾਂ ਵੀ ਕਰਦੇ ਹਾਂ ਜੋ ਕਿ ਹੇਠ ਲਿਖੀਆਂ ਹਨ:—

COMPANY INFORMATION
BUSINESS SERVICES
BOOK KEEPING
PAY ROLL

ਹੋਰ ਵਪਾਰ ਲਈ ਆਮ ਸੇਵਾਵਾਂ
ਕੰਪਨੀ ਦੀ ਸਥਾਪਨਾ ਕਰਨੀ
ਹਿਸਾਬ ਕਿਤਾਬ ਰੱਖਣਾ

NO APPOINTMENT REQUIRED SEE MR.SHAMESH VIRJI ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ

PHONE 583-2110

**ACE TAX AND ACCOUNTING SERVICE LTD.**
**9365-120 th.st.DELTA,B.C. PHONE 583-2110**



ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ
ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ ।
ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ
ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

SAVE MORE

**R & K AUTO SALES**
444 Colusa Hwy. YUBA CITY — CAL. **Ph.(916) 674-8680**

# ਐਨ.ਡੀ.ਪੀ.ਦੀ ਕਨਵੈਨਸ਼ਨ

ਮਾਰਚ ਦੇ ਮਹੀਨੇ 13,14,15 ਤਰੀਕ ਨੂੰ ਪੈਲਿਸ ਡੀ ਕਾਂਗਰੇ ਵਿਚ ਇਕ ਭਾਰੀ ਕਨਵੈਨਸ਼ਨ ਹੋਈ। ਇਸ ਕਨਵੈਨਸ਼ਨ ਵਿਚ ਸਾਰੇ ਕੈਨੇਡਾ ਵਿਚੋਂ ਡੈਲੀਗੇਟ ਸ਼ਾਮਲ ਸਨ। ਕੁਲ ਡੈਲੀਗੇਟਾਂ ਦੀ ਗਿਣਤੀ 1405 ਸੀ। ਮੀਡੀਏ ਦੇ 325 ਸਪੈਸ਼ਲ ਗੈਸਟ 150 ਦੇ ਲੱਗਭੱਗ ਤੇ ਕੋਈ ਪੰਜ ਸੌ ਵਿਅਕਤੀ ਇਸ ਕਨਵੈਨਸ਼ਨ ਨੂੰ ਵੇਖਣ ਆਏ ਹੋਏ ਸਨ। ਇਸਦੇ ਵਿਚ ਹੀ 150 ਵਲੰਟੀਅਰ ਤੇ 40 ਕੁ ਸਟਾਫ ਦੇ ਮੈਂਬਰ ਸਨ। ਕਨਵੈਨਸ਼ਨ ਦੇ ਹਰ ਦਿਨ 2500 ਦੇ ਲੱਗਭੱਗ ਲੋਕ ਲੀਡਰਾਂ ਦੇ ਵਿਚਾਰ ਤੇ ਮਤਿਆਂ ਤੇ ਬਹਿਸ ਸੁਣਦੇ ਸਨ।

ਰੰਗਦਾਰ ਲੋਕਾਂ ਦੀ ਗਿਣਤੀ ਕੈਨੇਡਾ ਵਿਚ ਅੱਠ ਪਰਸੈਂਟ ਹੈ ਪਰ ਡੈਲੀਗੇਟ ਇਸ ਮਿਕਦਾਰ ਨਾਲ ਨਹੀਂ ਸਨ। ਸਾਰੀ ਕਨਵੈਨਸ਼ਨ ਦੇ ਵਿਚ ਵੀਹ ਕੁ ਦੇ ਨੇੜੇ ਰੰਗਦਾਰ ਲੋਕ ਸਨ। ਨਵੇਂ ਆਏ ਲੋਕਾਂ ਨੂੰ ਰੋਟੀ ਟੁੱਕ ਦਾ ਫਿਕਰ ਜ਼ਿਆਦਾ ਹੁੰਦਾ ਹੈ। ਮੇਰਾ ਅੰਦਾਜ਼ਾ ਹੈ ਹਰ ਵਿਅਕਤੀ ਨੂੰ ਦਸ ਸਾਲ ਸੈੱਟ ਹੋਣ ਲਈ ਲਗਦੇ ਹਨ। ਇਸਤੋਂ ਬਾਅਦ ਇਮੀਗਰੈਂਟ ਕੰਨ ਚੱਕਦੇ ਹਨ ਤੇ ਆਸੇ ਪਾਸੇ ਵੇਖਦੇ ਹਨ। ਪਹਿਲੇ ਦਸ ਸਾਲ ਛੋਟਾ ਮੋਟਾ ਘਰ ਖਰੀਦਣ ਤੇ ਪਰਵਾਰ ਨੂੰ ਕੈਨੇਡਾ ਵਿਚ ਲਿਆਉਣ ਵਿਚ ਹੀ ਲੰਘ ਜਾਦੇ ਹਨ।

## ਚੜ੍ਹਦੀ ਕਲਾ ਵਿਚ

ਕਨਵੈਨਸ਼ਨ ਤੋਂ ਸਾਫ ਜ਼ਾਹਿਰ ਸੀ ਕਿ ਐਨ.ਡੀ.ਪੀ. ਚੜ੍ਹਦੀ ਕਲ੍ਹਾ ਵਿਚ ਜਾ ਰਹੀ ਹੈ। ਸਾਰੀ ਕੈਨੇਡਾ ਦੀ ਅੱਖਾਂ ਏਧਰ ਲੱਗੀਆਂ ਹੋਈਆਂ ਸਨ। ਕਿਉਂਕਿ ਪੋਲਾਂ ਵਿਚ ਐਨ.ਡੀ.ਪੀ. ਦੂਜੇ ਦਰਜੇ ਤੇ ਆ ਢੁੱਕੀ ਹੈ। ਕਿਊਬਿਕ ਦੇ ਵਿਚ ਇਹ ਲਿਬਰਲ ਦੇ ਬਰਾਬਰ ਹੈ। ਟੋਰੀ ਸਰਕਾਰ ਚੌਥੇ ਦਰਜੇ ਤੇ ਹੈ। ਇਸ ਸਰਕਾਰ ਤੋਂ ਉਹ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਜਿਨ੍ਹਾਂ ਦਾ ਅਜੇ ਮਨ ਨਹੀਂ ਬਣਿਆ ਕਿ ਉਨ੍ਹਾਂ ਕਿਸ ਪਾਰਟੀ ਨੂੰ ਵੋਟ ਪਾਉਣੀ ਹੈ। ਆਮ ਲੋਕਾਂ ਦਾ ਵਿਚਾਰ ਹੈ ਜੇ ਅੱਜ ਚੋਣਾਂ ਹੋ ਜਾਣ ਤਾਂ ਐਨ.ਡੀ.ਪੀ. ਦੇ ਸੌ ਐਮ.ਪੀ. ਹੋ ਸਕਦੇ ਹਨ।

ਐਨ.ਡੀ.ਪੀ. ਨੇ ਮਤੇ ਭੀ ਧਿਆਨ ਨਾਲ ਚੁਣੇ। ਬੈਂਕਾਂ ਨੂੰ ਨੈਸ਼ਨਲਆਈਜ਼ ਕਰਨ ਦਾ ਮਤਾ ਰੱਦ ਹੋ ਗਿਆ। ਕਈ ਲੋਕਾਂ ਦਾ ਖਿਆਲ ਸੀ ਕਿ ਜਿੰਨਾ ਚਿਰ ਬੈਂਕਾਂ ਦੀ ਤਾਕਤ ਨਾ ਘਟਾਈ ਜਾਵੇ ਉਨ੍ਹਾਂ ਚਿਰ ਬੇਰੁਜ਼ਗਾਰੀ ਖਤਮ ਨਹੀਂ ਹੋ ਸਕਦੀ। ਅਮੀਰ ਜੁੰਡਲੀ ਬੇਰੁਜ਼ਗਾਰੀ ਰੱਖਣਾ ਚਾਹੁੰਦੀ ਹੈ ਤੇ ਲੋਕਾਂ ਨੂੰ ਸਹਿਮਾ ਕੇ ਰੱਖਦੀ ਹੈ। ਮਨ ਮਰਜ਼ੀ ਨਾਲ ਮਾਰਗੇਜ਼ਾਂ ਦੇ ਰੇਟ ਉਤੇ ਥੱਲੇ ਕਰ ਦਿੰਦੇ ਹਨ। ਜਿਥੇ ਇਕ ਗਰੀਬ ਨੂੰ ਮਾਰਗੇਜ਼ ਘਰ ਖਰੀਦਨ ਲਈ ਨਹੀਂ ਮਿਲਦਾ ਉਥੇ ਇਹ ਵੱਡੀਆਂ ਬਿਜ਼ਨਸਾਂ ਨੂੰ ਬਿਲੀਅਨ ਡਾਲਰ ਉਧਾਰੇ ਦੇ ਦਿੰਦੇ ਹਨ। ਵੱਡੀਆਂ ਬਿਜ਼ਨਸਾਂ ਤੋਂ ਕੰਮ ਕਰਨ ਵਾਲੇ ਵਿਅਕਤੀ ਨਾਲੋਂ ਘਾਟਾ ਪੈਣ ਦਾ ਖਤਰਾ ਵਧੇਰਾ ਹੈ ਪਰ ਫਿਰ ਵੀ ਬੈਂਕ ਅਮੀਰਾਂ ਨੂੰ ਪੈਸੇ ਉਧਾਰੇ ਦੇਣ ਵਿਚ ਤਰਜੀਹ ਦਿੰਦੀਆਂ ਹਨ। ਇਕ ਡੈਲੀਗੇਟ ਨੇ ਕਿਹਾ ਕਿ ਸਭ ਤੋਂ ਵਧੀਆ ਤਰੀਕਾ ਐਨ.ਡੀ.ਪੀ. ਸਰਕਾਰ ਕੋਲੋ ਰੀਜ਼ਰਵ ਬੈਂਕ [Bank of Canada] ਦਾ ਕੰਟਰੋਲ ਹੋਵੇਗਾ ਜਿਸ ਨਾਲ ਉਹ ਸਾਰੇ ਬੈਂਕਾਂ ਨੂੰ ਸੇਧ ਦੇ ਸਕੇਗਾ।

## ਘੱਟ ਗਿਣਤੀਆਂ ਲਈ ਸਪੈਸ਼ਲ ਥਾਂ

ਕਿਊਬਿਕ ਨੂੰ ਵਿਧਾਨ ਦੀ ਭੂਮਿਕਾ ਵਿਚ ਇਕ ਵਿਸ਼ੇਸ਼ ਥਾਂ ਦੇਣ ਦਾ ਮਤਾ ਪਾਸ ਹੋਇਆ। ਫਰਾਂਸੀਸੀ ਲੋਕਾਂ ਦਾ ਇਕ ਵੱਖਰੀ ਜ਼ਬਾਨ ਤੇ ਸਭਿਆਚਾਰ ਦੀ ਕੈਨੇਡਾ ਵਿਚ ਇਕ ਵਿਸ਼ੇਸ਼ ਥਾਂ ਹੈ ਤੇ ਇਸਦੀ ਪਹਿਚਾਨ ਕਰਨੀ ਜ਼ਰੂਰੀ ਹੈ। ਪੈਸੇ,ਸਾਬਰਨਟੀ ਜਾਂ ਜਦ ਜ਼ਬਾਨ ਦਾ ਮਸਲਾ ਹੋਵੇ ਤਾਂ ਫਰੈਂਚ ਲੋਕਾਂ ਨੂੰ ਇਕ ਵੀਟੋ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਹ ਮੰਨਿਆ ਜਾਵੇ ਕਿ ਫਰਾਂਸੀਸੀ ਲੋਕ ਕੈਨੇਡਾ ਵਿਚ ਘੱਟ ਗਿਣਤੀ ਹਨ। ਸਾਰੇ ਕੈਨੇਡਾ ਵਿਚ ਤਿੰਨ ਹਿੱਸੇ ਹੋਰ ਲੋਕ ਹਨ ਤੇ ਇਕ ਹਿੱਸਾ ਫਰਾਂਸੀਸੀ ਲੋਕਾਂ ਯਾਨੀ ਚੌਥਾ ਹਿੱਸਾ ਇਨ੍ਹਾਂ ਦੀ ਆਬਾਦੀ ਹੈ। ਪਰ ਆਰਥਕ ਤੌਰ ਤੇ ਇਹ ਕਾਫੀ ਗਰੀਬ ਰਹੇ ਹਨ ਕਿਉਂਕਿ ਅੱਜ ਭੀ ਪੰਜਾਹ ਪਰਸੈਂਟ ਫੈਕਟਰੀਆਂ ਤੇ ਮਿੱਲਾਂ ਬਰਤਾਨੀਆਂ ਦੇ ਗੋਰਿਆਂ ਦੇ ਹੱਥ ਹਨ। ਬਹੁਤੇ ਲੋਕ ਮਜ਼ਦੂਰੀ ਦਾ ਹੀ ਕੰਮ ਕਰਦੇ ਹਨ। ਆਪਦੇ ਮੁਲਕ ਵਿਚ ਕੰਮ ਕਰਨ ਲਈ ਭੀ ਇਨ੍ਹਾਂ ਨੂੰ ਅੰਗਰੇਜ਼ੀ ਬੋਲਣ ਦੀ ਲੋੜ ਹੈ। ਫਰਾਂਸੀ ਲੋਕਾਂ ਨੂੰ ਇਨ੍ਹਾਂ ਗੱਲਾਂ ਦਾ ਵੱਡਾ ਰੋਸ ਸੀ ਇਸੇ ਕਰਕੇ ਕਿਊਬਿਕ ਦੀ ਪਾਰਟੀ ਬਣੀ ਤੇ ਅੱਡ ਹੋਣ ਦੀ ਲਹਿਰ ਚਲੀ ਸੀ। ਪਰ ਅੱਜ ਕਿਊਬਿਕ ਦੀ ਪਾਰਟੀ ਐਨ.ਡੀ.ਪੀ.ਦੇ ਨਾਲ ਰਲ ਗਈ ਹੈ। ਇਹ ਮਤੇ ਪਾਸ ਹੋਣ ਨਾਲ ਐਨ.ਡੀ.ਪੀ. ਦੀ ਮੱਦਦ ਹੋਰ ਭੀ ਵੱਧ ਜਾਵੇਗੀ। ਇਹ ਹੜ੍ਹ ਜੋ ਚੱਲਿਆ ਹੈ ਬੜੇ ਜ਼ੋਰਾਂ ਤੇ ਹੈ। ਜੇ ਇਸ ਤਰ੍ਹਾਂ ਹੀ ਰਿਹਾ ਇਉਂ ਲੱਗਦਾ ਹੈ ਕਿ ਕਿਊਬਿਕ ਵਿਚ ਐਨ.ਡੀ.ਪੀ. ਦੇ ਬਹੁਤ ਹੀ ਐਮ.ਪੀ. ਹੋਣਗੇ।

ਉਤਲੇ ਮਤੇ ਦਾ ਘੱਟ ਗਿਣਤੀ ਲੋਕਾਂ ਨੂੰ ਭੀ ਬਹੁਤ ਹੀ ਫਲ ਹੋਵੇਗਾ। ਜਦ ਇਹ ਫਿਲਾਸਫੀ ਤਹਿ ਹੋ ਗਈ ਕਿ ਐਨ.ਡੀ.ਪੀ. ਘੱਟ ਗਿਣਤੀ ਲੋਕਾਂ ਦੀ ਬੋਲੀ ਤੇ ਸਭਿਆਚਾਰ ਦਾ ਸਤਿਕਾਰ ਕਰੇਗੀ ਤਾਂ ਕੱਲ੍ਹ ਨੂੰ ਹੋਰ ਭੀ ਲੋਕ ਇਹ ਮੰਗ ਕਰ ਸਕਦੇ ਹਨ ਤ ਫਰਾਂਸੀ ਲੋਕਾਂ ਨੇ ਇਹ ਰਾਹ ਖੋਲ੍ਹ ਦਿਤਾ ਹੈ। ਇਸਤੋਂ ਇਲਾਵਾ ਖਾਸ ਕਰਕੇ ਰੰਗਦਾਰ ਲੋਕਾਂ ਲਈ ਚਾਰ ਮਤੇ ਪਾਸ ਹੋਏ। ਇਕ ਤਾਂ ਇਹ ਨੌਕਰੀਆਂ ਲਈ ਰੰਗਦਾਰ ਲੋਕਾਂ ਲਈ ਵਿਸ਼ੇਸ਼ ਪਰੋਗਰਾਮ ਹੋਣ। ਦੂਸਰਾ ਰੰਗਦਾਰ ਔਰਤਾਂ ਲਈ ਭੀ ਵਿਸ਼ੇਸ਼ ਤੌਰ ਤੇ ਅੰਗਰੇਜ਼ੀ ਟਰੇਨਿੰਗ ਲਈ ਤੇ ਕੰਮ ਦੀ ਪੜਤਾਲ ਕਰਨ ਲਈ ਮਤੇ ਪਾਸ ਹੋਏ। ਇਕ ਮਤਾ ਕਿ ਸਿੱਖਾਂ ਲਈ ਇਨਸਾਫ ਦੀ ਮੰਗ ਤੇ ਯੋਗ ਤਰੀਕੇ ਨਾਲ ਅਦਾਲਤੀ ਮੁਕੱਦਮੇ ਹੋਣ। ਐਨ.ਡੀ.ਪੀ. ਤੋਂ ਮੰਗ ਕੀਤੀ ਗਈ ਕਿ ਉਹ ਹਿੰਦ ਸਰਕਾਰ ਨੂੰ ਇਸ ਬਾਰੇ ਆਖੇ। ਤੇ ਦੂਸਰਾ ਮਤਾ ਕਿ ਐਨ.ਡੀ.ਪੀ. ਰੰਗਦਾਰ ਲੋਕਾਂ ਵਿਚੋਂ ਅਗਾਂਹਮੀ ਚੋਣਾਂ ਲਈ ਉਮੀਦਵਾਰ ਰਕਰੂਟ ਕਰੇ ਤੇ ਉਨ੍ਹਾਂ ਨੂੰ ਸਿਆਸਤ ਵਿਚ ਆਉਣ ਲਈ ਹੌਂਸਲਾ ਹਫਜ਼ਾਈ ਕਰੇ। ਇਹ ਦੋਨੋਂ ਮਤੇ ਵਕਤ ਦੀ ਥੁੜ੍ਹ ਕਰਕੇ ਪਾਸ ਨਹੀਂ ਹੋਏ ਪਰ ਐਗਜ਼ੈਕਟਿਵ ਕੌਂਸਲ ਨੰ ਪੇਸ਼ ਕਰਨ ਲਈ ਭੇਜੇ ਜਾਣਗੇ।

ਦੁਨੀਆਂ ਵਿਚ ਅਮਨ ਕਾਇਮ ਕਰਨ ਲਈ ਇਹ ਸੱਦਾ ਦਿਤਾ ਗਿਆ ਕਿ ਯੂਰੇਨੀਅਮ ਦੀ ਮਾਈਨਿੰਗ ਬੰਦ ਕੀਤੀ ਜਾਵੇ ਤੇ ਇਨ੍ਹਾਂ ਮਾਈਨਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਮੁਆਵਜ਼ਾ ਤੇ ਟਰੇਨਿੰਗ ਦਿਤੀ ਜਾਵੇ ਤਾਂਕਿ ਉਹ ਕੰਮ ਹੋਰ ਕਿਤੇ ਲੱਭ ਲੈਣ। ਬਿੱਲ ਵੈਂਡਰ ਜਾਮ ਦੀ ਬੀ.ਸੀ. ਵਿਚ ਯੂਰੇਨੀਅਮ ਦੀਆਂ ਖਾਨਾਂ ਖੋਹਲਣ ਦੀ ਵਿਰੋਧਤਾ ਕੀਤੀ ਗਈ ਆਦਿ ਕਿ ਉਨ੍ਹਾਂ ਦੀਆਂ ਨਰਾਜ਼ਗੀਆਂ ਵੱਲ ਧਿਆਨ ਦਿਤਾ ਜਾਵੇ ਤੇ ਉਨ੍ਹਾਂ ਦੇ ਜ਼ਾਤੀ ਤੇ ਟਰੀਟੀ ਹੱਕਾਂ ਦਾ ਸਤਿਕਾਰ ਕੀਤਾ ਜਾਵੇ। ਨੌਜੁਆਨ ਬੇਰੁਜ਼ਗਾਰੀ ਵੱਲ ਧਿਆਨ ਤੇ ਉਨ੍ਹਾਂ ਦੀ ਉੱਚ ਵਿਦਿਅ ਲਈ,ਭਾਵੇਂ ਉਹ ਗਰੀਬ ਹੋਵੇ ਜਾਂ ਅਮੀਰ,ਲੋਕ ਦਿਤੇ ਜਾਣ ਤੇ ਹਰ ਤਰ੍ਹਾਂ ਦੀ ਮੱਦਦ ਦਿੱਤੀ ਜਾਵੇ ਤਾਂਕਿ ਹਰ ਬੱਚੇ ਨੂੰ ਉਸਦੀ ਲਿਆਕਤ ਅਨੁਕੂਲ ਵਿਦਿਆ ਪ੍ਰਾਪਤ ਕਰਨ ਦਾ ਯੋਗ ਹੱਕ ਹੋ ਸਕੇ। ਇਸ ਤਰ੍ਹਾਂ ਹੀ ਇਸਤਰੀ ਪੁਰਸ਼ ਦੀ ਬਰਾਬਰਤਾ ਦੇ ਹੱਕ ਦੇ ਮਤੇ ਪਾਸ ਹੋਏ।

ਇਸ ਕਨਵੈਨਸ਼ਨ ਦੀ ਸੇਧ ਬੜੀ ਚੰਗੀ ਸੀ। ਪਰ ਕੀ ਐਨ.ਡੀ.ਪੀ. ਇਹ ਸੇਧ ਰੱਖੇਗੀ? ਇਸਨੂੰ ਸਹੀ ਰਾਹ ਤੇ ਰੱਖਣਾ ਲੋਕਾਂ ਦਾ ਫਰਜ਼ ਹੈ। ਟੋਰੀ ਸਰਕਾਰ ਨੇ ਭੀ ਬੜੇ ਵਾਅਦੇ ਕੀਤੇ ਸਨ ਪਰ ਜਦ ਤਾਕਤ ਵਿਚ ਆ ਗਈ ਤਾਂ ਕੁਕਰਮ ਸ਼ੁਰੂ ਹੋ ਗਏ। ਬਹੁਤ ਹੀ ਮਨਿਸਟਰਾਂ ਨੇ ਜੇਬਾਂ ਭਰੀਆਂ ਤੇ ਰਿਸ਼ਵਤਾਂ ਖਾਧੀਆਂ। ਤਾਕਤ ਵਿਚ ਵੱਡਾ ਨਸ਼ਾ ਹੈ ਇਹ ਗਿਆਨੀਆਂ ਧਿਆਨੀਆਂ ਦੇ ਦਿਮਾਗ ਖਰਾਬ ਕਰ ਦਿੰਦੀ ਹੈ। ਇਸ ਕਰਕੇ ਸਾਡਾ ਫਰਜ਼ ਬਣਦਾ ਹੈ ਜੋ ਗਲਤੀ ਕਰੇ ਉਸਦੇ ਬਰਖਿਲਾਫ ਆਵਾਜ਼ ਉਠਾਈਏ ਤੇ ਉਸ ਪਾਰਟੀ ਨੂੰ ਸਿੱਧੇ ਰਾਹ ਪਾਉਣ ਦੀ ਕੋਸ਼ਿਸ ਕਰੀਏ। ਢਿੱਲੇ ਬੈਠਣ ਨਾਲ ਕੁਝ ਨਹੀਂ ਬਣਦਾ। ਸਾਡੇ ਤਾਂ ਸੁੱਤੇ ਪਿਆਂ ਦੇ ਖੀਸੇ ਕੱਟੇ ਜਾ ਰਹੇ ਹਨ। ਜੇ ਕਿਤਾਬਾਂ ਵਿਚ ਚੰਗੀਆਂ ਗੱਲਾਂ ਲਿਖੀਆਂ ਹਨ ਤਾਂ ਉਨ੍ਹਾਂ ਤੇ ਅਮਲ ਕਰਾਉਣ ਲਈ ਭੀ ਕੰਮ ਦੀ ਲੋੜ ਹੈ। ਸਾਨੂੰ ਹਰ ਪਾਰਟੀ ਤੇ ਹਰ ਪੱਧਰ ਤੇ ਇਹ ਗੱਲ ਕਰਨੀ ਪਵੇਗੀ। ਚਲਾਕ ਸਿਆਸਤਦਾਨਾਂ ਦੀ ਗੱਲ ਉਪਰੋਂ ਹੋਰ ਤੇ ਥੱਲਿਉਂ ਹੋਰ। ਸਾਨੂੰ ਕਿਸੇ ਹਕੂਮਤ ਨਾਲ ਰਲਣਾ ਨਹੀਂ ਚਾਹੀਦਾ ਜਿੰਨ੍ਹਾ ਚਿਰ ਉਹ ਲੋਕਾਂ ਦੀ ਗੱਲ ਨਾ ਕਰੇ। ਇਸ ਤਰ੍ਹਾਂ ਹੀ ਜਦ ਐਨ.ਡੀ.ਪੀ. ਤਾਕਤ ਵਿਚ ਆਈ ਤੇ ਆਪਦੇ ਮਤਿਆਂ ਤੇ ਲਿਖੇ ਤੇ ਅਮਲ ਨਾ ਕਰੇ ਤਾਂ ਸਾਨੂੰ ਇਨ੍ਹਾਂ ਮਗਰ ਭੀ ਜੁਤ ਚੁੱਕਣਾ ਪਵੇਗਾ। ਲਿਖਿਆ ਤੇ ਅਮਲਾਂ ਵਿਚ ਹਮੇਸ਼ਾ ਫਰਕ ਰਹੇਗਾ ਜਿਵੇਂ ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੈ "ਸੋ ਕਿਉਂ ਮੰਦਾ ਆਖੀਏ ਜਿਤ ਜੰਮਿਆ ਰਾਜ਼ਾਨ"। ਕੀ ਔਰਤਾਂ ਨੂੰ ਸਿੱਖ ਕਮਿਊਨਿਟੀ ਵਿਚ ਬਰਾਬਰਤਾ ਮਿਲੀ ਹੈ? ਇਹ ਸਾਡਾ ਫਰਜ਼ ਹੈ ਇਨ੍ਹਾਂ ਅਸੂਲਾਂ ਨੂੰ ਅਮਲਾਂ ਵਿਚ ਲਿਆਉਣ ਦਾ ਤੇ ਇਨ੍ਹਾਂ ਮਸਲਿਆਂ ਤੇ ਵਜ਼ਨਦਾਰ ਕੰਮ ਕਰਨ ਦਾ।

ਚਰਨਪਾਲ ਗਿੱਲ

# ਸ਼ਰਧਾਂਜ਼ਲੀ ਸਮਾਗਮ

ਵਿਨੀਪੈੱਗ:—ਬੀਤੇ 8 ਮਾਰਚ ਨੂੰ ਗੁਰਦਵਾਰ ਸਿੰਘ ਸਭਾ ਵਿਨੀਪੈਗ ਵਿਖੇ ਸਵਰਗਵਾਸੀ ਗੁਰਨਾਮ ਸਿੰਘ ਧਾਲੀਵਾਲ ਦੀ ਯਾਦ ਵਿਚ ਸ਼ਰਧਾਂਜ਼ਲੀ ਸਮਾਰੋਹ ਹੋਇਆ ਜਿਸ ਵਿਚ ਵੱਡੀ ਗਿਣਤੀ 'ਚ ਪਤਵੰਤੇ ਸ਼ਾਮਲ ਹੋਏ। ਗੁਰਨਾਮ ਸਿੰਘ ਹੋਰਾਂ ਦੀ ਪਿਛਲੇ ਸਾਲ ਟੈਕਸੀ ਚਲਾਉਂਦੇ ਹੋਏ ਹੱਤਿਆ ਕਰ ਦਿਤੀ ਗਈ ਸੀ। ਉਸਤੋਂ ਬਾਅਦ ਮੈਨੀਟੋਬਾ ਸਰਕਾਰ ਨੇ ਟੈਕਸੀਆਂ ਲਈ ਸੇਫਟੀ ਸ਼ੀਲਡ ਦਾ ਕਾਨੂੰਨ ਬਣਾ ਦਿੱਤਾ ਹੈ।

ਇਸ ਸਮਾਰੋਹ ਵਿਚ ਕਮਿਊਨਿਟੀ ਦੇ ਪਤਵੰਤੇ ਸੱਜਣ ਸ਼ਾਮਲ ਹੋਏ। ਸਥਾਨਕ ਐਮ.ਐਲ.ਏ. ਮਾਰਟੀ ਡੋਜਨ ਵੀ ਹਾਜ਼ਰ ਸਨ। ਗੁਰਨਾਮ ਸਿੰਘ ਦੀ ਯਾਦ ਵਿਚ ਭਾਰਤ ਵਿਚ ਦੋ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਦਾ ਐਲਾਨ ਵੀ ਕੀਤਾ ਗਿਆ।


ਫਾਰਮ ਵਰਕਰਾਂ ਦੀ ਲੋੜ ਹੈ
ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:
ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੱਕੇ)
590-1438



ਸੁਪਰ ਫੋਟੋ ਸਟੂਡੀਓ
Passport Photos 5 Mins. Service
Quality Portraits
Our Bussiness Weddings
Super Photo Studio
9375 - 120th St. (Scott Rd.) Delta



Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ
Off. 589-4668
Res. 596-3770



NEW YORK LIFE
NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA

Life, Health, Group Insurance,
Annuities, Pension Plans
Temprary and Permanent Policies



Bhupinder Dhaliwal

Smokers & Non Smokers Rates
ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ
ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ:
Off: 685-7364 Bhupinder Dhaliwal Res: 589-1559

# ਯੂਬਾ ਸਿਟੀ ਗਾਈਡ




**GSB**

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਫ਼ਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ



## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR®

**MLS**

**Domain Realty**

(916) 671-4817

**Broker: Dr. Gulzar S. Johl**
**2086 Live Oak Blvd.**
**Suite C**
**Yuba City, CA 95991**



Fly any Air Line of Your Choice

**Travel Concepts**

**Full Service Travel Agency**
**Air Line Tickets to anywhere in the World**

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਕਿਸਮ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

**459 Palora Ave. Yuba City, CA 95901** **(916) 671-3922**



Large Selection of Punjabi Books For Sale

# SARI PALACE

Airline Tickets to Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

**(916) 671-3105**

472 Palora Ave.
Yuba City
Calif. 95991

# ਅਕਾਲੀ ਲੀਡਰਸ਼ਿਪ ਦੀ ਚੋਣ ਨਵੀਂ ਭਰਤੀ ਪਿੱਛੋਂ ਹੋਵੇ- ਗੁਲਸ਼ਨ

ਰਾਮਪੁਰਾ ਫੂਲ:—ਨਵੇਂ ਅਕਾਲੀ ਦਲ ਵਿਚ ਸ਼ਾਮਲ ਹੋ ਉੱਕੇ ਬਾਦਲ ਅਕਾਲੀ ਦਲ ਦੇ ਬਜ਼ੁਰਗ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਧੰਨਾ ਸਿੰਘ ਗੁਲਸ਼ਨ ਨੇ ਇਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਸਿੰਘ ਸਾਹਿਬਾਨ ਅਤੇ ਅਕਾਲ ਤਖਤ ਪਹਿਲਾਂ ਕਦੇ ਵੀ ਇੰਨੇ ਵਿਵਾਦਗ੍ਰਸਤ ਨਹੀਂ ਰਹੇ ਜਿੰਨੇ ਵਰਤਮਾਨ ਹਾਲਾਤ ਵਿੱਚ ਹੋ ਗਏ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਲਏ ਗਏ ਫੈਸਲੇ ਅਤੇ ਦਿੱਤੇ ਗਏ ਆਦੇਸ਼ ਸਬੰਧੀ ਅਕਾਲੀ ਦਲ ਦੇ ਪੁਰਾਤਨ ਇਤਿਹਾਸ,ਇਸਦੇ ਸਿਧਾਂਤ ਅਤੇ ਨਿਯਮਾਂ ਨੂੰ ਘੋਖਿਆ ਨਹੀਂ ਗਿਆ ਅਤੇ ਸਿਖ ਰਵਾਇਤਾਂ ਅਤੇ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਕੀਤੇ ਰਹਿਤਨਾਮਿਆਂ ਨੂੰ ਪੂਰੀ ਤਰ੍ਹਾਂ ਵਿਚਾਰਿਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸਿਧਾਂਤਾਂ ਅਤੇ ਨਿਯਮਾਂ ਅਨੁਸਾਰ ਸਾਰੇ ਪੱਖਾਂ ਨੂੰ ਸੁਣ ਕੇ ਲੋਕਰਾਜੀ ਤਰੀਕੇ ਅਨੁਸਾਰ ਨਵੀਂ ਭਰਤੀ ਕਰ ਕੇ ਚੋਣ ਕਰਵਾਉਣੀ ਚਾਹੀਦੀ ਸੀ। ਸ੍ਰੀ ਗੁਲਸ਼ਨ ਨੇ ਕਿਹਾ ਹੈ ਕਿ ਭਾਵੇਂ ਮੇਰੇ ਸ.ਸੁਰਜੀਤ ਸਿੰਘ ਬਰਨਾਲਾ ਨਾਲ ਅਨੇਕਾਂ ਨਿਜੀ ਅਤੇ ਰਾਜਸੀ ਮਤਭੇਦ ਹਨ ਪਰ ਫਿਰ ਵੀ ਮੈਂ ਸਮਝਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੇ 70 ਸਾਲਾ ਪੁਰਾਣੇ ਇਤਿਹਾਸ ਨੂੰ ਮਿਟਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਦੀ ਸਿਰਜਣਾ ਕਰਨ ਵਾਲੇ ਪੁਰਾਣੇ ਅਕਾਲੀ ਕਾਰਕੁਨਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਏਕਤਾ ਲਈ ਕੋਈ ਸਰਵ ਪ੍ਰਵਾਨਤ ਹੱਲ ਕੱਢਣ ਲਈ ਅੱਗੇ ਆਉਣ।

ਪੰਨਾ 15 ਦੀ ਬਾਕੀ

ਹੁਣ ਤੂੰ ਪ੍ਰਸੰਨ-ਚਿੱਤ ਗਾ  
ਖੁਸ਼ੀਆਂ ਦਾ ਰਾਗ ਛੇੜ।  
ਗਾਈਂ ਜਾਕੇ ਤੂੰ ਖੁਸ਼ੀ ਦੇ ਤਰਾਨੇ,  
ਛੇੜੀ ਜਾ ਤੂੰ ਮਧੁਰਧੁਨੀ ਦਾ ਰਾਗ।

ਮੇਰੇ ਨਾਲ (ਦੇਸ਼ ਵਿਚ, ਪਰਦੇਸ਼ ਵਿਚ)ਸੌ ਫੀਸਦੀ ਮਰਦ,ਇਸਤਰੀਆਂ,ਮੁੰਡੇ ਤੇ ਕੁੜੀਆਂ ਸਹਿਮਤ ਹਨ ਕਿ ਕੁੜੀਆਂ ਤੇ ਮੁੰਡਿਆਂ ਦੇ ਵਿਆਹ ਕਰਨ ਦੇ ਫੈਸਲੇ ਕਰਨ ਵਿਚ ਮਾਤਾ ਪਿਤਾ ਦੀ ਹੀ ਸਰਦਾਰੀ ਕਬੂਲਣੀ ਚਾਹੀਦੀ ਹੈ। ਹਾਂ ਮਾਤਾ ਪਿਤਾ ਦਾ ਫਰਜ਼ ਬਣਦਾ ਹੈ ਕਿ ਪੁਰਾਣੀਆਂ ਲੀਹਾਂ ਤੇ ਚੱਲਣ ਦੀ ਥਾਂ ਬਦਲੇ ਸਮੇਂ ਦੇ ਅਨੁਕੂਲ ਰਸਤੇ ਉਲੀਕਣ। ਮੁੰਡੇ ਕੁੜੀਆਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਣ। ਅਸ ਕਦਾਚਿਤ ਵੀ ਆਗਿਆ ਨਹੀਂ ਦੇ ਸਕਦੇ ਕਿ ਅਸੀਂ ਇੰਨ ਬਿਨ ਪੱਛਮੀ ਢੰਗਾਂ ਤੇ ਅਮਲ ਕਰੀਏ। ਮੇਰੇ ਨਿੱਜੀ ਸੁਝਾਅ ਹਨ।

(1) ਅਸੀਂ ਆਪਣੀ ਔਲਾਦ ਨੂੰ ਪੱਛਮ ਦੇ ਔਗੁਣਾਂ ਤੋਂ ਬਚਾਈਏ। ਬੱਚੇ ਪੱਛਮੀ ਗੁਣ ਨਹੀਂ ਧਾਰਨ ਕਰਦੇ,ਔਗੁਣ ਅਪਣਾਂਦੇ ਹਨ।  
(2) ਬੱਚੇ,ਬੱਚੀਆਂ ਨੂੰ ਧਾਰਮਕ ਵਿਦਿਆ ਦੇਈਏ।  
(3) ਮੁੰਡੇ ਕੁੜੀਆਂ ਦੀ ਸਹੀ ਅਗਵਾਈ ਕਰੀਏ,ਉਨ੍ਹਾਂ ਨੂੰ ਜੀਵਨ ਦੇ ਧੋਖਿਆਂ ਤੋਂ ਬਚਾਈਏ।  
(4) ਉਨ੍ਹਾਂ ਨੂੰ ਆਪਣੇ ਵੱਡੇ ਵਡੇਰਿਆਂ ਦੇ ਕਾਰਨਾਮੇ ਸੁਣਾਏ ਜਾਣ।  
(5) ਇਹ ਦੱਸੀਏ ਕਿ ਜੀਵਨ ਦਾ ਠੀਕ ਵਤੀਰਾ ਕੀ ਹੁੰਦਾ ਹੈ।

ਮਾਤਾ ਪਿਤਾਵਾਂ ਦੀਆਂ ਸਿਖਿਆਵਾਂ 'ਸੋਨੇ ਦੇ ਢੇਰ'ਤੇ 'ਚਾਂਦੀ ਦੇ ਅੰਕਾਰ ਹੁੰਦੇ ਹਨ। ਉਨ੍ਹਾਂ ਤੇ ਅਮਲ ਕਰਨਾ,ਜੀਵਨ ਦੇ ਪਾਣੀਆਂ ਵਿਚ ਪਸਰੇ ਹੋਏ 'ਭੰਵਰਾਂ'ਤੋਂ ਬਚਣਾ ਹੈ। ਉਨ੍ਹਾਂ ਦੇ ਰਾਹਾਂ 'ਚ ਅਖੌਤੀ ਪਿਆਰੇ ਤੇ ਪਿਆਰੀਆਂ ਨੇ ਦੰਭ ਤੇ ਫਰੇਬ ਦੇ ਜਾਲ ਖਿਲਾਰੇ ਹੋਏ ਹਨ। ਉਨ੍ਹਾਂ 'ਚ ਨਾ ਫਸਿਆ ਜਾਵੇ। ਉਹ ਤਾਂ 'ਭੋਲੇ ਭਾਲੇ ਪੰਛੀਆਂ ਨੂੰ ਫਾਥਣ ਲਈ 'ਚੋਗਾਂ-ਭਰੇ ਜਾਲ ਨੇ।

ਸ਼ਾਲਾ ਸਾਡੀਆਂ ਹੋਣਹਾਰ ਬੱਚੀਆਂ ਤੇ ਨੌ ਨਿਹਾਲ (ਬੱਚੇ) ਧੋਖਿਆਂ ਤੋਂ ਬਚਦ ਦੇ ਆਹਰ ਜੁਟ ਜਾਣ। ਮਾਪੇ ਉਨ੍ਹਾਂ ਦੀ ਸਹੀ ਅਗਵਾਈ ਕਰਨ ਤੇ ਸਾਰਿਆਂ ਦੇ ਜੀਵਨ ਵਿਚ ਮਿਸ਼ਰੀਆਂ ਘੁਲ ਮਿਲ ਜਾਵਣ,ਕੁੜੱਤਣਾਂ ਉਡ ਪੁੱਡ ਜਾਣ ਜੀਵਨ ਖੁਸ਼ੀਆਂ ਭਰੇ ਹੋਣ। ਸ਼ਿਕਵਿਆਂ ਦੇ ਤੇਜ਼ਾਬ ਦੀ ਥਾਂ ਪਿਆਰਾਂ ਦੀ ਸਰਬਤ ਹੋਵੇ। ਆਲੇ ਦੁਆਲੇ 'ਚ ਪਿਆਰਾਂ ਦੇ ਨਗਮੇ ਗੂੰਜ ਉਠਣ ਤੇ ਇਹਸੰਸਾਰ ਰਬਾਨੀ ਬਖਸ਼ਸ਼ ਦਾ ਕੇਂਦਰ ਬਣ ਜਾਵੇ। ਅਮੀਨ।

## ਫਿਲਮ "ਹਕੂਮਤ" ਦੇ ਕੁਝ ਹਿੱਸੇ ਕੱਟ ਕੇ ਪ੍ਰਵਾਨ

ਬੰਬਈ —— ਵਾਦ-ਵਿਵਾਦ ਪੂਰਨ ਅੱਤਵਾਦ ਵਿਰੋਧੀ ਫਿਲਮ 'ਹਕੂਮਤ' ਦੀ ਪ੍ਰਵਾਨਗੀ ਦੇਣ ਵਾਲੇ ਟ੍ਰਿਬਿਊਨਲ ਵਲੋਂ ਇਸ ਫਿਲਮ ਨੂੰ ਪਾਸ ਕਰ ਦਿੱਤਾ ਗਿਆ ਹੈ। ਇਸ ਫਿਲਮ ਵਿਚ ਲੋਕ ਪ੍ਰਿਯ ਅਭਿਨੇਤਾ ਧਰਮਿੰਦਰ ਇਕ ਇਮਾਨਦਾਰ ਪੂਰਨ ਪੁਲਸ ਅਫਸਰ ਦਾ ਰੋਲ ਅਦਾ ਕਰ ਰਹੇ ਹਨ ਜਿਸਨੇ ਅੱਤਵਾਦ ਨੂੰ ਖਤਮ ਕਰਨ ਦਾ ਤਹਈਆ ਕੀਤਾ ਹੋਇਆ ਹੈ। ਇਸ ਫਿਲਮ ਨੂੰ ਪਹਿਲਾਂ ਪ੍ਰਵਾਨਗੀ ਨਹੀਂ ਸੀ ਦਿੱਤੀ ਗਈ ਅਤੇ ਕਿਹਾ ਗਿਆ ਸੀ ਇਸ ਨਾਲ ਪੁਲਸ, ਜੁਡੀਸ਼ਰੀ ਅਤੇ ਸਾਰੇ ਪ੍ਰਸ਼ਾਸਨ ਦੀ ਬਦਨਾਮੀ ਹੁੰਦੀ ਹੈ।

ਪਰ ਹੁਣ ਇਸ ਫਿਲਮ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਪਰ ਨਾਲ ਹੀ ਕੁਝ ਹਿੱਸੇ ਕੱਟ ਵੀ ਦਿੱਤੇ ਗਏ ਹਨ। ਇਸ ਫਿਲਮ ਦੇ ਦੋ ਮੁੱਖ ਗੀਤ ਵੀ ਕੱਟ ਦਿੱਤੇ ਗਏ ਹਨ। ਟ੍ਰਿਬਿਊਨਲ ਦੇ ਦੋ ਆਦਮੀਆਂ ਨੇ ਇਹ ਫਿਲਮ ਵੇਖੀ ਸੀ ਅਤੇ ਇਸ ਦੀ ਮੰਜ਼ੂਰੀ ਦੇ ਦਿੱਤੀ ਅਤੇ ਦੋ ਗੀਤ ਕੱਟ ਦਿੱਤੇ। ਇਸ ਫਿਲਮ ਵਿਚ ਇਕ ਭ੍ਰਿਸ਼ਟ ਪੁਲਸ ਅਧਿਕਾਰੀ ਨੂੰ ਸ਼ਹਿਰ ਦੀਆਂ ਗਲੀਆਂ ਵਿਚ ਫਿਰਾਇਆ ਜਾਂਦਾ ਹੈ।

## ਅਦਾਲਤ ਤੋਂ ਪਹਿਲਾਂ ਪ੍ਰਮਾਤਮਾ ਨੇ ਸੱਦ ਲਿਆ

**ਅੰਬਾਲਾ —— ਇਥੇ ਜ਼ਿਲਾ ਕਚਹਿਰੀ ਵਿਚ ਇਕ ਵਿਅਕਤੀ ਨੂੰ ਅਦਾਲਤ ਦੀ ਆਵਾਜ਼ ਪੈਣ ਤੋਂ ਪਹਿਲਾਂ ਹੀ ਖੁਦਾ ਦੀ ਆਵਾਜ਼ ਪੈ ਗਈ।**

ਦੱਸਿਆ ਜਾਂਦਾ ਹੈ ਕਿ ਇਕ 35 ਸਾਲਾ ਵਿਅਕਤੀ ਮਾਨ ਸਿੰਘ ਪੇਸ਼ੀ ਲਈ ਜ਼ਿਲਾ ਕਚਹਿਰੀ ਵਿਚ ਆਇਆ ਹੋਇਆ ਸੀ। ਉਸ ਦੀ ਪਤਨੀ ਨੇ ਉਸ ਵਿਰੁੱਧ ਖਰਚ ਦਾ ਦਾਅਵਾ ਕੀਤਾ ਹੋਇਆ ਸੀ। ਅਚਾਨਕ ਮਾਨ ਸਿੰਘ ਅਦਾਲਤ ਦੇ ਕਮਰੇ ਦੇ ਬਾਹਰ ਡਿੱਗ ਪਿਆ ਤੇ ਉਸ ਦੀ ਮੌਤ ਹੋ ਗਈ।

## ਮੌਤ ਦੀ ਉਡੀਕ.....

ਟੋਕੀਓ —— ਜਾਪਾਨ ਦਾ ਸਾਦਾਮਿਚੀ ਹੀਰਾਵਾਸਾ ਪਿਛਲੇ 32 ਸਾਲਾਂ ਤੋਂ ਫਾਂਸੀ ਦੇ ਫੰਦੇ ਦੀ ਉਡੀਕ ਕਰਦੇ ਕਰਦੇ 95 ਸਾਲਾਂ ਦਾ ਹੋ ਗਿਆ। ਫਾਂਸੀ ਦੇ ਫੰਦੇ ਦੀ ਉਡੀਕ ਕਰਨ ਵਾਲੇ ਦੋਸ਼ੀਆਂ ਦੇ ਮਾਮਲੇ ਵਿਚ ਇਹ ਵਿਸ਼ਵ ਰਿਕਾਰਡ ਹੈ।ਉਹ ਆਪਣੀ ਜ਼ਿੰਦਗੀ ਦੇ 95 ਸਾਲਾਂ ਵਿਚੋਂ 39 ਸਾਲ ਜੇਲ੍ਹ ਵਿਚ ਬਿਤਾ ਚੁੱਕਾ ਹੈ।

ਉਸਨੂੰ 1948 ਵਿਚ ਇਕ ਬੈਂਕ ਲੁੱਟਣ ਦੀ ਕੋਸ਼ਿਸ਼ ਦੌਰਾਨ,12 ਮੁਲਾਜ਼ਮਾਂ ਨੂੰ ਜ਼ਹਿਰ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸਨੂੰ ਸੁਪਰੀਮ ਕੋਰਟ ਨੇ 1955 ਵਿਚ ਫਾਂਸੀ ਦੀ ਸਜ਼ਾ ਦਿੱਤੀ ਸੀ।

ਜਾਪਾਨ ਦੇ ਸੰਵਿਧਾਨ ਅਨੁਸਾਰ ਕਿਸੇ ਵੀ ਦੋਸ਼ੀ ਨੂੰ ਫਾਂਸੀ ਦੇਣ ਲਈ ਜ਼ਰੂਰੀ ਹੈ ਕਿ ਕਾਨੂੰਨ ਮੰਤਰੀ ਵੀ ਇਸ ਦੀ ਪੁਸ਼ਟੀ ਕਰੇ। ਹੁਣ ਤੱਕ ਕਿਸੇ ਵੀ ਕਾਨੂੰਨ ਮੰਤਰੀ ਨੇ ਉਸਦੀ ਸਜ਼ਾ ਦੀ ਪੁਸ਼ਟੀ ਨਹੀਂ ਕੀਤੀ।

## ਰੂਸੀ ਭਾਸ਼ਾ'ਚ ਹਿੰਦੀ ਵਿਆਕਰਣ

ਮਾਸਕੋ —— ਬਹੁਤ ਸਾਲਾਂ ਦੀ ਮਿਹਨਤ ਉਪਰੰਤ ਸੋਵੀਅਤ ਵਿਦਵਾਨ ਜਲਗਨ ਡਾਇਗਬਿਟਸ ਦੇ ਜਿਲਦਾਂ ਵਿਚ 'ਹਿੰਦੀ ਦੀ ਵਿਆਕਰਣ' ਨਾਂ ਦੀ ਪੁਸਤਕ, ਰੂਸੀ ਭਾਸ਼ਾ ਵਿਚ ਤਿਆਰ ਕਰ ਰਿਹਾ ਹੈ।




GIVE YOUR "LAZY MONEY"

A STEP IN THE RIGHT DIRECTION

IN TODAY'S FAST PACED ENVIRONMENT WE SOMETIMES NEGLECT THE NEED FOR GOOD MONEY MANAGEMENT.

THE UNITED GROUP OF FUNDS ARE PROVEN PROFESSIONAL MONEY MANAGERS WHO HAVE BEEN MANAGING FUNDS SINCE 1957.

WE CAN GIVE YOUR "LAZY MONEY" THE ADDED LIFT IT REQUIRES AND AT THE SAME TIME HELP YOU REDUCE YOUR TAXABLE INCOME.

TAKE ADVANTAGE OF PROVEN INVESTMENT MANAGEMENT EXPERIENCE AND GIVE YOUR "LAZY MONEY" A STEP IN THE RIGHT DIRECTION WITH THE UNITED GROUP OF FUNDS.

Average Annual Rate of Return

| | 1 YR* | 3 YRS* | 10 YRS* |
|---|---|---|---|
| United Accumulative Fund | 20.9% | 22.9% | 19.7% |
| United Accumulative Retirement Fund** | 13.2% | 18.2% | 20.7% |
| United Venture Fund | 10.7% | 14.2% | 19.3% |
| United Venture Retirement Fund** | 19.5% | 16.7% | 20.9% |
| United American Fund | 18.2% | 19.3% | 17.5% |

*All Results to Nov. 30, 1986 with dividends reinvested. Financial Times Survey Dec. 15, 1986.  
**Available for Registered & Non-Registered Investments. Offer made by Prospectus only.



For more information:

**Please Phone or Write to**

**Gurcharan Rampuri**  
**Regal Capital Planners**  
**# 100 - 1525 Robson St.**  
**Vancouver, B.C. V6G 1C3**  
**Bus: (604) 684-3111**  
**Res: (604) 986-2883**

☐ Please send me more information ON RRSP/NON RRSP UNITED FUNDS

NAME  
ADDRESS  
CITY PROV POSTAL CODE  
PHONE (Home) (Business)



GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

BUS. 521-7731  
Pager 687-1985 #5531





ਗੁਰਜੀਤ ਢੀਂਡਸਾ ਬਾਵਾ

# ਕੈਲੇਫੋਰਨੀਆ ਗਾਈਡ


ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼੍ਰੀਦੋ

Ph. (209) 456-9491

INDICA IMPORTS — 4925 E. King Canyon Road, FRESNO, CA.

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

LONDON FASHIONS

1494 E. Bridge St., YUBA CITY CA. Ph. (916) 673-6634

PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ

ਫ਼ੋਨ ਕਰੋ :—

ਜੱਸੀ ਗਰੇਵਾਲ

(408) 738-0400

Credit or no Credit

CALL:

Jessie Grewal

2 to 5% over Dealer Cost

Pete Ellis Dodge

1095, West El Camino Real

SUNNYVALE, CALIFORNIA 94087





Kamla Emporium

● ਮਸਾਲੇ ● ਆਟਾ ● ਗਰੌਸਰੀ ● ਕੱਪੜੇ ● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ ਮੂਵੀਜ਼ ● 220 ਵੋਲਟੇਜ਼ ਅਪਲਾਇੰਸਿਜ

'ਕੈਨੇਡਾ ਦਰਪਣ' ਅਖਬਾਰ ਵੀ ਇਥੋਂ ਮਿਲਦਾ ਹੈ

2974 - Aborn Road, SAN JOSE, CA.

ਇੰਦਰ ਮੋਹਨ ਨੂੰ ਫ਼ੋਨ ਕਰੋ :

(408) 270-2070


## ਕੱਪੜਾ ਮਿਲ 'ਚ ਧਮਾਕਾ ਹੋਣ 'ਤੇ 45 ਮਰੇ

ਪੀਕਿੰਗ:—ਚੀਨ ਦੇ ਸ਼ਹਿਰ ਹਾਰਬਿਨ ਦੀ ਇਕ ਕੱਪੜਾ ਮਿਲ 'ਚ ਹੋਏ ਧਮਾਕੇ ਨਾਲ 45 ਤੋਂ ਵੱਧ ਕਾਮੇ ਮਾਰੇ ਗਏ ਅਤੇ 200 ਜ਼ਖਮੀ ਹੋ ਗਏ।

ਹਾਰਬਿਨ ਸ਼ਹਿਰ 'ਚ ਸਥਿਤ ਇਹ ਮਿਲ ਏਸ਼ੀਆ ਦੀ ਸਭ ਤੋਂ ਵੱਡੀ ਮਿਲ ਹੈ। ਇਸ ਨੂੰ ਸੋਵੀਅਤ ਯੂਨੀਅਨ ਦੀ ਮੱਦਦ ਨਾਲ ਬਣਾਇਆ ਗਿਆ ਸੀ।

ਧਮਾਕੇ ਸਮੇਂ ਮਿਲ 'ਚ ਕੰਮ ਹੋ ਰਿਹਾ ਸੀ। ਧਮਾਕਾ ਹੋਣ ਨਾਲ 4 ਵਰਕਸ਼ਾਪਾਂ ਤਬਾਹ ਹੋ ਗਈਆਂ। ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੱਛਮੀ ਮਾਹਿਰਾਂ ਵਲੋਂ ਇਹ ਦੋਸ਼ ਲਾਇਆ ਜਾਂਦਾ ਸੀ ਕਿ ਚੀਨ ਦੀਆਂ ਮਿਲਾਂ ਵਿਚ ਸੁਰੱਖਿਆ ਦੇ ਪੂਰੇ ਪ੍ਰਬੰਧ ਨਹੀਂ ਹਨ। ਇਸ ਧਮਾਕੇ ਨਾਲ ਇਨ੍ਹਾਂ ਮਾਹਿਰਾਂ ਦੀ ਇਸ ਬਿਆਨ ਦੀ ਪੁਸ਼ਟੀ ਹੋਈ ਹੈ।


GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਖਾਸ ਸਹੂਲਤ

ਆਪਣੀ ਮਰਜ਼ੀ ਦੀ ਕਾਰ ਖ਼੍ਰੀਦਣ ਜਾਂ ਵੇਚਣ ਲਈ

ਗਿੱਲ ਆਟੋ ਸੇਲਜ਼ 'ਤੇ ਪਹੁੰਚੋ





ਜਾਣਕਾਰੀ ਲਈ ਫ਼ੋਨ ਕਰੋ :

(916) 671-3667





ਸੁਰਜੀਤ ਸਿੰਘ ਗਿੱਲ ਜਾਂ ਮਾਈਕਲ ਸ. ਸਮਰਾ ਨਾਲ ਸੰਪਰਕ ਕਰੋ

1455 - FRANKLIN ROAD, YUBA CITY, CA.

KANG UP HOLSTERY

CUSTOM UPHOLSTERING

UPHOLSTERY FURNITURE MADE TO ORDER

Estimates Submitted/Pick-up & Delivery

Ph. (916) 673-6594 or 674-2500

Res: (916) 673-3387




ਸਵਰਨ ਸਿੰਘ ਕੰਗ


ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

632 N. WALTON, ROAD, YUBA CITY, CA.

# ਮਸਲਾ ਵਿਆਹਾਂ ਦਾ

## ਪ੍ਰਿੰ.ਦਲੀਪ ਸਿੰਘ ਉਪਲ ਸਰੀ

**ਸ਼ਾਦੀ**ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਹਨ'ਖੁਸ਼ੀ','ਪ੍ਰਸੰਨਤਾ','ਅਨੰਦ', ਆਦਿ । ਇਕ ਸੱਜਣ ਦੀ ਮ੍ਰਿਤੂ ਹੋ ਗਈ । ਉਸਦੀ ਮਈਅਤ ਦਾ ਜਨਾਜ਼ਾ ਉਠਿਆ । ਉਸਦੇ ਦਿਹਾਂਤ ਤੇ ਉਸਦੇ ਇੱਕ ਸ਼ਤਰੂ ਦੇ ਮੁਹਾਂਦਰੇ ਤੇ ਮੁਸਕਾਨਾਂ ਨੱਚ ਉਠੀਆਂ । ਇਕ ਕਵੀ ਜਨ ਉਸਦੇ ਕੋਲ ਦੀ ਲੰਘਿਆ ਤੇ ਉਸਨੇ ਇਸ ਮਨੁੱਚ ਦੇ ਦੁਖਾਂਤ-ਮਈ ਅੰਤ ਨੂੰ ਨਿਹਾਰਿਆ । ਉਸਦੀਆਂ ਅੱਖੀਆਂ 'ਚੋਂ ਇਕ ਹੰਝੂ ਡੁਬਡੁਬਾ ਉਠਿਆ । ਉਸਨੇ ਉਸ ਸੌੜੀ ਦ੍ਰਿਸ਼ਟੀ ਕੋਣ ਦੇ ਮਾਲਕ,ਸ਼ਤਰੂ ਨੂੰ ਆਖਿਆ "ਹੇ ਮਿੱਤਰ,ਜਦ ਤੂੰ ਆਪਣੇ ਸ਼ਤਰੂ ਦੇ ਜਨਾਜ਼ੇ ਦੇ ਕੋਲ ਦੀ ਲੰਘੇ ਤਾਂ ਖੁਸ਼ੀਆਂ ਨਾ ਮਨਾਈ ਕਿਉਂ ਜੋ ਤੇਰੇ ਨਾਲ ਵੀ ਇਹੋ ਜਿਹੀ ਘਟਨਾ ਹੈ । ਉਹ ਕੂਕ ਉਠਿਆ:—

ਐ ਦੋਸਤ,ਬਰ ਜਨਾਜ਼ਏ ਦੁਸ਼ਮਣ ਚੂੰ ਬਗੁਜਰੀ ।
ਸ਼ਾਦੀ ਮਕੁਨ ਕਿ ਬਾ ਤੋਂ ਹਮੀ ਮਾਜਰਾ ਰਵਦਾ ।

ਇਸ 'ਸ਼ਾਦੀ'ਸ਼ਬਦ 'ਚੋਂ ਹੋਰ ਸ਼ਬਦ ਨਿਕਲੇ ਹਨ ਜਿਵੇਂ ਕਿ 'ਸ਼ਾਦ'ਤੇ 'ਸ਼ਾਦੀਆਂ ਨੇ' । 'ਸ਼ਾਦ' ਸ਼ਬਦ ਤੋਂ ਭਾਵ ਹੈ ਪ੍ਰਸੰਨ ਚਿੱਤ ਜਾਂ 'ਖੁਸ਼ੀਆਂ ਨਾਲ ਓਤ੍ਰ ਪੋਤ 'ਤ੍ਰਈਆਂ ਵਿਅਕਤੀਆਂ ਨੇ ਤਾਂ ਆਪਦੇ ਨਾਉਂ ਦੇ ਪਿਛੇ 'ਸ਼ਾਦ' ਤਖੱਲੀ ਸ਼ਬਦ ਜੋੜ ਲਿਆ । ਵਿਧਾਤਾ ਜਾਣੇ ਕਿ ਕਿਥੋਂ ਤੀਕਰ ਇਹ ਤਖੱਲਸੀ ਸ਼ਬਦ ਉਨ੍ਹਾਂ ਨੂੰ ਫਬਦਾ ਸੀ । ਇਸ ਸੰਸਾਰ ਵਿਚ ਜਿਥੇ ਗਮੀਆਂ ਹੀ ਗਮੀਆਂ ਹਨ ਤੇ 'ਖੁਸ਼ੀ'ਇਕ ਅਵਸਰੀ ਘਟਨਾ ਹੁੰਦੀ ਹੈ । 'ਸ਼ਾਦਿਆਨੇ'ਦਾ ਮਤਲਬ ਹੈ 'ਖੁਸ਼ੀਆਂ—ਭਰੇ ਜਸ਼ਨ'ਜਾਂ 'ਪ੍ਰਸੰਨਤਾ ਪ੍ਰਗਟਾਊ ਬੈਂਡ ਵਾਜਿਆਂ ਦੇ ਵੱਜਣ ਦੀ ਗੁੰਜਾਰ ਦਾ ਗੂੰਜਣਾ ।'ਸੈ ਖੈਰ ! ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ਾਦੀ ਮਨੁੱਖੀ ਜੀਵਨ ਯਾਤਰਾ ਵਿਚ ਇਕ ਐਸੀ ਮੰਜ਼ਲ ਹੈ ਜਿਸਦੀ ਮਹਾਨਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ । ਇਹ ਉਹ ਸਮਾਂ ਹੈ ਜਦੋਂ ਸੁੰਦਰ ਤੇ ਸੁਗੰਧਤਾ ਨੁਹਾਰ ਵਾਲੀ ਯੁਵਤੀ ਇਕ ਚੁੰਬਕੀ ਖਿਚਾਂ ਵਾਲੇ ਯੁਵਕ ਨਾਲ ਸਦੀਵੀ ਸਮੇਂ ਲਈ ਜੁੜ ਜਾਂਦੀ ਹੈ । ਦੋ ਰੂਹਾਂ ਦੇ ਇਸ ਅਨੋਖੇ ਮਿਲਾਪ ਨੂੰ 'ਦੋ ਰੂਹਵੇਮ ਆਦੇਸ ਦਰ ਯਕ ਬਦਨ' । ਇਕ ਕਬੂਤਰ ਵਿੱਚ ਦੋ ਰੂਹਾਂ ਦਾ ਲਿਵਲੀਨ ਹੋ ਜਾਣਾ ਆਖਦੇ ਹਨ । ਇਹ ਇਕ ਮਾਲਾ ਦੇ ਮਣਕੇ ਹਨ ਜਿਹੜੇ ਕਿ ਪੂਰਬਲੇ ਕਰਮਾਂ ਦੇ ਅਨੁਸਾਰ ਪਰੋਤੇ ਗਏ ਨੇ । ਇਸਨੂੰ ਗ੍ਰਹਿਸਥ ਦੇ ਸੁਨਹਿਰੇ ਭਵਨਾਂ 'ਚ ਪਰਵੇਸ਼ ਕਰਨਾ ਆਖਦੇ ਹਨ ।

ਇਹ ਅਵਸਰ ਹੈ ਗੌਰਵਮਈ ਅਵਸਰ,ਖੁਸ਼ੀਆਂ ਲੁਟਾਂਦਾ ਸਮਾਂ । ਇਹ ਜਸ਼ਨਾਂ-ਭਰੀ ਰਸਮ ਖੁਸ਼ੀਆਂ ਤੇ ਚਾਵਾਂ ਨਾਲ ਅਰੰਭ ਹੁੰਦੀ ਹੈ । ਕੁੜੀ ਨੂੰ ਸੋਨੇ ਨਾਲ ਲੱਦ ਦਿਤਾ ਜਾਂਦਾ ਹੈ । ਕੁੜੀ ਦੇ ਸੂਹਾ ਸੂਹਾ ਸੁਹਾਗ ਦਾ ਸੂਟ ਤੇ ਸੂਹਾ ਸੂਹਾ ਚੂੜਾ ਇਉਂ ਲਗਦਾ ਹੈ ਜਿਵੇਂ ਅੰਬਰ ਤੇ ਪਸਰੀ ਹੋਈ ਹੋਵੇ ਪ੍ਰਭਾਤ ਦੀ ਲਾਲੀ । ਉਸਦੀਆਂ ਪੱਟੀਆਂ ਵਿਚ ਸੰਧੂਰ ਸਜਾਇਆ ਹੋਇਆ,ਉਸਦੇ ਭਖਦੇ ਚਿਹਰੇ ਨਾਲ ਲਿਟਤਾ ਵਿਖਾਲਦਾ ਪ੍ਰਤੀਤ ਹੁੰਦਾ ਹੈ । ਇਹ ਸੱਭ ਸੁਹਾਗ ਦੇ ਅਣਮੋਲ ਚਿੰਨ੍ਹ ਨੇ । ਦੂਜੇ ਪਾਸੇ ਮੁੰਡਾ ਵੀ ਕੋਈ ਘੱਟ ਪ੍ਰਸੰਨਤਾ ਪ੍ਰਤੀਤ ਨਹੀਂ ਕਰਦਾ । ਇਹ ਮੁਬਾਰਕਾਂ-ਭਰਿਆ ਸਮਾਂ ਹੈ । ਵੱਖ ਵੱਖ ਧਰਮਾਂ ਦੇ ਧਾਰਨੀ ਵੱਖ ਵੱਖ ਵਿਧੀਆਂ ਅਨੁਸਾਰ ਇਸ ਰਸਮ ਨੂੰ ਅਦਾ ਕਰਦੇ ਹਨ । ਸਿੱਖ ਧਰਮ ਵਿਚ ਪਾਵਨ ਗੁਰੂ ਗਰੰਥ ਵਿਚੋਂ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ । 'ਚਾਰ ਲਾਵਾਂ' ਹੁੰਦੀਆਂ ਹਨ ਤੇ ਹਰ ਲਾਵ ਦੇ ਅੰਤ ਵਿਚ ਮੁੰਡਾ ਤੇ ਕੁੜੀ ਗੁਰੂ ਗਰੰਥ ਸਾਹਿਬ ਅੱਗੇ ਸੀਸ ਨਿਵਾਂਦੇ ਹਨ ਤੇ ਆਪਦੇ ਇਸ਼ਟ ਦੇ ਆਲੇ ਦੁਆਲੇ ਪ੍ਰਕਰਮਾ ਕਰਦੇ ਹਨ । ਇਹ ਇਸ਼ਟ ਅੱਗੇ ਇਕ ਜਾਮਨੀ ਭਰਨਾ,ਤਥਾ ਪ੍ਰਤਿੱਗਿਆ ਲੈਣੀ ਹੈ ਜੀਵਨ ਦਾ ਸਾਥ ਨਿਭਾਉਣ ਦਾ,ਜਿਸਦੀ ਬਾਂਹ ਫੜੀਏ,ਕਦੀ ਵੀ ਨਾ ਛੱਡੀਏ । 'ਬਾਂਹਿ ਜਿਨ੍ਹਾਂ ਦੀ ਪਕੜੀਏ,ਸਿਰ ਦੀਜੈ ਬਾਂਹਿ ਨ ਛੱਡੀਏ (ਕੇਸਵ ਭੱਟ ਦਾ ਉਚਾਰਿਆ ਹੋਇਆ ਵਾਕ) ਭਾਵੀ ਭਵਿੱਖ ਵਿਚ ਹਰ ਪ੍ਰਸਥਿਤੀ ਨਾਲ ਦੋ ਚਾਰ ਹੋਣ ਦੀ ਸੁਗੰਦ ਹੈ । ਅਟੁੱਟ ਇਕਰਾਰ ਹੈ । ਮਾਂ-ਬਾਪ ਨੇ 'ਸਿਰੋਂ ਭਾਰ'ਲਾਹ ਦਿਤਾ । ਇਕ ਮਹਾਨ ਪੁੰਨ ਹੈ । ਇਹ ਸਮਾਂ ਹੈ ਜਦੋਂ ਕਿ ਇੱਕ ਵੰਨੇ ਸੰਜੋਗ ਹੈ ਤੇ ਦੂਜੇ ਬੰਨੇ ਵਿਯੋਗ । ਇਕ ਪਾਸੇ 'ਜੋੜਾ'ਹੈ ਤੇ ਦੂਜੇ ਪਾਸੇ 'ਵਿਛੋੜਾ' ਹੈ । ਮਾਂ ਦੀ ਮਮਤਾ ਉਮੱਡ ਪੈਂਦੀ ਹੈ । ਪਿਤਾ ਦੇ ਪਿਆਰ ਵਿੱਚ ਜੁਆਰਭਾਟਾ ਆ ਗਿਆ । ਭਾਈਆਂ ਦਾ ਸੁਨੇਹ,ਭੈਣਾਂ ਦੇ ਇਕ ਦੂਜੇ ਤੋਂ ਵਿਛੜਨ ਦੇ ਦਿਲ-ਕੰਬਾਊ ਨਜ਼ਾਰੇ ਤੱਕਣੇ ਔਖੇ ਹੋ ਜਾਂਦੇ ਹਨ । ਪਰ ਜੁਗਾਂ ਜੁਗਾਂਤਰ ਤੋਂ ਇੰਜ ਹੀ ਹੁੰਦਾ ਆਇਆ ਹੈ ਤੇ ਇੰਜ ਹੀ ਹੁੰਦਾ ਰਹੇਗਾ । ਜੋ ਮਿਲਦਾ ਹੈ,ਵਿਛੜਦਾ ਹੈ । ਇੱਕ ਪਾਸੇ ਅਰੰਭ ਦਾ ਬਿੰਦੂ ਹੈ ਤੇ ਦੂਜੇ ਪਾਸੇ ਅੰਤ ਦਾ ਨੁਕਤਾ,ਇਸੇ ਨੂੰ ਗ੍ਰਹਿਸਥ ਕਹਿੰਦੇ ਹਨ ।

ਇਸ ਖੁਸ਼ੀ ਭਰੇ ਸਮੇਂ ਬੈਂਡ ਵਾਜੇ ਵਜਦੇ ਹਨ,ਭੰਗੜੇ ਪੈਂਦੇ ਨੇ । ਗਿੱਧਿਆਂ ਦੇ ਹਿਰਦੇ-ਕੰਬਾਊ ਬਲਾਂ ਵਿਚ ਪ੍ਰਸੰਨਤਾ ਦੀ ਚਾਸ਼ਨੀ ਨਾਲ ਵਿਛੋੜਾ ਰਚਿਆ ਹੋਇਆ ਹੈ । ਜੀਵਨ ਦੇ ਸਮੁੰਦਰਾਂ 'ਚ ਕਿਸ਼ਤੀ ਠੇਲ ਦਿਤੀ ਗਈ,ਜੋ ਹੋਵੇ ਸੋ ਹੋ—

ਕਸ਼ਤੀ ਦਰ ਆਬ ਅੰਦਾਖਤੇ ।
ਹਰ ਚਿਹ ਬਾਦਾ ਬਾਦਾ ।

ਸਮਾਂ ਬਦਲਦਾ ਹੈ । ਹਰ ਸ਼ੈਅ ਬਦਲਦੀ ਹੈ । ਨਿਵਾਣਾ ਉਚਾਨਾਂ 'ਚ ਵਟ ਜਾਂਦੀਆਂ ਨੇ ਤੇ ਮਾਰੂਥਲ ਨਖਲਸਤਾਨ 'ਚ ਬਦਲ ਜਾਂਦੇ ਨੇ । ਪੁਰਾਣੇ,ਬੋਦੇ,ਜਜਰੇ,ਰਿਵਾਜ ਮੁੱਕ ਜਾਂਦੇ ਨੇ । ਉਨ੍ਹਾਂ ਦੀ ਥਾਂ ਨਵੇਂ ਤੇ ਨਰੋਏ ਰਿਵਾਜ ਹੋਂਦ 'ਚ ਆਉਂਦੇ ਹਨ । ਸ਼ਾਦੀ ਸਮੇਂ ਕਈ ਰਸਮਾਂ ਮਿਟ ਗਈਆਂ ਹਨ । ਜਿਵੇਂ ਵਿਆਹ ਉਪਰੰਤ 'ਮੁੰਡੇ'ਤੇ 'ਕੁੜੀ'ਦਾ ਛਟੀਆਂ ਖੇਲਣਾ'ਜਾਂ 'ਤੇਲ ਦੇ ਛੰਨੇ 'ਚੋਂ ਕੰਗਣ ਆਦਿ ਕੱਢਣਾ ।'ਜਦੋਂ ਕੁੜੀ ਪੇਕਿਆਂ ਤੋਂ ਪਹਿਲੀ ਵਾਰ ਜਾਣ ਲੱਗਦੀ ਸੀ ਰੋਂਦ ਲਗਦੀ ਸੀ । 'ਘੁੰਡ ਕੱਢਦਾ'ਦਾ ਰਿਵਾਜ ਵੀ ਭੂਤ ਕਾਲ ਦੀ ਗੋਦ ਵਿਚ ਸਮਾ ਕੇ ਰਹਿ ਗਿਆ ਹੈ । ਪਿਛਲੇ ਸਮਿਆਂ 'ਚ ਨਾਈ (ਰਾਜੋ) ਜਾਂ ਪੰਡਤ ਹੀ ਰਿਸ਼ਤੇ ਤੈਅ ਕਰ ਆਉਂਦੇ ਸਨ । ਪਰ ਅੱਜ ਕੱਲ੍ਹ ਮਾਪੇ ਹਰ ਪੱਖੋਂ ਮੁੰਡੇ ਜਾਂ ਕੁੜੀ ਦੇ ਸਹੁਰਿਆਂ ਦੀ ਪੁਛ ਪੜਤਾਲ ਕਰਦੇ ਨੇ । ਦੇਸ਼ ਵਿਚ ਤੇ ਬਦੇਸ਼ਾਂ ਵਿਚ ਸਭ ਪੜ੍ਹੇ ਲਿਖ ਗਏ ਨੇ । ਇਸ ਲਈ ਮਾਪਿਆਂ ਲਈ ਯੋਗ ਕੁੜੀ ਜਾਂ ਮੁੰਡਾ ਲੱਭਣ ਲਈ ਹੋਰ ਵੀ ਸਾਵਧਾਨੀ ਵਰਣੀ ਪੈਂਦੀ ਹੈ ।

ਸਾਡੇ ਦੇਸ਼ ਕੈਨੇਡਾ ਵਿਚ ਪਿਛਲੇ ਇਕ ਦੋ ਸਾਲਾਂ ਵਿਚ ਕੁਝ ਦੁਖਾਂਤ ਮਈ ਘਟਨਾਵਾਂ ਘਟੀਆਂ ਹਨ । ਭਾਵੇਂ ਇਸਦੀ ਗਿਣਤੀ 7 ਜਾਂ 8 ਦੇ ਲੱਗਭੱਗ ਹੈ । ਕੁਝ ਲੜਕੀਆਂ ਨੇ ਇਸ ਲਈ ਆਤਮਘਾਤ ਕਰ ਲਏ ਕਿਉਂਕਿ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਉਨ੍ਹਾਂ ਦੇ ਵਰ ਨਹੀਂ ਲੱਪਗ ਸਨ । ਕੁਝ ਮੁੰਡਿਆਂ ਦੀ ਵੀ ਅਪੱਤੀ ਸੀ ਕਿ ਜਿਸ ਕੁੜੀ ਨਾਲ ਉਹ ਵਿਆਹ ਕਰਨਾ ਚਾਹੁੰਦੇ ਸਨ,ਮਾਪਿਆਂ ਨੇ ਉਨ੍ਹਾਂ ਨੂੰ ਇੰਜ ਕਰਨ ਤੋਂ ਰੋਕਿਆ ਸੀ । ਕੁਝ ਅੱਲੜ ਜਵਾਨੀਆਂ ਹੋਣ ਦੇ ਪੰਨੇ ਤੋਂ ਮਿਟ ਗਈਆਂ ਹਮੇਸ਼ਾ ਹਮੇਸ਼ਾ ਲਈ ।

ਸਵਾਲ ਪੈਦਾ ਹੋ ਗਿਆ ਕਿ ਕੀ ਸਾਡੀ ਕਮਿਊਨਿਟੀ ਵਿੱਚ ਅਜਿਹੀਆਂ ਖੁਦਕਸੀਆਂ ਇਸ ਲਈ ਹੋਈਆਂ ਕਿ ਸ਼ਾਦੀ ਕਰਨ ਸਮੇਂ ਉਨ੍ਹਾਂ (ਮੁੰਡੇ ਤੇ ਕੁੜੀਆਂ)ਦੀ ਚੋਣ ਦੀ ਖੁਦਮੁਖਤਿਆਰੀ ਤੇ ਸਰਦਾਰੀ ਨੂੰ ਨਹੀਂ ਕਬੂਲਿਆ ਗਿਆ ਸੀ ? ਕੀ ਮਾਂ ਬਾਪ ਨੂੰ ਉਨ੍ਹਾਂ ਦੇ ਚੋਣ ਕਰਨ ਦੇ ਅਧਿਕਾਰ ਤੋਂ ਉਨ੍ਹਾਂ ਨੂੰ ਵੰਚਤ ਕਰਨਾ ਯੋਗ ਹੈ ? ਕਮਿਊਨਿਟੀ 'ਚ ਹਿਲਜੁਲ ਮੱਚ ਗਈ । ਇਕ ਵਿਵਾਦ ਛਿੜ ਗਿਆ ਇਸ ਸੰਬੰਧੀ । ਦੋ ਤਿੰਨ ਪੜ੍ਹੀਆਂ ਹੋਈਆਂ ਮਾਵਾਂ ਨੇ ਇਸਦੇ ਹੱਕ 'ਚ ਬਿਆਨ ਜਾਰੀ ਕਰ ਦਿਤੇ । ਟੈਲੀਵੀਜ਼ਨ ਤੇ ਵੀ ਉਨ੍ਹਾਂ ਮੁੰਡੇ ਕੁੜੀਆਂ ਦੇ ਚੋਣ ਕਰਨ ਦੇ ਹੱਕ ਨੂੰ ਵਾਜਬ ਦੱਸਿਆ । ਪੰਜਾਬੀ ਅਖਬਾਰਾਂ 'ਚ ਵੀ ਮਾਮਲਾ ਉਠਿਆ ਹੈ । ਇਕ ਰੇਡੀਉ ਸਟੇਸ਼ਨ 'ਤੇ ਵੀ ਇਸ ਸੰਬੰਧੀ ਇਕ ਬਹਿਸ ਹੋਈ । ਇਕ ਸਮਾਚਾਰ ਪੱਤਰ ਦਾ ਸਟੈਂਡ ਮਾਪਿਆਂ ਦੇ ਹੱਕ ਵਿਚ ਸੀ ਤੇ ਇਕ ਰੇਡੀਉ ਸਟੇਸ਼ਨ ਦੇ ਪ੍ਰਸਾਰਨ ਕਰਤਾ ਨੇ 'ਮੁੰਡੇ ਕੁੜੀਆਂ ਦੇ ਚੋਣ ਕਰਨ ਦੇ ਪੱਖ ਵਿਚ ਦਮ ਮਾਰਿਆ'ਇਹ ਵਾਦ ਵਿਵਾਦ ਜਾਤੀ ਸਤਹ ਤੱਕ ਅਪੜ ਗਿਆ ਜਿਹੜਾ ਕਿ ਸਾਡੀ ਜਾਤੀ,ਜਿਹੜੀ ਪਹਿਲਾਂ ਹੀ ਪਾਟੀ ਹੋਈ ਹੈ,ਲਈ ਲੱਜਿਆ ਦਾ ਕਾਰਨ ਬਣਿਆ । ਖਿਆਲ ਆਪੋ ਆਪਣੇ ਹੁੰਦੇ ਹਨ । ਪਰ ਕਿਸੇ ਤੇ ਆਪਣੇ ਖਿਆਲ ਮੜਨੇ ਕਦਾਚਿਤ ਵੀ ਯੋਗ ਨਹੀਂ ਠਹਿਰਾਏ ਜਾਂਦੇ । ਕਿਹਾ ਗਿਆ ਕਿ ਇਕ ਕੁੜੀ ਨੇ ਇਸ ਲਈ ਆਤਮਘਾਤ ਕੀਤਾ ਸੀ ਕਿ ਉਸਦੇ ਵਿਆਹ ਖਾਤਰ ਇੰਡੀਆ 'ਚ ਮੁੰਡਾ ਟੋਲਿਆ ਗਿਆ ਸੀ । ਕੁੜੀ ਦੀ ਇਹ ਦਲੀਲ ਉਸਦੇ ਦੇਸ਼ ਪ੍ਰਤੀ ਅਪਮਾਣ ਜਨਕ ਸੀ । ਆਖਰਕਾਰ ਇੰਡੀਆ ਸਾਡੀ ਮਾਤਭੂਮੀ ਹੈ । ਉਸਦੀ ਪਵਨ ਮਿੱਟੀ 'ਚ ਹੀ ਸਾਡੇ ਪੰਜ ਭੂਤਕ ਸਰੀਰ ਬਣੇ ਨੇ । ਆਪਣੇ ਪੁਰਾਣੇ ਵਿਰਸੇ ਨੂੰ ਨਿੰਦਣਾ ਇਖਲਾਕ ਦੀ ਸੀਮਾ ਨੂੰ ਪਾਰ ਕਰਨਾ ਹੈ । ਆਪਦੇ ਗੁਰੂਆਂ,ਪੀਰਾਂ ਅਵਤਾਰਾਂ,ਰਿਸ਼ੀਆਂ ਮੁਨੀਆਂ,ਦਾ ਨਿਰਦਾਰ ਕਰਨਾ ਹੈ । ਆਪਣੇ ਜਨਮ-ਦੇਵਤਾਰੇ ਤੇ ਜਨਮ-ਦਾਤੀਆਂ ਦਾ ਘੋਰ ਅਪਮਾਨ ਕਰਨਾ ਹੈ ।

ਪੱਛਮੀ ਵਿਦਿਆ,ਪੱਛਮੀ ਰਹਿਣੀ—ਬਹਿਣੀ ਦੇ ਗਲਤ ਪ੍ਰਭਾਵਾਂ ਦੇ ਹੇਠ ਆਕੇ ਕੁੜੀਆਂ ਤੇ ਮੁੰਡਿਆਂ ਨੇ ਅਜਿਹਾ ਕੀਤਾ ।

ਮੁੰਡੇ ਤੇ ਕੁੜੀਆਂ ਸੰਸਾਰ ਦੇ ਤਜਰਬਿਆਂ ਤੋਂ ਊਣੇ ਹੁੰਦੇ ਹਨ । ਪਰ ਮਾਤਾ-ਪਿਤਾ ਸਮੇਂ ਦੇ ਸਮੁੰਦਰਾਂ 'ਚ ਆਪਣੀ ਔਲਾਦ ਦੀਆਂ ਬੇੜੀਆਂ ਲਈ ਨਾਖੁਦਾ (ਮਲਾਹ,ਮਾਂਝੀ) ਹੁੰਦੇ ਹਨ । ਉਨ੍ਹਾਂ ਦਾ ਵਿਸ਼ਾਲ ਤਜਰਬਾ 'ਚੱਪੂ' ਹੁੰਦਾ ਹੈ । ਪਰ ਮੁੰਡੇ ਕੁੜੀਆਂ ਇਨ੍ਹਾਂ ਸ਼ੈਆਂ ਤੋਂ ਸੱਖਣੇ ਹੁੰਦੇ ਹਨ । ਉਨ੍ਹਾਂ ਦਾ ਆਪਣੇ 'ਮਾਂਝੀਆਂ'(ਨਾਖੁਦਾ)ਦੇ ਅਹਿਸਾਨ ਤੋਂ ਮੁਕਤ ਹੋਣ ਦਾ ਖਿਆਲ ,ਉਨ੍ਹਾਂ ਦੀ ਅਕਲ ਦੇ ਕੱਚੇ ਹੋਣ ਦਾ ਸਬੂਤ ਹੈ ।

ਇਕ ਪੱਛਮੀ ਕੁੜੀ ਨੂੰ ਉਸਦੇ ਆਸ਼ਕ ਨੇ ਧੋਖਾ ਦਿਤਾ । ਉਹ ਨਭਾਗੀ ਆਹਾਂ ਭਰੀ ਜਾਵੇ,ਸ਼ਿਕਵੇ ਕਰੀ ਜਾਵੇ,ਕੋਸੀ ਜਾਵੇ ਆਪਣੇ ਨਸੀਬਾਂ ਨੂੰ । ਸ਼ੇਕਸਪੀਅਰ ਨੇ ਉਸ ਬਦਕਿਸਮਤ ਕੁੜੀ ਨੂੰ ਤੱਕਿਆ ਤੇ ਕਿਹਾ,"ਹੇ ਭੁੱਲੜ ਕੁੜੀਏ,ਮੁੱਢ ਕਦੀਮਾਂ ਤੋਂ ਹੀ ਇੰਜ ਹੁੰਦਾ ਆਇਆ ਹੈ । ਮਨੁੱਖ ਧੋਖੇਬਾਜ਼ ਹੁੰਦੇ ਨੇ । ਉਹ ਦੋ ਬੇੜੀਆਂ ਤੇ ਪੈਰ ਰੱਖਦੇ ਹਨ । ਇਸ ਲਈ ਆਪਦੇ ਭੂਤ ਪੂਰਬ ਪ੍ਰੇਮੀ ਦਾ ਖਹਿੜਾ ਛੱਡ । ਸੋਗੀ ਗੀਤ ਨਾ ਗਾ । ਖੁਸ਼ ਰਹਿ ਤੇ ਖੁਸ਼ੀਆਂ-ਭਰੇ ਤਰਾਨੇ ਛੇੜ ਦੇ" ਉਸ ਅੰਗਰੇਜ਼ੀ ਕਵਿਤਾ ਦਾ ਰੂਪਾਂਤਰ ਕੁਛ ਇਉਂ ਹੈ —

ਹੋਰ ਆਹਾਂ ਨਾ ਭਰ,ਹੇ ਸੁਆਣੀ,ਹੋਰ ਆਹਾਂ ਨਾ ਭਰ ।
ਮਨੁੱਖ ਹਮੇਸ਼ਾ ਹੀ ਧੋਖੇ ਦਿੰਦੇ ਆਏ ਨੇ ।
ਉਹ ਆਪਣਾ ਇਕ ਪੈਰ ਸਮੁੰਦਰ ਤੇ ਟਿਕਾਂਦੇ ਨੇ,
ਦੂਜਾ ਪੈਰ ਪੱਤਣਾਂ 'ਤੇ ਰੱਖਦੇ ਨੇ ।
ਕਿਸੇ ਇਕ ਸ਼ੈਅ ਤੇ ਸਾਬਤ ਕਦਮ ਨਹੀਂ ਰਹਿੰਦੇ ।
ਤਦ ਇੰਜ ਆਹਾਂ ਨਾ ਭਰ ।
ਤੂੰ ਉਨ੍ਹਾਂ ਨੂੰ ਜਾਣਦੇ ।

ਬਾਕੀ ਪੰਨਾ 13 ਤੇ।

ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

Off. 324-6727
Res. 324-4160

#201 - 2001 East 36th Ave. [at victoria]
Vancouver. B.C. V5P 1C9


ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

MALKIT PARMAR

ROYAL LePAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :

Bus: (604) 590-1321 Res: 589-2650
8699 - 120th St., North Delta, B.C.



# The Manitoba Mirror
# ਮੈਨੀਟੋਬਾ ਦਰਪਣ


Dino's

## Dino's at the New Location
ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

● ਈਸਟ ਇੰਡੀਅਨ ਗਰੌਸਰੀ ● ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ ● ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
● ਤਾਜ਼ਾ ਸਬਜ਼ੀਆਂ ● ਤਾਜ਼ਾ ਬੱਕਰੇ ਦਾ ਮੀਟ ● ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ੍ਰੀਦਣ ਉਤੇ ਡਿਸਕਾਊਂਟ ● ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ ● ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

## Locations Realty Inc.

36, Roslyn Road, WINNIPEG, MAN. R3L 0G6

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ:

**(204) 477-4600** (24 hrs.)

**Res. 694-3550**

LOCATIONS
REALTY INC.



AUTOPAC
PROTECTING MANITOBANS ON THE MOVE

## Dorion Insurance Agency

## ਡੋਰੀਅਨ ਇਨਸ਼ੋਰੈਂਸ ਏਜੰਸੀ

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

● ਆਪਣੇ ਮਕਾਨ ● ਵਿਉਪਾਰ ● ਕਾਰ ਤੇ ਟਰੱਕ ● ਜੀਵਨ ਬੀਮਾ ● ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
● ਬੀਮਾਰ ਹੋ ਜਾਣ ਤੇ। ● ਆਟੋ ਪੈਕ ਰੀਨੀਊ ਕਰਾਉਣ ਲਈ ● ਲਾਈਸੈਂਸ ਪਲੇਟਾ ਲੈਣ ਲਈ
● ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061



Kulwant S. Brar
Manager & Owner

Commissioner for oaths

509 ELLICE AVE. WINNIPEG, MAN.

## AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

The Manitoba Mirror

ਮੈਨੀਟੋਬਾ ਦਰਪਣ


## V.I.P. SUPERMARKET

Ph. 774-8671

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੇਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

To Your Needs Which You Can Afford

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



Sukhjinder S. Dhillon
Res: 669-2573

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths

# ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ
# 'ਕੈਨੇਡਾ ਦਰਪਣ' ਫੋਨ (604) 581-4473

## GIL'S NEW & USED
**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੋ ਰਾਹ ਵਿਚ ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਪੰਜਾਬੀ ਮਾਰਕਿਟ ਵਿਚ

## ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

**Mohinder Singh Mann**
ਮੁਹਿੰਦਰ ਸਿੰਘ ਮਾਨ

**321-4353**

MANN SHOE STORE
6570 MAIN ST., VANCOUVER, B.C.

## D.P. Pandia & Associates

**Immigration Consultants**
**Serving the Community Since 1939**

**Ph. (604) 684-3716 or 684-8601**

# 61 - 553 Granville St., Vancouver,



# ਸਾਹਿਤ ਤੇ ਕਲਾ



## ਕਹਾਣੀ

## ਦਮਗਜੇ

**ਯੁਵਰਾਜ ਰਤਨ**

"ਆਹ! ਤਾਂ ਭਾਈ ਸੁਰਜੀਤ ਗੋਲੀ ਚਲਣ ਦੀ 'ਵਾਜ ਆਈ ਹੈ,"
"ਨਹੀਂ,ਬੇ ਜੀ ਬੈਠੇ ਭੂੰਡ-ਭਟਾਕੇ ਚਲਾਉਂਦੇ ਹੋਣਗੇ ।"
ਅਖਬਾਰ ਪੜ੍ਹਦੇ ਸੁਰਜੀਤ ਨੇ ਬੇ-ਧਿਆਨੇ ਹੀ ਆਪਣੀ ਮਾਂ ਨੂੰ ਹੁੰਗਾਰਾ ਦਿਤਾ ।
"ਦੀਵਾਲੀ ਵਿਚ ਤਾਂ ਸੁੱਖ ਨਾਲ ਬਹੁਤ ਮਹੀਨੇ ਪਏ ਆ। ਤੂੰ ਪਰਦੇਸ ਕੇਹਾ ਰਹਿਣ ਲੱਗਾ,ਦਿਨ-ਦਿਹਾਰ ਵੀ ਭੁੱਲ ਗਿਆ । ਆਉਂਦੇ ਬੁੱਧਵਾਰ ਤਾਂ ਸੁੱਖ ਨਾਲ ਵਿਸਾਖੀ ਹੈ ਤੇ ਲੋਕੀਂ ਫਸਲ ਵੱਢਣ ਦੀਆਂ ਤਿਆਰੀਆਂ ਕਰ ਰਹੇ ਹਨ ।"
"ਪਰੇ ਹੋ ਜੋ ਮਾਈ-ਭਾਈ ਇਹ ਤਾਂ ਪੁਲਸ ਤੇ ਅੱਤਵਾਦੀਆਂ ਵਿਚ ਫੈਰ ਚਲ ਰਹੇ ਹਨ ।"

ਬੀਹੀ ਵਿਚ ਦੀ ਲੰਘਦਾ ਕੋਈ ਸਵੈਹਕੀ ਹੀ ਕਹਿ ਗਿਆ ।
"ਨਹੀਂ ਪੁੱਤ ! ਤੂੰ ਘਰੋਂ ਬਾਹਰ ਪੈਰ ਨਹੀਂ ਪਾਉਣਾ । ਕੱਲ੍ਹ ਹੀ ਤਾਂ ਸੁਖੀ ਸਾਂਦੀ ਪਰਦੇਸੋਂ ਸਾਨੂੰ ਮਿਲਣ ਗਿਲਣ ਆਇਆਂ । ਮੈਂ ਨਹੀਂ ਤੈਨੂੰ ਬਲਦੀ ਦੇ ਬੂਥੇ ਵਿਚ ਜਾਣ ਦੇਣਾ । ਫੇਰ ਤੇਰਾ ਮੂੰਹ ਸਿਰ ਮੁੰਨਿਆ ਹੋਇਆ ਹੈ ਤੇ ਆਹ ਜਿਹੜੇ ਅੜੇ ਅੱਤਿਵਾਦੀਏ ਹਨ,ਤੋਰਾ ਨੀ ਕਿਰਕ ਕਰਦੇ ਬੰਦੇ ਨੂੰ ਮਾਰਨ ਲੱਗੇ । ਖਵਨੀਂ ਇਨ੍ਹਾਂ ਕਿਹੜਾ ਰਣ ਜਿੱਤਣਾ,ਡਹਿ ਡਹਿ ਮਰਦੇ ਹਨ । ਆਹ ਤੂੰ ਦੂਰ ਕੀ ਜਾਨਾਂ ਆਪਣੇ ਹੀ ਪਿੰਡ ਦੇ ਸੀਤੇ ਬਾਣੀਏ ਦੇ ਮੁੰਡੇ ਦਾ ਸਕੂਟਰ ਸਿਖਰ ਦੁਪਹਿਰੇ ਖੋਹਕੇ ਲੈ ਗਏ । ਅੱਧਮੋਇਆ ਕਰਕੇ ਸੁੱਟ ਗਏ ਤੇ ਜਾਣ ਲੱਗੇ ਜੇਬ ਵਿਚੋਂ ਚਾਰ ਸੌ ਰੁਪਈਆ ਵੀ ਲੈ ਗਏ । ਅੱਜ ਮਿਲਦਾ ਸਕੂਟਰ ਪਰ ਵਿਚਾਰੇ ਦੀ ਜਾਨ ਬਚ ਗਈ । ਪਰ ਮੈਂ ਤੈਨੂੰ ਘਰੋਂ ਬਾਹਰ ਪੈਰ ਨਹੀਂ ਪਾਉਣ ਦੇਣਾ"।

ਮਾਂ ਨੇ ਇਕੋ ਸਾਹ ਸਾਰੀ ਗੱਲ ਕਹਿ ਸਵਾਈ ਤੇ ਲਗਦੇ ਹੱਥ ਦਰਵਾਜ਼ਾ ਵੀ ਬੰਦ ਕਰ ਦਿਤਾ ।

ਪਹੁ ਫੁਟਾਲੇ ਨਾਲ ਸਾਰੇ ਦੁਕਾਨਦਾਰ ਅੱਡੇ ਵਿਚ ਆਪਣੀਆਂ ਦੁਕਾਨਾਂ ਝਾੜ ਪੂੰਜਕੇ ਪਾਣੀ ਛਿੜਕ ਰਹੇ ਸਨ । ਬੈਂਕ ਦਾ ਚਪੜਾਸੀ ਵੀ ਸਾਹੋ ਸਾਹੀ ਹੋਇਆ ਪਿਆ ਸੀ । ਪਹਿਲਾਂ ਉਸਨੇ ਝਾੜੂ ਦਿਤਾ ਤੇ ਹੁਣ ਵਿਹੜੇ ਵਿਚ ਪਾਣੀ ਛਿੜਕ ਰਿਹਾ ਸੀ । ਇੱਕਾ ਦੁੱਕਾ ਸਵਾਰੀ ਵੀ ਆਕੇ ਅੱਡੇ ਵਿਚ ਰੁੱਕ ਰਹੀ ਸੀ । ਕੋਈ ਤਿੰਨ ਪਹੀਆਂ ਵਾਲੇ ਸਕੂਟਰ ਦੀ ਉਡੀਕ ਤੇ ਕੋਈ ਸ਼ਹਿਰ ਜਾਣ ਲਈ ਬੱਸ ਉਡੀਕ ਰਿਹਾ ਸੀ । ਭੱਠੀਆਂ ਵਿਚੋਂ ਕੋਲੇ ਦੱਗ ਦੱਗ ਕਰ ਉਠੇ ਸਨ । ਸੂਰਜ ਦੀ ਲਾਲ ਸੁਰਖੀ ਲਾਲੀ ਹੌਲੀ ਹੌਲੀ ਆਪਣੇ ਪੂਰੇ ਜਲੌ ਵਿਚ ਦੁਮੇਲ ਛੱਡ ਰਹੀ ਸੀ । ਮੁਸਾਫਰ ਸਕੂਟਰ ਤੇ ਬੱਸਾਂ ਦੀ ਉਡੀਕ ਕੀ ਕਰ ਰਹੇ ਸਨ ਅਤੇ ਨਾਲੋ ਨਾਲ ਚਾਹ ਦੀਆਂ ਚੁਸਕੀਆਂ ਵੀ ਲੈ ਰਹੇ ਸਨ ।

ਅਖਬਾਰਾਂ ਵਾਲਾ ਮੁੰਡਾ ਸਾਈਕਲ ਤੇ ਘਰੋ ਘਰੀ ਅਖਬਾਰ ਵੰਡਣ ਦੀ ਤਿਆਰੀ ਕਰ ਰਿਹਾ ਸੀ । ਉਸਦਾ ਛੋਟਾ ਭਰਾ ਅੱਡੇ ਤੇ ਹੀ ਅਖਬਾਰਾਂ ਦੇ ਬੰਡਲ ਖੋਲ੍ਹ ਖੋਲ੍ਹ ਸਜਾ ਕੇ ਦੁਕਾਨ ਤੇ ਰੱਖ ਰਿਹਾ ਸੀ । ਉਹ ਹੋਕਾ ਦੇ ਕੇ ਗਾਹਕਾਂ ਨੂੰ ਵੀ ਖਿਚ ਰਿਹਾ ਸੀ । "ਨਕੋਦਰ ਵਿਚ ਫਸਾਦ,ਹਿੰਦੂ-ਸਿਖਾਂ ਵਿਚ ਇਕ ਹੋਰ ਝੜਪ,ਨੌਂ ਬੰਦੇ ਹਲਾਕ,ਅੱਜ ਦੀ ਤਾਜ਼ਾ ਖਬਰ,"ਅਖਬਾਰ ਦੀ ਸੁਰਖੀ ਨੂੰ ਭਰਵੀਂ ਆਵਾਜ਼ ਵਿਚ ਕਹਿ ਲੋਕਾਂ ਕੰਨੀਂ ਪਾ ਰਿਹਾ ਸੀ ।

ਜਗਰਾਵਾਂ ਵਾਲੀ ਬੱਸ ਅੱਜ ਬਹੁਤ ਲੇਟ ਸੀ । ਅੱਡੇ ਵਿਚਲੀਆਂ ਸਵਾਰੀਆਂ ਵਿਚ ਭੱਜ ਨੱਠ ਸੁਰੂ ਹੋਈ । ਬੱਸ ਡਰਾਈਵਰ ਨੇ ਸਵਾਰੀਆਂ ਵੇਖਕੇ ਬੱਸ ਦੂਰ ਜਾ ਕੇ ਰੋਕੀ-ਸਵਾਰੀਆਂ ਦਾਹੋ ਦਾਹੀ ਭੱਜਕੇ ਬੱਸ ਦੀਆਂ ਬਾਰੀਆਂ ਨੂੰ ਚਿੰਬੜ ਰਹੀਆਂ ਸਨ । ਉਤਰਨ ਵਾਲੇ ਚੜ੍ਹਨ ਵਾਲਿਆਂ ਨੂੰ ਥੱਲੇ ਧੱਕ ਰਹੇ ਸਨ । ਮੁਸਾਫਰਾਂ ਵਿਚ ਇਕ ਤਰ੍ਹਾਂ ਦਾ ਬੱਸ-ਯੁੱਧ ਚਲ ਰਿਹਾ ਸੀ । ਬੱਸ ਲੇਟ ਹੋਣ ਕਰਕੇ ਪਹਿਲਾਂ ਹੀ ਤੂੜੀ ਪਈ ਸੀ । ਰਹਿੰਦੀਆਂ ਸਵਾਰੀਆਂ ਪਿਛਲੇ ਪਾਸੇ ਦੀ ਚੜ੍ਹਕੇ ਬੱਸ ਦੀ ਛੱਤ ਤੇ ਕਦੋਂ ਦੀਆਂ ਬੈਠ ਗਈਆਂ ਸਨ । ਕੰਡਕਟਰ ਨੇ ਰਸਮੀ ਜੇਹੀ ਛੱਤ ਤੇ ਝਾਤ ਮਾਰੀ ਤੇ ਸੀਟੀ ਵਜਾ ਦਿੱਤੀ ।

ਬੱਸ ਨੇ ਹਾਲੇ ਅੱਡੇ ਦਾ ਮੋੜ ਹੀ ਕੱਟਿਆ ਸੀ । ਪਿਛੋਂ ਇਕ ਸਕੂਟਰ ਤੇ ਤਿੰਨ ਸਵਾਰ ਅੱਡੇ ਵੱਲ ਨੂੰ ਆ ਰਹੇ ਸਨ । ਉਨ੍ਹਾਂ ਬੈਂਕ ਦੇ ਮੂਹਰੇ ਸਕੂਟਰ ਰੋਕ ਲਿਆ । ਕਾਲਜਾਂ ਵਿਚ ਇਮਤਿਹਾਨ ਹੋ ਰਹੇ ਸਨ ਤੇ ਰੀਜ਼ਰਵ ਪੁਲਸ ਤਾਇਨਾਤ ਕੀਤੀ ਹੋਈ ਸੀ । ਦੂਸਰੇ ਪਾਸਿਉਂ ਫਿਰਨੀ ਫਿਰਨੀ ਪੁਲਸ ਵਾਲਿਆਂ ਦਾ ਟਰੱਕ ਗੇੜਾ ਕੱਢਦਾ ਅੱਡੇ ਵੱਲ ਨੂੰ ਆ ਰਿਹਾ ਸੀ । ਪੁਲਸ ਵਾਲਿਆਂ ਨੇ ਸਕੂਟਰ ਤੇ ਤਿੰਨ ਸਵਾਰਾਂ ਨੂੰ ਵੇਖਦੇ ਹੀ ਟਰੱਕ ਦਾ ਰੁੱਖ ਉਨ੍ਹਾਂ ਵੱਲ ਕਰ ਲਿਆ । ਸਕੂਟਰ ਤੇ ਸਭ ਤੋਂ ਪਿਛਲੇ ਸਵਾਰ ਨੇ ਪੁਲਸ ਵੇਖਦੇ ਹੀ ਆਪਣਾ ਝੋਲਾ ਸਾਂਭਣ ਦੀ ਕੋਸ਼ਿਸ਼ ਕੀਤੀ,ਪਰ ਜਲਦੀ ਵਿਚ ਭੱਜਣ ਲੱਗੇ ਝੋਲਾ ਹੱਥੋਂ ਡਿਗ ਪਿਆ । ਝੋਲਾ ਥਾਏਂ ਛੱਡ ਉਨ੍ਹਾਂ ਤਿੰਨਾਂ ਨੇ ਆਪਣੇ ਆਪਣੇ ਡੱਬਾਂ ਵਿਚੋਂ ਮਾਊਜਰ ਕੱਢ ਲਏ । ਦੋ ਇਕ ਪਾਸੇ ਵੱਲਭੱਜ ਨਿਕਲੇ,ਤੀਸਰਾ ਪਿੰਡ ਵੱਲ ਨੂੰ ਭੱਜ ਨਿਕਲਿਆ । ਕਸ ਫਿਰ ਕੀ ਸੀ ਫਾਇਰ ਹੋਣ ਲੱਗੇ । ਉਨ੍ਹਾਂ ਦੀ ਬੈਂਕ ਲੁੱਟਣ ਦੀ ਸਕੀਮ ਧਰੀ ਧਰਾਈ ਰਹਿ ਗਈ । ਜਿਹੜਾ ਝੋਲਾ ਸਕੂਟਰ ਕੋਲ ਰਹਿ ਗਿਆ ਸੀ,ਉਸ ਵਿਚ ਸਟੇਨਗੰਨਾਂ ਸਨ । ਇਕ ਦਮ ਅੱਡੇ ਵਿਚ ਹਫੜਾ ਦਫੜੀ ਮੱਚ ਗਈ । ਬੈਂਕ ਮੈਨੇਜਰ ਬਾਹਰਲੇ ਫਾਟਕ ਨੂੰ ਜਿੰਦਾ ਲੁਆਕੇ ਸਾਰੇ ਸਟਾਫ ਸਮੇਤ ਅੰਦਰ ਜਾ ਵੜਿਆ ।

ਦੋ ਜਣੇ ਛੱਪੜ ਦੇ ਕੋਲ ਦੀ ਅੱਕਾਂ ਵਿਚ ਦੀ ਹੁੰਦੇ ਹੋਏ ਫਾਇਰ ਕਰਦੇ ਖੇਤਾਂ ਵੱਲ ਭੱਜੇ ਜਾ ਰਹੇ ਸਨ । ਤੀਸਰਾ ਉਨ੍ਹਾਂ ਨਾਲੋਂ ਨਿਖੜ ਗਿਆ ਸੀ,ਉਸਨੇ ਪਿੰਡ ਵੱਲ ਨੂੰ ਰੁੱਖ ਕਰ ਲਿਆ ਸੀ । ਪੁਲਸ ਵਾਲੇ ਡਰਦੇ ਉਸਦਾ ਪਿੱਛਾ ਦੂਰੋਂ ਹੀ ਕਰ ਰਹੇ ਸਨ ਤੇ ਹਵਾਈ ਫਾਇਰ ਵੀ ਦਾਗੀ ਜਾ ਰਹੇ ਸਨ । ਉਹ ਡਰਦੇ ਮਾਊਜਰ ਦੀ ਮਾਰ ਤੋਂ ਦੂਰ ਹੀ ਰਹਿ ਰਹੇ ਸਨ । ਤੀਸਰਾ ਪਿੰਡ ਦੇ ਛਿਪਦੇ ਪਾਸੇ ਸੁੱਕੇ ਛੱਪੜ ਵਿਚ ਦੀ ਹੁੰਦਾ ਹੋਇਆ ਧਰਮਸ਼ਾਲਾ ਕੋਲ ਆਣ ਪਹੁੰਚਿਆ ਸੀ । ਇਥੇ ਫਾਇਰ ਆਹਮੋ ਸਾਹਮਣੇ ਹੋਣ ਲੱਗੇ,ਪਰ ਫਿਰ ਵੀ ਪੁਲਸ ਵਾਲੇ ਆਪਣਾ ਪੂਰਾ ਬਚਾ ਕਰ ਰਹੇ ਸਨ । ਧਰਮਸ਼ਾਲਾ ਮੂਹਰੇ ਸ਼ਬਜ਼ੀਆਂ ਵੇਚਣ ਵਾਲਿਆਂ ਦੀ ਟਰਾਲੀ ਖੜੀ ਸੀ ਤੇ ਪਿੰਡ ਵਾਲੇ ਸ਼ਬਜ਼ੀ ਭਾਜੀ ਖਰੀਦ ਰਹੇ ਸਨ । ਜਦੋਂ ਟੀਂ ਟੀਂ ਕਰਦੀਆਂ ਗੋਲੀਆਂ ਟਰਾਲੀ ਉਪਰ ਦੀ ਗਈਆਂ ਤਾਂ ਸਭ ਦਾ ਧਿਆਨ ਪੁਲਸ ਦੇ ਟਰੱਕ ਵੱਲ ਗਿਆ । ਪਰ ਤੀਸਰਾ ਉਸੇ ਟਰਾਲੀ ਦੀ ਆੜ ਲੈ ਕੇ ਮਾਊਜਰ ਵਿਚ ਗੋਲੀਆਂ ਭਰ ਰਿਹਾ ਸੀ । ਭੱਜਦੇ ਦੀ ਜੁੱਤੀ ਵੀ ਲਹਿ ਗਈ ਸੀ ਤੇ ਜੁਰਾਬਾਂ ਲਹਿਣ ਹੀ ਵਾਲੀਆਂ ਸਨ ।

"ਬਾਈ ਤੇਰੀਆਂ ਜੁਰਾਬਾਂ ਲਹਿੰਦੀਆਂ ਜਾਂਦੀਆਂ ਹਨ ।"ਵਿਚੋਂ ਇਕ ਪੇਂਡੂ ਨੇ ਤੀਸਰੇ ਨੂੰ ਕਿਹਾ ।

"ਉਹ ਆਉਂਦੇ ਆ ਲਾਹੁਣ ਵਾਲੇ ।"

ਭੱਜੇ ਜਾਂਦੇ ਤੀਸਰੇ ਨੇ ਪੁਲਸ ਵੱਲੀਂ ਇਸਾਰਾ ਕਰਕੇ ਕਿਹਾ ।

"ਮਾਈ-ਭਾਈ ਆਪਣੇ ਆਪਣੇ ਬੂਹੇ ਬੰਦ ਕਰ ਲਵੋ,ਮੇਰੇ ਮਗਰ ਪੁਲਸ ਲੱਗੀ ਹੋਈ ਹੈ । ਕੋਈ ਅਨ੍ਹੰਕਾ ਹੀ ਨਾ ਮਾਰਿਆ ਜਾਵੇ ।"

ਭੱਜੇ ਜਾਂਦੇ ਤੀਸਰੇ ਨੇ ਪਿੰਡ ਵਾਲਿਆਂ ਨੂੰ ਚਿਤਾਵਨੀ ਦਿਤੀ । ਲੋਕਾਂ ਨੇ ਦਵਾ ਛੱਟ ਆਪਣੇ ਬੂਹੇ ਬੰਦ ਕਰਨੇ ਸ਼ੁਰੂ ਕੀਤੇ । ਫਾਇਰ ਤੇ ਜਵਾਬੀ ਫਾਇਰ ਲਗਾਤਾਰ ਹੁੰਦੇ ਰਹੇ । ਤੀਸਰਾ ਭੱਜਦਾ ਭੱਜਦਾ ਅੰਗਰੇਜ਼ੀ ਸਕੂਲ ਵਾਲੀ ਬੀਹੀ ਪੈ ਗਿਆ । ਮੰਗਲ ਝਿਊਰ ਦੇ ਘਰ ਦਾ ਬਨੇਰਾ ਪੁਲਸ ਦੀਆਂ ਗੋਲੀਆਂ ਨੇ ਉਖੇੜ ਦਿੱਤਾ ਸੀ । ਸਾਰਾ ਟੱਬਰ ਡਰਦਾ ਮਾਰਾ ਤੂੜੀ ਵਾਲੇ ਕੋਠੇ ਵਿਚ ਜਾ ਵੜਿਆ ਸੀ ।

ਏਨੇ ਨੂੰ ਪੰਜਾਬ ਪੁਲਸ ਦਾ ਹੱਟਾ ਕੱਟਾ ਹਵਾਲਦਾਰ ਸਾਹੋ ਸਾਹੀ ਖਾਲੀ ਹੱਥੀਂ ਜੈਬੀ ਫੌਜ਼ੀ ਦੀ ਦੁਕਾਨ ਮੂਹਰੇ ਆ ਰੁੱਕਿਆ ਤੇ ਭਰੜਾ ਕੇ ਬੋਲਿਆ,"ਫੜਾਈਂ ਉਹ ਫੌਜੀਆਂ ਆਪਣੀ ਦੁਨਾਲੀ ਆਹ ! ਤੇਰੇ ਪਿੰਡ ਵੀ ਅੱਤਵਾਦੀਏ ਆਣ ਵੜੇ ।"ਉਹ ਰਫਲ ਫੌਜੀ ਤੋਂ ਲੈ ਕੇ ਆਪਣੇ ਢਿੱਡ ਨੂੰ ਛਲਕਾਉਂਦਾ ਵਾਹੋ ਦਾਹੀ ਕੁੱਤੇ ਦੀ ਤਰ੍ਹਾਂ ਹੌਂਕਦਾ ਤੀਸਰੇ ਤਗਰ ਹੋ ਤੁਰਿਆ । ਜਦੋਂ ਪੁਲਸੀਆਂ ਵੱਲ ਤੀਸਰਾ ਫਾਇਰ ਕਰਦਾ ਉਹ ਸਭ ਡਰਦੇ ਮਾਰੇ ਕੰਧੀਂ ਲੱਗ ਜਾਂਦੇ । ਝੜਪ ਸਕੂਲ ਤੇ ਐਣ ਨੇੜੇ ਆਣ ਪਹੁੰਚੀ ਤਾਂ ਬੱਚਿਆਂ ਨੇ ਭਾ ਦੀ ਮਚਾ ਦਿੱਤੀ । ਉਧਰ ਮਾਵਾਂ ਦੇ ਕਾਲਜੀਂ ਹੌਲ ਪੈਣ ਲੱਗੇ । ਬੱਚਿਆਂ ਦੀਆਂ ਮਾਵਾਂ ਸਕੂਲ ਵੱਲ ਭੱਜ ਤੁਰੀਆਂ । ਮੂਹਰੇ ਮੂਹਰੇ ਤੀਸਰਾ ਅੱਤਿਵਾਦੀਆ ਤੇ ਪਿੱਛੇ ਪਿੱਛੇ ਪੰਜਾਬ ਤੇ ਰੀਜ਼ਰਵ ਪੁਲਸ ਵਾਲੇ,ਵਿਚਾਲੇ ਆ ਗਈਆਂ ਮਾਵਾਂ ਸਮੇਤ ਬੱਚਿਆਂ ਦੇ ।

"ਵੇਖੀਂ ਵੇ ਭਾਈ ਫੈਰ ਨਾ ਕਰੀਂ,ਜਾਹ ਜਾਂਦੀ ਕਰ ਦੇਵੇਂਗਾ,ਇਨ੍ਹਾਂ ਮਾਸੂਮਾਂ ਦਾ ਖੂਨ ਕਰਕੇ ਤੁਹਾਨੂੰ ਕੀ ਮਿਲੂ,ਰੱਬ ਦੇ ਵਾਸਤੇ ਕੁਝ ਰਹਿਮ ਕਰੋ ।"ਬੱਚੇ ਦੀ ਮਾਂ ਨੇ ਹਾ ਦਾ ਨਾਅਰਾ ਮਾਰਿਆ । ਬੱਚਿਆਂ ਦੀ ਹਾਹਾਕਾਰ ਮੱਚੀ ਵੇਖਕੇ ਪਤਾ ਨਹੀਂ ਪੁਲਸੀ ਦਰਿੰਦਿਆਂ ਦੇ ਮਨਾ ਵਿਚ ਮਿਹਰ ਕਿਵੇਂ ਪੈ ਗਈ । ਬੱਚੇ ਹੱਫੜਾ ਦੱਫੜੀ ਵਿੱਚ ਆਂਢ-ਗੁਆਂਢ ਦੇ ਘਰਾਂ ਵਿੱਚ ਭੱਜ ਕੇ ਜਾ ਵੜੇ । ਜਿੰਨ੍ਹਾਂ ਮਾਵਾਂ ਨੂੰ ਆਪਣੇ ਪੁੱਤਰ ਹਾਲੀ ਵੀ ਨਹੀਂ ਮਿਲੇ ਸਨ,ਉਹ ਉੱਚੀ ਉੱਚੀ ਧਾਹਾਂ ਮਾਰਕੇ ਨਾਂ ਲੈ ਲੈ ਸੱਦ ਰਹੀਆਂ ਸਨ ।

ਸਕੂਲ ਟੀਚਰਾਂ ਵੀ ਭੱਜਕੇ ਡਰ ਦੀਆਂ ਮਾਰੀਆਂ ਦਫਤਰ ਵਿਚ ਜਾ ਲੁਕੀਆਂ ਸਨ । ਪਿੰਡ ਵਿਚ ਇਕ ਵੇਰਾਂ ਤਾਂ ਪੂਰਾ ਸਨਾਟਾ ਛਾ ਗਿਆ ਸੀ । ਏਨੇ ਵਿਚ ਤੀਸਰਾ ਪਿੰਡ ਦੀਆਂ ਭੀੜੀਆਂ ਬੀਹਾਂ ਦੀ ਆੜ ਲੈ ਤਿੱਤਰ ਹੋ ਗਿਆ ਸੀ । ਭੱਜੇ ਜਾਂਦੇ ਤੀਸਰੇ ਨੇ ਰਾਹੀ ਤੋਂ ਸਾਈਕਲ ਖੋਹਕੇ ਕੱਚੇ ਰਾਹ ਪੈ ਕੇ ਖੇਤਾਂ ਵਿੱਚ ਜਾ ਲੁਕਿਆ ਸੀ ।

"ਮੈਂ ਇਥੇ ਥੋੜ੍ਹਾ ਚਿਰ ਦੜਕੇ ਬਹਿੰਦਾ ਹਾਂ,ਫਿਰ ਹੀ ਅੱਗੇ ਜਾਵਾਂਗਾ-ਆਹ ਜਿਹੜੇ ਪੈਰਾਂ ਵਿਚ ਕੰਡੇ ਥੀਜੇ ਹਨ,ਉਹ ਵੀ ਕੱਢ ਲਵਾਂ-ਹੁਣ ਤਾਂ ਪੈਰ ਵੀ ਭਾਰ ਨਹੀਂ ਝੱਲਦੇ,ਜਵਾਬ ਦਿੰਦੇ ਲਗਦੇ ਹਨ ।" ਤੀਸਰੇ ਨੇ ਪਿਛਾਂਹ ਵੇਖਿਆ ਤਾਂ ਕੋਈ ਨਹੀਂ ਸੀ-ਜੁਰਾਬਾਂ ਲਾਹੀਆਂ ਤਾਂ ਪੈਰਾਂ ਦਾ ਹਾਲ ਬੁਰਾ ਹੋਇਆ ਪਿਆ-ਵਿਚੋਂ ਖੂਨ ਸਿਮ ਰਿਹਾ ਸੀ ।

ਉਦੋਂ ਪਤਾ ਲਗਾ ਜਦੋਂ ਪੁਲਸ ਕਪਤਾਨ ਪਿੰਡ ਆਣ ਪਹੁੰਚਿਆ । ਪਿੰਡ ਪਹੁੰਚਦਿਆਂ ਹੀ ਮਨਿਆਦੀ ਕਰਵਾ ਦਿੱਤੀ,"ਕੋਈ ਵੀ ਪੇਂਡੂ ਘਰੋਂ ਬਾਹਰ ਨਾ ਨਿਕਲੇ,ਜੋ ਘਰੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰੇਗਾ,ਉਸਦੇ ਗੋਲੀ ਮਾਰ ਦਿੱਤੀ ਜਾਵੇਗੀ । ਇਕ ਅੱਤਿਵਾਦੀਆ ਪਿੰਡ ਵਿੱਚ ਲੁੱਕਿਆ ਹੋਇਆ ਹੈ । ਜੇ ਕਿਸੇ ਨੇ ਉਸਨੂੰ ਪਨਾਹ ਦਿੱਤੀ,ਉਸਦੀ ਤਾਂ ਫਿਰ ਖੈਰ ਨਹੀਂ । ਚੰਗਾ ਇਹੋ ਹੀ ਹੈ,ਉਸਨੂੰ ਸਾਡੇ ਹਵਾਲੇ ਕਰ ਦਿਉ।"

ਪੁਲਸ ਵਾਲਿਆਂ ਨਾਲ ਕੁੱਤੇ ਵੀ ਲਿਆਂਦੇ ਸਨ । ਘਰ ਘਰ ਦੀ ਤਲਾਸ਼ੀ ਲਈ ਗਈ । ਜਦੋਂ ਪਿੰਡ ਵਿਚੋਂ ਤੀਸਰਾ ਨਾ ਮਿਲਿਆ ਤਾਂ ਪਿੰਡ ਦੇ ਭਰੇ ਇਕੱਠ ਵਿਚ ਪੁਲਸ ਕਪਤਾਨ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ । "ਤੁਸੀਂ ਅੱਤਿਵਾਦੀਆ ਫੜਾਉਣ ਵਿਚ ਸਾਡੀ ਮੱਦਦ ਨਹੀਂ ਕੀਤੀ । ਸਗੋਂ ਉਸਨੂੰ ਭਜਾ ਦਿੱਤਾ ਹੈ । ਅਸੀਂ ਤੁਹਾਨੂੰ ਅਸਲੇ ਦੇ ਲਸੰਸ ਇਸ ਕਰਕੇ ਦਿੱਤੇ ਹਨ ਕਿ ਇਹੋ ਜੇਹੀ ਭੀੜ ਵੇਲੇ ਸਾਡੀ ਮੱਦਦ ਕਰੋ । ਜਿੰਨੇ ਵੀ ਪਿੰਡ ਵਿਚ ਲਸੰਸੀਏ ਹਨ ਉਹ ਇਕ ਘੰਟੇ ਦੇ ਅੰਦਰ ਅੰਦਰ ਆਪਣੇ ਅਸਲੇ ਇਥੇ ਪਹੁੰਚਦੇ ਕਰੋ । ਤੁਸੀਂ ਇਸੇ ਲਾਇਕ ਹੋ ।"

ਪੁਲਸ ਕਪਤਾਨ ਆਪਣੀ ਕਮਜ਼ੋਰੀ ਲੁਕਾਉਂਦਾ ਹੋਇਆ ਸਾਰਾ ਦੋਸ਼ ਪਿੰਡ ਵਾਲਿਆਂ ਤੇ ਥੱਪ ਰਿਹਾ ਸੀ । ਜਦੋਂ ਕਿ ਉਸਦਾ ਹੀ ਅਮਲਾ-


**Fine Automotive Ltd.**
15220-56th. Ave., Surrey, B.C. V3S 4N7
**Automotive Repairs & Services**
ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding ☐ Propane Conversion

**Sarjit Hunjan Ph. 576-2014**
**Malkiat Hoonjan** Service Manager



**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**
P.O.BOX 639
SURREY, B.C. V3T 5L9

ਫੈਲਾ ਅੱਤਵਾਦੀਏ ਦੇ ਨੇੜੇ ਵੀ ਨਹੀਂ ਢੁੱਕਦਾ ਸੀ। ਜਾਣ ਲੱਗੀ ਪੁਲਸ ਪਿੰਡ ਦਾ ਸਾਰਾ ਲਸੰਸੀ ਅਸਲਾ ਟਰੱਕ ਵਿਚ ਲੱਦਕੇ ਲੈ ਗਈ।

"ਸ਼ੁੱਕਰ ਹੈ ਭਾਈ ਪੁਲਸ ਵਾਲੇ ਦਫਾ ਹੋਏ। ਸਾਡਾ ਤਾਂ ਟੱਟੀ ਪਿਸ਼ਾਬ ਵੀ ਬੰਦ ਕੀਤਾ ਹੋਇਆ ਸੀ"ਵਿਚੋਂ ਇਕ ਬਜ਼ੁਰਗ ਬੋਲਿਆ।
"ਬਾਬਾ ! ਬਾਬਾ !!!ਬਾਬਾ !!!ਆਪਣੇ ਪਿੰਡ ਅੱਤਵਾਦੀਏ ਆ ਗਏ ਸਨ। ਉਨ੍ਹਾਂ ਬੈਂਕ ਲੁੱਟਣੀ ਸੀ,ਪਰ ਉਨ੍ਹਾਂ ਦੀ ਸਕੀਮ ਫੇਲ੍ਹ ਹੋ ਗਈ। ਪੁਲਸ ਕਪਤਾਨ ਨੇ ਸਾਰੇ ਪਿੰਡ ਦੀ ਤਲਾਸ਼ੀ ਲਈ। ਪੰਜ ਘੰਟੇ ਪਿੰਡ ਵਿਚ ਕਰਫਿਊ ਲੱਗਿਆ ਰਿਹਾ।

ਮੀਤੇ ਨੇ ਇਕੋ ਸਾਹ ਬਾਬੇ ਨੂੰ ਅੱਜ ਦੀ ਘਟਨਾ ਸੰਬੰਧੀ ਜਾ ਦੱਸਿਆ। ਰੋਟੀ ਇਥੇ ਰੱਖ ਜਾ ਤੇ ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਘਰ ਨੂੰ ਮੁੜ।" ਬਾਬੇ ਨੇ ਮੀਤੇ ਨੂੰ ਚਿਤਾਵਨੀ ਦੇਕੇ ਘਰ ਨੂੰ ਤੋਰ ਦਿੱਤਾ।

ਦੂਰ-ਦੁਰੇਡੇ ਦੁਮੇਲ ਵਿਚ ਸੂਰਜ ਗੋਂਡੀ ਮਾਰ ਰਿਹਾ ਸੀ। ਦੁਮੇਲ ਦਾ ਰੰਗ ਸੱਜ ਵਿਆਹੀ ਦੇ ਰੱਤੇ ਸਾਲੂ ਵਰਗਾ ਸੀ। ਹੌਲੀ ਹੌਲੀ ਖਾਉ-ਪੀਆ ਹੋਦ ਲੱਗਾ। ਪੰਛੀ ਡਾਰਾਂ ਵਿਚੋਂ ਘਰਾਂ ਨੂੰ ਉਡਾਰੀ ਮਾਰ ਰਹੇ ਸਨ। ਖੇਤਾਂ ਵਿਚੋਂ ਪਾਲੀ ਘਰਾਂ ਨੂੰ ਮੁੜ ਰਹੇ ਸਨ ਤੇ ਉਨ੍ਹਾਂ ਵਿਚ ਅੱਜ ਦੀ ਘਟਨਾ ਪ੍ਰਤੀ ਦੰਦ-ਕਥਾ ਚਲਾ ਰਹੀ ਸੀ।

"ਸੱਥ ਵਿੱਚ ਬੈਠਾ ਸੱਦਾ ਸਿਉਂ 'ਖਬਾਰ ਪੜ੍ਹਕੇ ਦਸਦਾ ਹੁੰਦਾ,ਫਲਾਣੇ ਪਿੰਡ ਜਾਂ ਸ਼ਹਿਰ ਵਿਚ ਅੱਤਵਾਦੀਆਂ ਨੇ ਐਨੇ ਮਾਰਤੇ। ਬੈਂਕ ਲੁੱਟ ਲਈ,ਸਕੂਟਰ ਖੋਹ ਕੇ ਲੈ ਗਏ ਤੇ ਕਿੰਨਾ ਕੁਛ ਦੱਸਦਾ ਰਹਿੰਦਾ ਸੀ। ਆਹ ਆਪਣੇ ਪਿੰਡ ਕਰਫੂ ਵਾਲੀ ਗੱਲ ਤਾਂ ਨਿਰਾਲੀ ਹੋਈ। ਪਿੰਡ ਵਾਲਿਆਂ ਦੇ ਵੀ ਸ਼ਕੰਜੇ ਕਸ ਤੇ। ਕਿਉਂ ਬਈ ਸੋਹਣ,ਆਪਾਂ ਜਦੋਂ ਦੀ ਸੁਰਤ ਸੰਪਾਲੀ ਹੈ,ਉਦੋਂ ਦੇ ਹੀ ਮਿਟੀ ਨਾਲ ਮਿਟੀ ਹੋਈ ਜਾ ਰਹੇ ਹਾਂ। ਧੇਲਾ ਇਕ ਵੀ ਪਲੇ ਹੈਨੀ। 'ਨੇਰੇ ਸਵੇਰੇ ਸੱਪਾਂ ਦੀਆਂ ਸਿਰੀਆਂ ਵੀ ਆਪਾਂ ਹੀ ਮਿਧਦੇ ਹਾਂ। ਧੁੱਪ ਛਾਂ ਦਾ ਖਿਆਲ ਨਹੀਂ ਕੀਤਾ। ਲੈ ਦੇ ਕੇ ਇਨ੍ਹਾਂ ਸ਼ੋਹਰਾਂ ਨੂੰ ਆਹ ਸਕੂਲੀਂ ਕਾਲਜੀਂ ਭੇਜੀਦਾ,ਬਈ ਪੜ੍ਹ ਲਿਖ ਕੇ ਸਾਰਾ ਕੁਛ ਭਾਰ ਹਲਕਾ ਕਰਨਗੇ।. ਇਨ੍ਹਾਂ ਭੜੂਆਂ ਨੂੰ ਭਲਾ ਕੋਈ ਪੁੱਛੇ,ਕੰਜਰਾਂ ਦਿਓ ਕੰਜਰੋ ਆਹ ਜਿਹੜਾ ਖਾਲਿਸਤਾਨ ਦਾ ਰੌਲਾ ਪਾਇਆ। ਇਹਦੇ ਵਿਚੋਂ ਸਾਨੂੰ ਕੀ ਵੜੇਵੇਂ ਮਿਲਣੇ ਆ। ਸਾਡੇ ਜਮਾਤੜਾਂ ਦਾ ਹਾਲ ਤਾਂ ਇਹੋ ਰਹਿਣਾ। ਮਿਟੀਉ ਮਿਟੀ ਹੋਣ ਤੋਂ ਬਗੈਰ ਹੋਰ ਕੀ ਮਿਲੂ,ਆਹ ਜਿਹੜੇ ਮਝੈਲੀ ਬਣੇ ਫਿਰਦੇ ਆ,ਸਾਰੇ ਹੀ ਖਾਊ-ਯਾਰ ਹਨ ਤੇ ਅਗਾਊਂ ਵੀ ਕਿਹੜਾ ਖੈਰ ਕਰਨਗੇ। ਆਪਣੇ ਧਮਾਤੜਾਂ ਦਾ ਤਾਂ ਇਹੋ ਰੋਣਾ ਧੋਣਾ ਰਹਿਣਾ ਹੈ। ਹੋਰ ਤਾਂ ਹੋਰ ਆਹ ਪੈਰਾਂ ਨੂੰ ਜੁੱਤੀ ਵੀ ਜੁੜੀ ਉਹ ਵੀ ਟੁੱਟੇ ਛਿੱਤਰ। ਜਿਨ੍ਹਾਂ ਨੂੰ ਸੋਹਣ,ਅੜੇ ਅੱਤਵਾਦੀਏ ਕਹਿੰਦੇ ਹਨ,ਹੋਣੇ ਤਾਂ ਧਮਾਤੜਾਂ ਵਰਗਿਆਂ ਦੇ ਹੀ ਧੀ-ਪੁੱਤ। ਰੱਬ ਇਨ੍ਹਾਂ ਨੂੰ ਸਮੱਤ ਦੇਵੇ ਤੇ ਇਨ੍ਹਾਂ ਦੀ ਅਕਲ ਟਿਕਾਣੇ ਆਵੇ। ਕਿਵੇਂ ਲੋਕਾਂ ਦੇ ਆਹੂ ਲਾਹੁੰਦੇ ਹੈ।"ਬੈਲਾਂ ਦੀ ਜੋੜੀ ਨੂੰ ਹਿਕਦਾ ਕਰਤਾਰਾ ਆਪਣੇ ਸੀਰੀ ਸੋਹਣ ਨਾਲ ਗੱਲਾਂ ਕਰਦਾ ਘਰ ਨੂੰ ਆ ਰਿਹਾ ਸੀ।

ਜਦੋਂ ਤੀਸਰੇ ਨੇ ਨਾਲ ਦੇ ਖੇਤ ਵਿਚੋਂ ਮੀਤੇ ਨੂੰ ਪਿੰਡ ਵੱਲ ਮੁੜਦਾ ਕੁਝ ਹੌਂਸਲਾ ਕਰਕੇ ਮਲਮੀਂ ਪੈਰੀਂ ਹੋ ਜਾ ਦਰਵਾਜ਼ਾ ਖੜਕਾਇਆ। ਬਜ਼ੁਰਗ ਨੂੰ ਦੇਖ ਕੇ ਤੀਸਰੇ ਨੇ ਬਾਬੇ ਪਾਲੇ ਨੂੰ ਸਤਿ ਸ੍ਰੀ ਅਕਾਲ ਬੁਲਾਈ। ਇਹ ਬਾਬੇ ਵਾਸਤੇ ਕੋਈ ਅਚੰਭਤ ਘੜੀ ਨਹੀਂ ਸੀ। ਬਾਬੇ ਕੋਲ ਅਕਸਰ ਹੀ ਪਾਰਟੀ ਦੇ ਹਰ ਗਰੁੱਪ ਦੇ ਬੰਦੇ ਆ ਠਹਿਰਦੇ ਸਨ। ਬਾਬਾ ਪਾਲਾ ਸਭ ਨੂੰ ਖਿੜੇ ਮੱਥੇ ਜੀ ਆਇਆਂ ਕਹਿੰਦਾ ਸੀ।

"ਮੈਨੂੰ ਬਾਬਾ ਜੀ ਹਨ੍ਹੇਰਾ ਹੋ ਗਿਆ ਤੇ ਜਾਣਾ ਮੈਂ ਵੱਡੇ ਘਰ ਸੀ-ਵਾਟ ਦੂਰ ਹੋਣ ਕਰਕੇ ਤੁਹਾਡੇ ਖੇਤ ਵੱਲ ਨੂੰ ਮੂੰਹ ਕਰ ਲਿਆ। ਮੈਂ ਸੋਚਿਆ ਅੱਜ ਇਥੇ ਰਾਤ ਕੱਟਕੇ ਸਵੇਰ ਨੂੰ ਪਿੰਡ ਚਲਾ ਜਾਵਾਂਗਾ।"

"ਇਹ ਪੁੱਤਰ ਤੇਰਾ ਹੀ ਘਰ ਹੈ,ਇਕ ਰਾਤ ਨਹੀਂ ਜਿੰਨੀਆਂ ਤੇਰਾ ਜੀ ਕਰਦਾ ਹੈ ਠਹਿਰ,ਇਥੇ ਮੇਰਾ ਪੋਤਾ ਹੁਣੇ ਹੀ ਰੋਟੀ ਫੜਾਕੇ ਗਿਆ ਹੈ,ਚੱਕ ਉਥੇ ਆਲੇ ਵਿੱਚ ਪਈ ਹੈ ਤੇ ਖਾਹ ਲੈ। ਅੱਜ ਮੈਨੂੰ ਭੁੱਖ ਨਹੀਂ ਹੈ। ਮੀਤਾ,ਮੇਰਾ ਪੋਤਾ ਬੜਾ ਹੀ ਹਫਲਿਆ ਹੋਇਆ ਕਹਿ ਰਿਹਾ ਸੀ,"ਬਾਬਾ ਆਪਣੇ ਪਿੰਡ ਵੀ ਅੱਤਵਾਦੀਏ ਆਣ ਵੜੇ।"

ਬਾਬੇ ਪਾਲੇ ਦੀ ਗੱਲ ਸੁਣੀ ਅਣ-ਸੁਣੀ ਕਰਕੇ ਤੀਸਰੇ ਨੇ ਅੱਧੀ ਰੋਟੀ ਖਾਕੇ ਕਿਹਾ,"ਲਉ ਬਾਬਾ ਜੀ ਮੈਂ ਦੋ ਪਰਸ਼ਾਦੇ ਛੱਕ ਲਏ ਹਨ ਤੇ ਦੋ ਤੁਹਾਡੇ ਲਈ ਰੱਖ ਦਿੱਤੇ ਹਨ।"

"ਪੁੱਤਰਾ! ਆਹ ਪਰਸ਼ਾਦਿਆਂ ਵਾਲੇਂ ਬੋਲੇ ਨੇ ਤਾਂ ਮੈਨੂੰ ਕਿਸਾਨ ਮੋਰਚਾ ਯਾਦ ਕਰਵਾ ਦਿੱਤਾ। ਮਤੇ ਕਿਤੇ ਆਹ ਜਿਹੜੇ ਖਾਲਿਸਤਾਨ ਦਾ ਰਾਮ ਰੌਲਾ ਪਾਈ ਫਿਰਦੇ ਹਨ,ਇਨ੍ਹਾਂ ਦੇ ਢਾਹੇ ਤਾਂ ਨਹੀਂ ਚੜ੍ਹ ਗਿਆ! ਇਹ ਮਾਸੂਮਾਂ ਦੇ ਕਾਤਲ ਅਤੇ ਅਖੌਤੀ ਦਮਗਜੀਏ ਹਨ-ਹੋਰ ਇਨ੍ਹਾਂ ਵਿਚ ਦਮ ਨਹੀਂ। ਤੇ ਹੈ ਵੀ ਫਸਲੀ ਬਟੇਰੇ। ਪੁੱਤਰਾ! ਗੱਲਾਂ ਗੱਲਾਂ ਵਿੱਚ ਮੈਂ ਤਾਂ ਤੇਰਾ ਨਾਂ ਪੁੱਛਣਾ ਵੀ ਭੁੱਲ ਗਿਆ। ਕੁਝ ਸਮਾਂ ਚੁੱਪ ਧਾਰਨ ਮਗਰੋਂ ਤੀਸਰੇ ਨੇ ਹੌਂਸਲੇ ਨਾਲ ਕਿਹਾ,"ਬਾਬਾ ਜੀ ਮੇਰਾ ਨਾਂ ਗੁਰਨੇਕ ਹੈ ਤੇ ਆਮ ਗੇਕੂ ਕਹਿਕੇ ਹੀ ਸੱਦਦੇ ਹਨ। ਮੈਂ ਤੁਹਾਡੀ ਸੂਝ ਨੂੰ ਦਾਦ ਦਿੰਦਾ ਹਾਂ,ਉਮਰ ਦਾ ਤਕਾਜ਼ਾ ਹੀ ਨਹੀਂ ਤੁਹਾਡੇ ਵਿਚ ਜ਼ਿੰਦਗੀ ਦੀਆਂ ਕੌਡੀਆਂ ਸਚਾਈਆਂ ਸਮੋਈਆਂ ਲੱਗਦੀਆਂ ਹਨ।"

"ਤੂੰ ਨਿੱਧੜਕ ਹੋ ਕੇ ਗੱਲ ਕਰ ਇਸ ਸਰੀਰ ਤੇ ਪਿਛਲੇ ਸੱਠਾਂ ਸਾਲਾਂ ਦਾ ਨਕਸ਼ਾ ਉਕਰਿਆ ਹੋਇਆ ਹੈ। ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਵਿਚ ਜਿਥੇ ਜਿਥੇ ਵੀ ਮਾਸੂਮਾਂ ਦੇ ਕਤਲ,ਬਲਾਤਕਾਰ,ਭੁੱਖਾਂ-ਦੁੱਖਾਂ ਦੇ ਸਤਾਏ ਲੋਕ ਰੋਟੀ ਦੇ ਟੁਕੜੇ ਤੋਂ ਆਤਰ,ਫਿਰ ਵੀ ਅਗਲਾ ਦਿਨ ਵੇਖਣ ਦੇ ਚਾਹਵਾਨ ਵਾਲਿਆਂ ਨੂੰ ਬਿਨਾਂ ਕਸੂਰੋਂ ਜਾਨੂੰਨੀ ਜ਼ਹਿਰ ਦੀ ਗੋਲੀ ਦੇ ਕੇ ਮਾਰਿਆ ਜਾਂਦਾ ਰਿਹਾ ਸੀ। ਉਹ ਅੱਜ ਵੀ ਉਸੇ ਸੰਤਾਪ ਦੇ ਸ਼ਿਕਾਰ ਹਨ। ਆਪਣੇ ਘਰ ਅੱਗ ਲੱਗਣ ਕਰਕੇ ਸੇਕ ਬਹੁਤਾ ਲਗਦਾ ਹੈ। ਪਰ ਇਨਸਾਨ ਤੇ ਉਹ ਹੈ ਕਿਸੇ ਦੇ ਘਰ ਦੀ ਅੱਗ ਨੂੰ ਆਪਣੀ ਸਮਝ ਮਹਿਸੂਸ ਕਰੇ। ਇਕੱਲਾ ਪੰਜਾਬ ਹੀ ਜਾਨੂੰਨੀ ਅਖਾੜਾ ਨਹੀਂ,ਅੱਖਾਂ ਖੋਲ੍ਹ ਤੇ ਵੇਖ ਕਸ਼ਮੀਰ,ਬੰਗਾਲ,ਗੁਜਰਾਤ,ਯੂ.ਪੀ.,ਬਿਹਾਰ,ਨਾਗਾਲੈਂਡ ਹਰ ਰੋਜ਼ ਦੀਆਂ ਵਾਰਦਾਤਾਂ ਦਿਲ ਵਲੂੰਦਰ ਦੀਆਂ ਹਨ। ਜਿੰਨੀ ਵੇਰੀ ਵੀ ਇਸ ਸਰੀਰ ਨੂੰ ਵੇਖੇਂਗਾ ਭਾਰਤੀ ਲੋਕਾਂ ਦੇ ਸੰਤਾਪ ਦੀ ਅਮਿਟ ਛਾਪ ਤੈਨੂੰ ਨਜ਼ਰੀ ਪਵੇਗੀ।"
ਬਾਬੇ ਪਾਲੇ ਨੇ ਗੱਲ ਮੁਕਾਉਂਦਿਆਂ ਲੰਮਾ ਸਾਹ ਲਿਆ।

"ਹਾਂ ! ਬਾਬਾ ਜੀ !! ਮੈਂ ਹੀ ਉਹ ਅੱਤਵਾਦੀਆ ਹਾਂ ਜਿਸਨੇ ਅੱਜ ਤੁਹਾਡੇ ਪਿੰਡ ਦੇ ਸ਼ਾਂਤ ਵਾਤਾਵਰਣ ਵਿੱਚ ਭੁਚਾਲ ਲੈ ਆਂਦਾ। ਮੈਂ ਹੀ ਹਾਂ ਉਹ ਮਨਹੂਸ ਤੇ ਕੁਰਾਹਾ। ਮੈਂ ਵੱਡੇ ਘਰੋਂ ਬਸੰਤ ਸਿੰਘ ਦਾ ਮੁੰਡਾ ਹਾਂ। ਇਹ ਕੋਈ ਪਿਛਲੇ ਪੰਜਾਂ ਕੁ ਸਾਲਾਂ ਦੀ ਗੱਲ ਹੈ। ਉਦੋਂ ਮੈਂ ਕਾਲਜ ਜਾਣਾ ਸ਼ੁਰੂ ਕੀਤਾ ਸੀ। ਪਿੰਡੋਂ ਇੱਕ ਹੋਰ ਮੁੰਡਾ ਵੀ ਕਾਲਜ ਜਾਂਦਾ ਸੀ। ਉਸਦੀ ਬਹਿਣੀ ਉੱਠਣੀ ਉਨ੍ਹਾਂ ਮਿਤਰਾਂ ਨਾਲ ਸੀ ਜੋ ਸਮਾਜ ਨੂੰ ਮੁਢੋਂ-ਸੁਢੋਂ ਪੁੱਟਕੇ ਨਵੇਂ ਦੀ ਸਿਰਜਣਾ ਕਰਨਾ ਚਾਹੁੰਦੇ ਸੀ। ਸਮਾਜਕ ਕੁਰੀਤੀਆਂ,ਆਰਥਕ ਲੁੱਟ,ਅਮੀਰ ਗਰੀਬ ਦੇ ਪਾੜੇ ਬਾਰੇ ਹਮੇਸ਼ਾ ਬਹਿਸਾਂ ਕਰਦੇ ਸਨ। ਸਰਕਾਰੀ ਜੋਕਾਂ ਲੋਕਾਂ ਦਾ ਖੂਨ ਕਿਵੇਂ ਚੂਸਦੀਆਂ ਹਨ। ਅਜੋਕੀ ਸਰਕਾਰ ਅਖੌਤੀ ਲੋਕ-ਹਿਤੂ ਨਾਹਰੇ ਬੁਲੰਦ ਕਰਕੇ ਸਾਰੇ ਮੁਲਖਈਏ ਨੂੰ ਗੁਮਰਾਹ ਕਿਵੇਂ ਕਰ ਰਹੀ ਹੈ। ਲੋੜ ਹੈ ਲੋਕਾਂ ਵਿਚ ਚੇਤੰਨਤਾ ਲਿਆਉਣ ਦੀ ਤੇ ਉਨ੍ਹਾਂ ਵਿਚ ਇਹ ਵਿਸ਼ਵਾਸ਼ ਭਰਨ ਦੀ ਕਿ ਤੁਸੀਂ ਜਦ ਜੀ ਚਾਹੋ ਆਪਣੇ ਸਮਾਜ ਦਾ ਮੂੰਹ-ਮੁਹਾਂਦਰਾ ਆਪਣੀ ਮਨਮਰਜ਼ੀ ਦਾ ਬਣਾ ਸਕਦੇ ਹੋ-ਦੋਸਤ ਤੇ ਦੁਸ਼ਮਣ ਦੀ ਪਹਿਚਾਣ ਕਰੋ,ਫਿਰ ਵੀ ਨਵੇਂ ਸਮਾਜ ਦੀ ਸਿਰਜਣਾ ਕਰ ਸਕਦੇ ਹੋ। ਇਹ ਮਿੱਤਰ ਮੇਰੇ ਕੋਲ ਵੀ ਲੰਮਾ ਸਮਾਂ ਆਕੇ ਬਹਿਸਾਂ ਕਰਦੇ ਰਹਿੰਦੇ। ਉਹ ਗਲ ਸੜ ਚੁੱਕੇ ਸਮਾਜ ਨੂੰ ਮੁੱਢੋਂ-ਸੁੱਢੋਂ ਪੁੱਟਣ ਦੀ ਗੱਲ ਹਮੇਸ਼ਾ ਕਰਦੇ ਪਰ ਇਸ ਭ੍ਰਿਸ਼ਟ ਸਰਕਾਰ ਦਾ ਤਖਤਾ ਕਿਵੇਂ ਮੂਧਾ ਕਰਨਾ ਹੈ। ਇਸ ਪ੍ਰਤੀ ਬਹੁਤੀ ਜਾਣਕਾਰੀ ਮੈਂ ਹਾਸਲ ਨਾ ਕਰ ਸਕਿਆ।

ਅਚਾਨਕ ਉਨ੍ਹਾਂ ਇਕ ਦਿਨ ਆਕੇ ਸਨਸ਼ਨੀਖੇਜ ਗੱਲ ਕਹਿ ਸੁਣਾਈ। "ਬਾਈ ! ਅਸੀਂ ਜਿਸ ਇਨਕਲਾਬੀ ਪਾਰਟੀ ਨਾਲ ਕੁਝ ਤੱਕ ਕੰਮ ਕਰਦੇ ਆ ਰਹੇ ਸੀ ਉਸਨੇ ਅੱਡਰਾ ਗਰੁੱਪ ਕਿਸੇ ਹੋਰ ਨਾਂ ਥੱਲੇ ਬਣਾ ਲਿਆ ਹੈ।"ਹੁਣ ਉਹ ਮਿੱਤਰ ਮੈਨੂੰ ਨਵੇਂ ਗਰੁੱਪ ਨਾਲ ਜੁੜਨ ਲਈ ਪਰੇਰਨ ਲੱਗੇ।

ਹਫਤਾ ਦਸ ਦਿਨ ਹੀ ਲੰਘੇ ਸਨ,ਦੂਸਰੇ ਗਰੁੱਪ ਵਾਲੇ ਵੀ ਆਣ ਪਹੁੰਚੇ। ਪੈਂਦੀ ਸੱਟੇ ਹੀ ਪਹਿਲੇ ਗਰੁੱਪ ਦੀ ਬਦਖੋਹੀ ਕਰਨੀ ਸ਼ੁਰੂ ਕਰ ਦਿੱਤੀ। ਇਹ ਵੀ ਜਚਾਵੁਦ ਲੱਗੇ ਸਾਡਾ ਹੀ ਅਸਲੀ ਇਨਕਲਾਬੀ ਗਰੁੱਪ ਹੈ। ਬਾਕੀ ਸਭ ਕੁਰਾਹੇ ਪਏ ਹੋਏ ਹਨ। ਜਿਸ ਉਤਸ਼ਾਹ ਨਾਲ ਮੈਂ ਇਨ੍ਹਾਂ ਦੀਆਂ ਗੱਲਾਂ ਸੁਣਕੇ ਕੀਲਿਆ ਗਿਆ ਸੀ। ਉਹ ਪ੍ਰਭਾਵ ਧੀਰੇ ਧੀਰੇ ਮੇਰੇ ਵਿਚੋਂ ਛਾਈਂ ਮਾਈਂ ਹੋਣ ਲੱਗਾ। ਇਸ ਖਿਚਾ ਧੂਹੀ ਵਿਚ ਮੈਂ ਬੀ.ਏ.ਪਾਸ ਕਰ ਗਿਆ।

ਜ਼ਮੀਨ ਘੱਟ ਹੋਣ ਕਰਕੇ: ਗੁਜ਼ਾਰਾ ਔਖ ਨਾਲ ਹੀ ਚੱਲ ਰਿਹਾ ਸੀ। ਮਾਂ-ਬਾਪ ਦੀ ਆਰਥਿਕ ਰੀੜ੍ਹ ਦੀ ਹੱਡੀ ਦਿਨੋ ਦਿਨ ਕੁੱਬੀ ਹੁੰਦੀ ਜਾ ਰਹੀ ਸੀ। ਇਹ ਅਹਿਸਾਸ ਮੈਨੂੰ ਵੱਢ ਵੱਢ ਖਾਣ ਲੱਗਾ। ਮੈਂ ਥਾਂ ਥਾਂ ਦਫਤਰਾਂ ਵਿਚ ਜਾਕੇ ਅਰਜ਼ੀਆਂ ਭਰੀਆਂ ਪਰ ਕਿਸੇ ਨੇ ਹਮੀ ਨਹੀਂ ਭਰੀ। ਮੇਰੇ ਨਾਲ ਦੋ-ਚਾਰ ਸਰਦਾਰਾਂ ਦੇ ਕਾਕੇ ਪੜ੍ਹਦੇ ਸਨ,ਇਕ ਦਮ ਨਲਾਇਕ,ਹੁਣ ਉਨ੍ਹਾਂ ਵਿਚੋਂ ਦੋ ਪੁਲਸ ਕਪਤਾਨ ਦੀ ਟਰੇਨਿੰਗ ਲੈ ਰਹੇ ਹਨ ਤੇ ਬਾਕੀ ਦੇ ਦੇਹਰਾਦੂਨ ਮਿਲਟਰੀ ਕਾਲਜ ਵਿਚ ਹਨ।

ਉਦੋਂ ਕਾਂਗਰਸ ਸਰਕਾਰ ਬਹੁਤ ਬਦਨਾਮ ਹੋ ਚੁੱਕੀ ਸੀ। ਅਕਾਲੀਆਂ ਨੇ ਪੇਂਡੂ ਭਰਾਵਾਂ ਦੀ ਨਬਜ਼ ਚਤੁਰਾਈ ਨਾਲ ਪਹਿਚਾਨਦੇ ਹੋਏ,ਮੰਗਾਂ ਦਾ ਪਲੰਦਾ ਲੋਕਾਂ ਵਿੱਚ ਲਿਆਂਦਾ। ਅਸੀਂ ਪੇਂਡੂ ਤੇ ਕਿਸਾਨ ਭਰਾਵਾਂ ਦੀ ਮਾਲੀ ਹਾਲਤ ਵਿਚ ਪੂਰਾ ਸੁਧਾਰ ਕਰਨ ਲਈ ਬਚਨਵੱਧ ਹਾਂ ਅਤੇ ਤੁਹਾਡੇ ਬੱਚਿਆਂ ਲਈ ਨੌਕਰੀ ਦੇਣ ਦੀ ਪਹਿਲ ਕਦਮੀ ਹੋਵੇਗੀ। ਪੜ੍ਹੇ ਲਿਖੇ ਪੇਂਡੂ ਨੌਜਵਾਨਾਂ ਨੂੰ ਹੁਣ ਵਿਹਲੇ ਨਹੀਂ ਰਹਿਣ ਦਿਆਂਗੇ। ਜਿਨਸਾਂ ਦੇ ਭਾਅ ਨਵੇਂ ਟੁਕਾਂਗੇ। ਉਨ੍ਹਾਂ ਧਾਰਮਿਕ ਜ਼ਹਿਰ ਦੇ ਗੋਲੇ ਤੇ ਸ਼ਹਿਦ ਦਾ ਅਜੇਹਾ ਮੁਲੰਮਾ ਚਾੜ੍ਹਿਆ,ਦਿਨਾਂ ਵਿੱਚ ਹੀ ਪੰਜਾਬ ਦਾ ਪੜ੍ਹਿਆ ਲਿਖਿਆ ਪੇਂਡੂ ਨੌਜਵਾਨ ਅਕਾਲੀਆਂ ਨਾਲ ਹੋ ਤੁਰਿਆ। ਮੇਰੀ ਸੋਚ ਮੰਝਧਾਰ ਵਿੱਚ ਗੋਤੇ ਖਾਣ ਲੱਗੀ। ਘਰਦਿਆਂ ਦੀ ਹਾਲਤ ਆਰਥਕ ਪੱਖੋਂ ਦਿਨੋ ਦਿਨ ਨਿਘਰਦੀ ਜਾ ਰਹੀ ਸੀ। ਆਖੀਰ ਮੈਂ ਵੀ ਅਕਾਲੀਆਂ ਸੰਗ ਵੇਖਾ ਵੇਖੀ ਦੂਸਰੇ ਨੌਜਵਾਨਾਂ ਦੀ ਰੀਸ ਕੀਤੀ।

ਅਕਾਲੀ ਮੁਜ਼ਾਹਰੇ ਕਰਨ ਲੱਗੇ। ਪਹਿਲਾਂ ਤਾਂ ਮੁਜ਼ਾਹਰੇ ਮੰਗਾਂ ਤੱਕ ਹੀ ਸੀਮਤ ਰਹੇ। ਥੋੜ੍ਹੇ ਸਮੇਂ ਮਗਰੋਂ ਹੀ ਧਾਰਮਕ ਜ਼ਹਿਰ ਦੇ ਗੋਲੇ ਤੋਂ ਮੁਲੰਮਾ ਧੀਰੇ ਧੀਰੇ ਉਤਰਨ ਲੱਗਾ। ਮੁਜ਼ਾਹਰੇ ਧਾਰਮਕ ਫਸਾਦਾਂ ਵਿੱਚ ਬਦਲਣ ਲੱਗੇ। ਮਾਸੂਮਾਂ ਦੇ ਦਿਨ ਦਿਹਾੜੇ ਕਤਲ,ਲੁੱਟਾਂ,ਖੋਹਾਂ ਹੋਣ ਲੱਗੀਆਂ। ਅਕਾਲੀਆਂ ਦਾ ਇਕ ਧੜਾ ਨੰਗਾ ਚਿੱਟਾ ਜਾਨੂੰਨੀ ਜ਼ਹਿਰ ਉਗਲਸ਼ਨ ਲੱਗਾ। ਬਸ ਫਿਰ ਕੀ ਸੀ,ਆਪਣੇ ਦਿਨ ਨਵੇਂ ਨਵੇਂ ਕਾਰਨਾਮੇ ਤੇ ਮਾਸੂਮਾਂ ਦੇ ਅਨ੍ਹੰਕੇ ਕਤਲਾਂ ਨੇ ਪੰਜਾਬ ਨੂੰ ਸੰਤਾਪ ਦੀ ਭੱਠੀ ਵਿੱਚ ਝੋਕ ਦਿੱਤਾ। ਕਤਲਾਂ ਤੇ ਬੇਪਤੀਆਂ ਦਾ ਸਿਲਸਲਾ ਨਿਰੰਤਰ ਚਲਦਾ ਰਿਹਾ ਤੇ ਕਾਤਲਾਂ ਨੂੰ ਖੁੱਲ੍ਹੇ ਹੱਥੀਂ ਧਰਮ ਅਸਥਾਨਾਂ ਵਿਚ ਪਨਾਹਾਂ ਮਿਲਦੀਆਂ ਰਹੀਆਂ। ਅਸੀਂ ਹੁਣ ਬੇਹੱਦ ਅਗਾਂਹ ਲੰਘ ਚੁੱਕੇ ਸੀ,ਅਸਾਡੇ ਲਈ ਪਿਛਾਂਹ ਮੁੜਨਾ ਮੌਤ ਨੂੰ ਸੱਦਾ ਸੀ। ਅੱਗੋਂ ਵੀ ਗੋਲੀ ਤੇ ਪਿਛੋਂ ਵੀ ਗੋਲੀ। ਹਾਲਤ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣ ਚੁੱਕੀ ਸੀ। ਉਥੋਂ ਭੱਜਦੇ ਹਾਂ ਤਾਂ ਖਾਲਿਸਤਾਨੀਆਂ ਦੀ ਗੋਲੀ ਨਹੀਂ ਫਿਰ ਕਿਸੇ ਸਮੇਂ ਪੁਲਸ ਮੁਕਾਬਲੇ ਦੀ ਗੋਲੀ। ਹਰ ਨਵੇਂ ਸੂਰਜ ਨਵਾਂ ਫੁਰਮਾਨ ਤੇ ਨਵੀਂ ਅਸੱਭਿਆ ਘਟਨਾ ਲਈ ਹੁਕਮ ਜਾਰੀ ਹੋਣ ਲੱਗੇ।

ਪਿਛਲੇ ਕੁਝ ਸਮੇਂ ਤੋਂ ਸਾਨੂੰ ਬੈਂਕਾਂ ਲੁੱਟਣ ਲਈ ਹੀ ਭੇਜਿਆ ਜਾਂਦਾ। ਹਥਿਆਰ ਕਿੱਥੋਂ ਆਉਂਦੇ ਸੀ;ਸਕੂਟਰ ਤੇ ਪੈਸਾ ਜੇਬ ਖਰਚ ਲਈ ਬਾਫਰ ਰਹਿੰਦਾ ਸੀ। ਇਸਦਾ ਭੇਤ ਸਾਨੂੰ ਉਨੀਂ ਹੀ ਪੱਧਰ ਤੇ ਪਤਾ ਸੀ,ਜੋ ਸਾਥੋਂ ਇਹ ਕੁਕੱਰਮ ਕਰਵਾਉਂਦੇ ਸੀ। ਪੁੱਛਣ ਦਾ ਕਿਸੇ ਹੀਆ ਹੀ ਨਹੀਂ ਸੀ ਕੀਤਾ। ਜਿਸਨੇ ਕੀਤਾ ਉਸਦੀ ਲਾਸ਼ ਰਾਤੋ ਰਾਤ ਖਪਾ ਦਿੱਤੀ ਜਾਂਦੀ ਸੀ। ਉਹ ਮਨੁੱਖ ਨਹੀਂ ਸਨ ਬਹਿਸ਼ੀ ਸਨ। ਦਿਆ ਦਾ ਇਕ ਵੀ ਕਣ ਉਨ੍ਹਾਂ ਵਿੱਚ ਨਹੀਂ ਸੀ। ਜੋ ਮੈਂ ਅੱਖੀਂ ਵੇਖ ਆਇਆ ਹਾਂ,ਉਹ ਹੁਣ ਪਵਿੱਤਰ ਅਸਥਾਨ ਨਹੀਂ ਰਿਹਾ। ਮਸੰਦਾਂ,ਰਜਵਾੜਿਆਂ,ਜੱਥੇਦਾਰਾਂ ਤੇ ਜਾਗੀਰਦਾਰਾਂ ਦਾ ਐਸ਼ ਅੱਡਾ ਬਣਕੇ ਰਹਿ ਗਿਆ ਹੈ।

ਬਾਬਾ ਜੀ ਰਾਤ ਬਹੁਤ ਜਾ ਚੁੱਕੀ ਹੈ। ਤੁਹਾਡੇ ਵਰਗੇ ਬਜ਼ੁਰਗਾਂ ਨੂੰ ਆਰਾਮ ਦੀ ਲੋੜ ਹੈ। ਮੇਰੇ ਪੈਰਾਂ ਵਿੱਚ ਵੀ ਚਸਕਾਂ ਪੈਣ ਲੱਗੀਆਂ ਹਨ। ਆਪਾਂ ਨੂੰ ਆਰਾਮ ਕਰ ਲੈਣਾ ਚਾਹੀਦਾ ਹੈ।"

"ਮੈਂ ਤੇਰੀ ਇਸ ਸੋਚ ਨੂੰ ਦਾਤ ਦੇਣੋਂ ਨਹੀਂ ਰਹਿ ਸਕਦਾ। ਤੇਰੇ ਵਿਰਲੇ ਹੁਣ ਦੇ ਅਹਿਸਾਸ ਨੇ ਜ਼ਿੰਦਗੀ ਜਿਉਣ ਦਾ ਮੁੱਖ ਅਸਲੀ ਧਾਰਾ ਵੱਲ ਕਰ ਲਿਆ ਹੈ। ਭੂਤ ਦਾ ਤਜਰਬਾ ਤੇਰੇ ਭਵਿੱਖ ਲਈ ਸਹੀ ਸੋਚ ਦਾ ਪਰਤੀਕ ਬਣੇਗਾ। ਤੇਰੇ ਹੁਣ ਦੇ ਅਹਿਸਾਸ ਨੇ ਮੈਨੂੰ ਕੁੱਝ ਵੀ ਕਹਿਣੋਂ ਰੋਕ ਦਿੱਤਾ ਹੈ।"
ਬਾਬਾ ਜੀ ਨੇ ਫਿਰ ਲੰਮਾ ਸਾਹ ਲਿਆ।

ਨਵਾਂ ਸੂਰਜ ਤੇ ਨਵੀਂ ਸਵੇਰ ਮਹਿਕ ਰਹੀ ਸੀ। ਗੇਕੂ ਨੇ ਚਾਹ ਬਣਾਈ,ਆਪ ਪੀਤੀ ਤੇ ਬਾਬਾ ਪਾਲਾ ਸਿੰਘ ਨੂੰ ਪਿਲਾਈ। ਬਾਬਾ ਜੀ ਨੂੰ ਫਤਿਹ ਬੁਲਾਕੇ ਗੇਕੂ ਕਦੋਂ ਦਾ ਆਪਣੇ ਪਿੰਡ ਦੇ ਰਾਹ ਪੈ ਚੁੱਕਾ ਸੀ।


MOGUL GARDENS
RESTAURANT



We cater to large private parties
Take-Out Available

The most affordable in
**Tandori** (clay-oven) dishes

We serve classical East-Indian
Food with good service. . .

**Speciality Foods being baked in a charcoal clay-oven**
**'The Tandoor' is its perfection and flavour**

**Fully Licensed** **Free Parking (after 6 p.m.)**

**801 Beach Ave.** (1 blk. south of Pacific)
**684-5886**

**Gourmet Varities include Butter Chicken, Vegetarian foods, Sea food and Meat, Curries, Nan and Paraunthe**

**Luncheon - Buffet - Weekdays $5.95**
**Brunch - Weekends**
**Dinner - Parties**



**Mugui Gardens**

**Free Parking (after 6 pm)**

# ਕੈਨੇਡਾ ਦੇ ਸ਼ਾਇਰ

## ਮਲਾਈ ਵਿਚ ਸੰਖੀਆ

ਗੁਰਚਰਨ ਰਾਮਪੁਰੀ

ਜਦੋਂ ਦਾ ਉਸਦਾ ਪਿਉ ਮਰਿਆ ਤੇ ਹੱਟੀ ਉਹਨੇ ਸਾਂਭੀ
'ਵੈਦ-ਨੁਸਖੀ'ਰਤਾ ਕੁੱਝ ਬਹੁਤਾ ਹੀ ਚਾਤੁਰ ਹੋ ਗਿਆ ਹੈ ।
ਬੋਲ ਉਸਦੇ ਹਨ ਮੁਲਾਇਮ
ਪਰ ਮਲਾਈ ਵਿਚ ਲਪੇਟੀ ਜੋ ਦਵਾਈ
ਅੱਜ ਕੱਲ੍ਹ ਉਹ ਵੰਡਦਾ ਹੈ,ਸੰਖੀਆ ਹੈ ।

ਲੋਕ ਆਖਣ ਵੈਦ ਨੇ ਏਸੇ ਤਰ੍ਹਾਂ ਹੀ
ਆਪਣੀ ਮਹਿਬੂਬ ਹੈ ਸਵਰਗੇ ਪੁਚਾਈ
ਉਹਨੂੰ ਭੀ ਦਿੰਦਾ ਸੀ ਕੱਚੇ ਸੰਖੀਏ ਵਾਲੀ ਮਲਾਈ ।
ਕਈ ਕਹਿੰਦੇ ਕਿ ਇਹਦੀ ਮਹਿਬੂਬ ਨੇ ਤਾਂ
ਆਪ ਹੀ ਇਹ ਟੋਟਕੇ ਇਸਨੂੰ ਸਿਖਾਏ
ਤੀਰ ਚੇਲੇ ਨੇ ਫੜੇ ਤੇ ਗੁਰੂ ਉੱਤੇ ਹੀ ਚਲਾਏ ।

ਵੈਦ,ਤਿਉਹਾਰਾਂ ਬਹਾਨੇ,ਪਿੰਡ ਸਾਰੇ ਨੂੰ ਨਿਉਂਦਾ ਭੇਜਦਾ ਹੈ
ਉਸਦਾ ਬ੍ਰਹਮ—ਭੋਜ ਖਾ ਕੇ ਨਗਰ ਸਾਰਾ ਦਰਦ ਦੇ ਨਰਕਾਂ 'ਚ ਡਿੱਗਾ।
ਵੈਦ ਨੂੰ ਗੁੱਸਾ ਵਿਹੂਲੀ ਖੀਰ ਖਾ ਕੇ ਪਿੰਡ ਸਾਰਾ ਹਲਕਿਆ ਕਾਹਤੋਂ ਨਹੀਂ ਹੈ ?
ਹੋਂਦ ਦੇ ਸੰਘਰਸ਼ ਦੀ ਲੀਲਾ 'ਚ ਰੁੱਝੇ
ਮੋਹ ਦੀਆਂ ਤੰਦਾਂ ਸੰਭਾਲੀਂ ਹੋਸ਼ ਦਾ ਲੜ ਕਿਉਂ ਫੜੀ ਬੈਠੇ ਨੇ ਲੋਕੀਂ ?
ਓਸਦੇ ਆਖੇ ਜਨੂੰਨੀ ਲੀਕ ਟੱਪਣੋਂ ਕਰ ਰਹੇ ਇਨਕਾਰ ਕਾਹਤੋਂ ?

ਗਾਓ-ਤਕੀਏ ਦੇ ਸਹਾਰੇ ਹੱਟ ਦੀ ਗੱਦੀ ਤੇ ਬੈਠਾ
ਵੈਦ ਜਦ ਗੁੱਸੇ 'ਚ ਉੱਚੀ ਬੋਲਦਾ ਹੈ,
ਤਾਂ ਹਵੇਲੀ ਦਾ ਜਸੂਸ
ਮੁਸਕਰਾ ਕੇ ਅੱਖ ਉਸਨੂੰ ਮਾਰਦਾ ਹੈ;
ਵੈਦ ਫਿਰ ਗੱਲਾਂ ਮੁਲਾਇਮ ਕਰਨ ਲੱਗੇ ।

ਉਡਦੀ ਉਡਦੀ ਸੁਣ ਰਹੇ ਹਾਂ:
ਵੈਦ ਨੇ ਦੁੱਧ ਦੀ ਕੜਾਹੀ ਹੈ ਨਵੀਂ ਭੱਠੀ ਚੜ੍ਹਾਈ,
ਹਰ ਕਿਸੇ ਨੂੰ ਵੰਡਦਾ ਉਂਗਲ ਕੁ ਭਰ ਮੋਟੀ ਮਲਾਈ,
ਐਨ ਪਿਛਲੀ ਕੋਠੜੀ 'ਚੋਂ ਹੋਰ ਬੋਤਲ ਹੈ ਮੰਗਾਈ
ਸੰਖੀਏ ਦੀ ਮਾਤਰਾ ਉਸਨੇ ਵਧਾਈ
ਨਗਰ ਵਿਚ ਰੌਲਾ ਬਹੁਤ ਹੀ ਵਧ ਗਿਆ ਹੈ ।

(14-3-87 ਦੀ ਇਕੱਤਰਤਾ ਪੰਜਾਬੀ ਲੇਖਕ ਮੰਚ ਵੈਨਕੂਵਰ ਵਿਚ ਪੜ੍ਹੀ ਗਈ ।)

## ਨਜ਼ਮ

### ਮੱਖਣ ਟੁੱਟ

ਸਾਡੀ ਤਾਂ ਤਮੰਨਾ ਇਹੋ
ਖੁਸ਼ੀ ਤੇਰੇ ਘਰ ਰਹੇ ।
ਤੂੰ ਹਸੇਂ ਤੇ ਵਸੇਂ ਸਦਾ
ਅਸੀਂ ਦੁਆਵਾਂ ਕਰ ਰਹੇ ।

ਪਹਿਲੀ ਉਡਾਰੀ ਅਤੇ ਆਲ੍ਹਣਾ
ਭੁੱਲੇ ਪੰਛੀ ਨਾਂ ਪਰਦੇਸੀ,
ਯਾਦਾਂ ਦੀ ਸ਼ਮਾਂ ਉਤੇ,
ਵਾਂਗ ਪਤੰਗੇ ਸੜ ਰਹੇ ।

ਦੀਦ ਤੇਰੀ ਕਿੰਜ ਪਾਈਏ
ਡੋਲੀ ਦੋ ਗਰੋਹਾਂ ਘੇਰੀ,
ਫੜ ਖੰਡੇ,ਤ੍ਰਿਸ਼ੂਲਾਂ ਜਿਹੜੇ
ਲੁਟਣ ਦੇ ਲਈ ਲੜ ਰਹੇ ।

ਬੇਸਮਝ ਖਿਜ਼ਾਂ ਦੇ ਮਤਵਾਲੇ
ਲਾਂਬੂ ਲਾਉਂਦੇ ਚਮਨ ਨੂੰ,
ਖਿੜਿਆ ਫੁੱਲ ਗੁਲਾਬ ਦਾ
ਪੱਤੀ ਪੱਤੀ ਕਰ ਰਹੇ ।

ਜੁਗਾਂ ਦੀਆਂ ਸਾਂਝਾਂ ਅੱਜ
ਕਿਹਨੇ ਬਲੀ ਚੜ੍ਹਾ ਦਿਤੀਆਂ
ਖੜੇ ਦੇਖਣ ਗੈਰ ਤਮਾਸ਼ਾ
ਘਰ ਦੇ ਕਤਲ ਕਰ ਰਹੇ।

ਮਜ਼ਬਾਂ ਦੀ ਕਾਂਗ ਚੜ੍ਹੇ
ਘੁੰਮਣ ਘੇਰੀ 'ਚ ਸੋਚਣਗੇ
ਜਿਨ੍ਹਾਂ ਘੜਿਆਂ ਉਤੇ ਤਰਦੇਂ
ਕਿਉਂ ਵਿਚਾਲੇ ਖਰ ਰਹੇ ।

ਇਕ ਦੂਜੇ ਨੂੰ ਪਾੜਨ ਲਈ
ਹਾਕਮ ਬੜੀਆਂ ਚਾਲਾਂ ਚਲਦਾ,
ਪੰਡਿਤ,ਭਾਈ ਅੰਦਰੋਂ ਇਕੋ
ਸੇਵਾ ਉਹਦੀ ਕਰ ਰਹੇ ।

ਜੇ ਆਪਣਾ ਆਪ ਗਵਾ ਕੇ ਜੋਗ ਕਮਾਵੇਂਗਾ ?
ਫਿਰ ਰੱਖਾਂਗੇ ਜੋਗੀ ਜੋਗੀ ਤੇਰਾ ਨਾਂ.
ਉਲਫ਼ਤ ਦੇ ਵਿਚ ਮਹਿਰਮ ਲਗਦਾ ਰੱਬ ਵਰਗਾ,
ਸਿਖ਼ਰ ਦੁਪਹਿਰੇ ਰੁੱਖ ਲਗਦੇ ਨੇ ਵਾਂਗਰ ਮਾਂ.

## ਸਰਦਾਰ ਭਗਤ ਸਿੰਘ ਦੀ ਯਾਦ

ਗੁਰਬਚਨ ਸਿੰਘ ਝੱਲੀ



ਕਿਤੇਂ ਬਹੁਤ ਭਗਤ ਸਿਆਂ ਵੇ

Savi

ਤੇਰੀ ਯਾਦ ਆਈ ਮੇਰੇ ਮਨ ਅੰਦਰ,
ਮੇਰੇ ਭਗਤ ਸਿੰਘਾ ਸਰਦਾਰ ਵੀਰਾ ।
ਅੱਜ ਰੁੱਤਰੀਆਂ ਮੁੜ ਕੇ ਫੇਰ ਆਈਆਂ,
ਆਇਆ ਤੂੰ ਨਾਹੀਂ ਦੂਜੀ ਵਾਰ ਵੀਰਾ ।

ਤੇਰੀ ਫੋਟੋ ਸੁਹਾਵਣੀ ਸਦਾ ਰਹਿਣੀ,
ਮੇਰੀ ਅੱਖੀਆਂ ਦੇ ਵਿਚਕਾਰ ਵੀਰਾ ।
ਤੈਨੂੰ ਕਹਾਂ ਸਰਦਾਰ ਸੰਘਰਾਮੀਆਂ ਦਾ,
ਦੇਸ਼ ਭਗਤਾਂ ਦਾ ਝੰਡਾ ਬਰਦਾਰ ਵੀਰਾ ।

ਪੈਦਾ ਹੋਵਣਾ ਕਿਸ ਦੇ ਦਿਲ ਅੰਦਰ,
ਤੇਰੇ ਵਰਗਾ ਦੇਸ਼ ਪਿਆਰ ਵੀਰਾ ।
ਇਹ ਭੀ ਸੱਚ ਰਹਿਬਰ ਆਖਾਂ ਅਤੇ ਭਾਰਤ,
ਮਾਂ ਦੀ ਆਬਰੂ ਦਾ ਪਹਿਰੇਦਾਰ ਵੀਰਾ ।

ਕੌਣ ਕਰੇਗਾ ਦੂਜੀ ਮਿਸਾਲ ਪੈਦਾ,
ਵਿਚ ਲੱਖ ਕਰੋੜ ਹਜ਼ਾਰ ਵੀਰਾ ।
ਤੇਰੇ ਸਿਰ ਹੈ ਸਿਹਰਾ ਖਿਦਮਤਾਂ ਦਾ,
ਸਾਡੇ ਸਿਰ ਹੈ ਤੇਰਾ ਉਪਕਾਰ ਵੀਰਾ ।

ਗਹਿਣਾ ਕੌਮ ਦਾ ਸੀ ਫਖਰ ਦੇਸ਼ ਦਾ ਸੀ,
ਇਨਕਲਾਬੀਆਂ ਦਾ ਜਥੇਦਾਰ ਵੀਰਾ ।
ਲਾਜਪਤ ਦਾ ਬਦਲਾ ਲਿਆ ਤਾਜ਼ਾ,
ਨਹੀਂ ਰੱਖਿਆ ਦੇਰ ਉਧਾਰ ਵੀਰਾ ।

ਕਿਹੜੀ ਮਾਂ ਦੀ ਕੁੱਖ 'ਚੋਂ ਤੇਰੇ ਜਿਹਾ,
ਹੋਵੇ ਸੂਰਮਾ ਦੂਸਰੀ ਵਾਰ ਵੀਰਾ ।
ਚਰਚਾ ਤੇਰੀ ਕੁਰਬਾਨੀ ਦਾ ਗੈਰ ਕਰਦੇ,
ਤੇਰਾ ਬੋਲਬਾਲਾ ਕੂੰਟ ਚਾਰ ਵੀਰਾ ।

ਮੋਤੀ ਲਭੀਏ ਵਿਚ ਸਮੁੰਦਰਾਂ ਦੇ,
ਹੀਰਾ ਲਭੀਏ ਵਿਚ ਪਹਾੜ ਵੀਰਾ ।
ਲਭ ਫੁੱਲ ਗੁਲਾਬ ਦੇ ਚਮਨ ਵਿਚੋਂ,
ਤੇਰੇ ਗੁੰਦ ਪਾਵਾਂ ਗਲ ਹਾਰ ਵੀਰਾ ।

ਕੱਟ ਗਈ ਗਰਦਨ ਐਪਰ ਝੁਕੀ ਨਹੀਉਂ,
ਤੇਰੀ ਅਣਖ ਦੇ ਜਾਵਾਂ ਨਸਾਰ ਵੀਰਾ ।
ਤੇਰਾ ਨਾਮ ਸੁਣ ਕੇ ਲੰਡਨ ਕੰਬਿਆ ਸੀ,
ਨਾਲੇ ਕੰਬੀ ਅੰਗਰੇਜ਼ ਸਰਕਾਰ ਵੀਰਾ ।

ਭਾਰਤ ਮਾਂ ਨੂੰ ਮਾਣ ਹੈ ਹੋਇਆ ਜਿਸਦਾ,
ਤੇਰੇ ਜਿਹਾ ਸਪੂਤ ਕੁਲਤਾਰ ਵੀਰਾ ।
ਸਦਾ ਅਮਰ ਤੂੰ ਇਸ ਜਹਾਨ ਅੰਦਰ,
ਤੀਨ ਲੋਕ ਤੇਰੀ ਜੈ ਜੈ ਕਾਰ ਵੀਰਾ ।

ਹਰ ਹਰ 'ਝੱਲੀ'ਦਾ ਵਾਲ ਜ਼ੁਬਾਨ ਬਣ ਜਾਵੇ,
ਤਾਂ ਵੀ ਕਰ ਨਾਂ ਸਕਾਂ ਇਜ਼ਹਾਰ ਵੀਰਾ ।
ਕਰੂ ਧਰਤੀ ਪੰਜਾਬ ਦੀ ਕਦੋਂ ਪੈਦਾ,
ਤੇਰੇ ਵਰਗਾ ਸਿਪਾ-ਸਾਲਾਰ ਵੀਰਾ ।

ਸਦਕਾ ਤੇਰੀ ਕੁਰਬਾਨੀ ਦੇ ਅੱਜ ਸਾਨੂੰ,
ਹੈ ਆਜ਼ਾਦੀ ਦਾ ਹੋਇਆ ਦੀਦਾਰ ਵੀਰਾ ।
ਐ ਹੀਰ ਆਜ਼ਾਦੀ ਦਿਆ ਆਸ਼ਕਾ ਵੇ,
ਤੇਰੇ ਇਸ਼ਕ ਦੀ ਧੁੰਮ ਸੰਸਾਰ ਵੀਰਾ ।

ਅੱਜ ਰੁੱਤਰੀਆਂ ਮੁੜ ਕੇ ਫੇਰ ਆਈਆਂ,
ਆਇਆ ਤੂੰ ਨਾਹੀਂ ਦੂਜੀ ਵਾਰ ਵੀਰਾ ।

## ਹੀਰਾ

ਨਰਿੰਦਰ ਬਾਈਆ''ਅਰਸ਼ੀ''

ਮੇਰਾ ਮਹਿਬੂਬ ਹੀਰਾ ਬੜਾ ਕੀਮਤੀ
ਕੀਤਾ ਹਾਸਿਲ ਮੈਂ ਮੇਰੀ ਖੁਸ਼ ਕਿਸਮਤੀ
ਰਹਿੰਦਾ ਰਹਿ ਕੇ ਵੀ ਦੂਰ,ਆਸ ਪਾਸ ਮੇਰੇ
ਮੈਨੂੰ ਹਰ ਪਲ ਹੀ ਰਹਿੰਦੀ ਚੜ੍ਹੀ ਮਸਤੀ
ਮੇਰਾ ਮਹਿਬੂਬ ਹੀਰਾ ਬੜਾ ਕੀਮਤੀ
ਸੋਹਣਾ ਸਾਰੇ ਚਮਨ ਚੋਂ,ਹੈ ਗੁੱਲ ਉਹ ਸੀ
ਮਿਲ ਗਿਆ ਮੈਨੂੰ ਖਵਰੇ ਕਿਵੇਂ ਕੁਦਰਤੀ
ਮੇਰਾ ਮਹਿਬੂਬ ਹੀਰਾ ਬੜਾ ਕੀਮਤੀ

ਰੱਖਿਆ ਸਦੀਆਂ ਤੋਂ ਸੀ,ਦਿਲ ਅਸਾਂ ਸਾਂਭ ਕਰ
ਕਰ ਲਿਆ ਉਸਨੇ ਕਬਜ਼ਾ ਜਬਰਦਸਤੀ
ਮੇਰਾ ਮਹਿਬੂਬ ਹੀਰਾ ਬੜਾ ਕੀਮਤੀ
ਮਾਸ ਪੱਟ ਦਾ ਖੁਆਵੇ,ਨਈਂ ਮੈਨੂੰ ਪਤਾ
ਵੈਸੇਂ''ਅਰਸ਼ੀ''ਦੀ ਝੂਠੀ ਨਹੀਂ ਦੋਸਤੀ
ਮੇਰਾ ਮਹਿਬੂਬ ਹੀਰਾ ਬੜਾ ਕੀਮਤੀ

ਰੰਗ-ਤਰੰਗ ਸਾਹਿਤ ਸਭਾ
ਸੁਕਾਮਿਸ਼,ਬੀ.ਸੀ.


**Clearbrook Photographic Arts Inc.**

By: Andrew W.R. Simpson

ਕਲੀਅਰਬਰੁੱਕ ਫ਼ੋਟੋ ਗਰਾਫਰਜ਼

For

*A Lifetime of Memories*



Ph. 859-4222 or 859-1046

ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre,
CLEARBROOK, B.C. V2J 3S4

# ਡਾਲਰੀ ਸ਼ਾਇਰੀ ਤੇ ਪੰਜਾਬੀ ਆਲੋਚਕ

## ਰਛਪਾਲ ਸਿੰਘ ਰਾਮੂੰਵਾਲੀਆ

ਕੋਈ ਪੰਦਰਾਂ ਵੀਹ ਕੁ ਵਰ੍ਹੇ ਪਹਿਲਾਂ ਇੰਗਲੈਂਡ ਵਿਚ ਪੰਜਾਬੀ ਕਵਿਤਾ (?) ਲਿਖਣ ਦਾ ਰਿਵਾਜ ਚੱਲਿਆ । ਪੌਂਡਾਂ ਦੇ ਜ਼ੋਰ ਨਾਲ,ਇੰਗਲੈਂਡ ਦੇ ਨਵੇਂ ਉਠੇ "ਸ਼ਾਇਰਾਂ",ਨੇ,ਭਾਪਾ ਪ੍ਰੀਤਮ ਸਿੰਘ ਦੀ ਦੁਕਾਨ ਉਤੇ ਤਾਂਤਾ ਬੰਨ੍ਹ ਲਿਆ ਅਤੇ ਵਧੀਆ ਕਾਗਜ਼ ਉਤੇ ਸ਼ਾਨਦਾਰ ਛਪਾਈ ਵਿਚ ਘਟੀਆ ਕਵਿਤਾ ਦੀਆਂ ਪੁਸਤਕਾਂ ਦੀਆਂ ਢੇਰੀਆਂ ਲਾ ਦਿੱਤੀਆਂ । ਬਦ-ਕਿਸਮਤੀ ਨਾਲ ਇਨ੍ਹਾਂ "ਸ਼ਾਇਰਾਂ",ਕੋਲ ਅੰਨ੍ਹਾ ਪੈਸਾ ਸੀ ਤੇ ਸ਼ੁਹਰਤ ਦੀ ਅੰਨ੍ਹੀ ਭੁੱਖ ਸਿੱਖਰਾਂ ਦੀ ਸੀ । ਉਧਰ ਪੰਜਾਬੀ ਦੇ ਕਈ "ਨਾਮਵਰ"ਆਲੋਚਕਾਂ ਦੀਆਂ ਅਲਮਾਰੀਆਂ ਬਦੇਸ਼ੀ ਤੋਹਫਿਆਂ ਲਈ ਤਰਸ ਰਹੀਆਂ ਸਨ । ਵਲੈਤੀ ਵਿਸਕੀ ਦੀ ਵਾਸ਼ਨਾ ਨੇ ਸੁੱਕ ਅੰਬਰੇ ਵਲੈਤੀ "ਸ਼ਾਇਰਾਂ ਨੂੰ ਘਣਘੋਰ ਘਟਾਵਾਂ ਬਣਾ ਬਣਾਕੇ ਪੇਸ਼ ਕੀਤਾ। ਇਹ ਪੰਜਾਬੀ ਸਾਹਿਤ ਵਿਚ ਇਕ ਨਵੀਂ ਪਲੇਗ ਦੀ ਸ਼ੁਰੂਆਤ ਸੀ। ਹੌਲੀ ਹੌਲੀ ਇਹ ਬੀਮਾਰੀ ਕੈਨੇਡਾ ਦੇ ਪੰਜਾਬੀ ਸਾਹਿਤ ਤੀਕ ਵੀ ਅਪੜ ਗਈ ਹੈ।

ਕੈਨੇਡਾ ਵਿਚ ਰਹਿੰਦੇ,ਮਿੱਤਰ ਰਾਸ਼ਾ ਨਾਮੀ,ਇਕ ਵਿਅਕਤੀ .ਦੀਆਂ ਮਾਰਚ 1983 ਦੇ ਇਕੋ ਮਹੀਨੇ ਵਿਚ ਛਪੀਆਂ ਤਿੰਨ,ਅਤੇ 1976 ਵਿਚ ਛਪੀ ਇਕ ਪੁਸਤਕ-ਮੇਰੀ ਨਜ਼ਰ ਵਿਚੋਂ ਗੁਜ਼ਰੀਆਂ ਹਨ। ਮੈਂ ਇਨ੍ਹਾਂ ਚਾਰਾਂ ਕਿਤਾਬਾਂ ਨੂੰ ਬੜੇ ਗਹੁ ਨਾਲ ਪੜ੍ਹਿਆ ਹੈ-ਕਿਉਂਕਿ ਇਨ੍ਹਾਂ ਪੁਸਤਕਾਂ ਦੇ ਮੁਖਬੰਧ ਪੰਜਾਬੀ ਸਾਹਿਤ ਦੇ ਤਿੰਨ ਨਾਮਵਰ"ਡਾਕਟਰਾਂ"-ਰਣਧੀਰ ਸਿੰਘ ਚੰਦ,ਜਗਤਾਰ,ਧਰਮ ਪਾਲ ਅਤੇ ਇਕ ਹੋਰ ਵਿਸ਼ਵ ਸੰਮੇਲਨੀ ਹਸਤੀ ਪ੍ਰੀਤਮ ਸਿੰਘ ਨੇ ਲਿਖੇ ਹਨ। ਇਨ੍ਹਾਂ ਤੋਂ ਬਿਨਾਂ ਇਨ੍ਹਾਂ ਪੁਸਤਕਾਂ ਦੀਆਂ ਜੈਕਟਾਂ ਉਪਰ ਪ੍ਰੋ.ਮੋਹਨ ਸਿੰਘ,ਸੁਰਿੰਦਰ ਨਰੂਲਾ ਅਤੇ ਸੁਰਜੀਤ ਪਾਤਰ ਦੀਆਂ ਟਿਪਣੀਆਂ ਵੀ ਛਪੀਆਂ ਹਨ। ਚਾਰੇ ਪੁਸਤਕਾਂ ਵਿਚ ਹੀ ਬਹੁਤ ਹੀ ਸਾਧਾਰਨ ਕਿਸਮ ਦੀ ਤੁੱਕਬੰਦੀ,ਅਕਾਵਿਕ ਅਤੇ ਗੱਲਬਾਤ ਕਿਸਮ ਦੀਆਂ ਕਵਿਤਾਵਾਂ ਦਾ ਪਸਾਰਾ ਹੈ। ਕਿਤੇ ਵੀ ਕੋਈ ਸਤਰ ਹਲੂਣਦੀ ਜਾਂ ਝੰਜੋੜਦੀ ਨਹੀਂ— ਜੇ ਕਿਤੇ ਕੋਈ ਉਪਮਾਂ,ਅਲੰਕਾਰ ਆਉਂਦਾ ਵੀ ਹੈ ਤਾਂ ਉਸ ਵਿਚ ਨਾਂ ਕੋਈ ਨਵੀਨਤਾ ਹੈ ਤੇ ਨਾ ਹੀ ਮੌਲਿਕਤਾ । ਥਾਂ ਪੁਰ ਥਾਂ"ਬੋਤਾ ਨਾਲ ਖੋਤਾ"ਵਰਗੇ ਕਾਫੀਏ ਜੋੜ੍ਹੇ ਹੋਏ ਜ਼ਰੂਰ ਮਿਲਦੇ ਹਨ । ਵਧੀਆ ਸਰਵਾਰਕ,ਵਧੀਆ ਜਿਲਦਾਂ,ਸ਼ਾਨਦਾਰ ਛਪਾਈ,ਡਾਲਰ ਦੀ ਤਾਕਤ ਦਾ ਮੁਜ਼ਾਹਰਾ ਕਰਦੇ ਹਨ—ਪਰ "ਕਵਿਤਾ"ਕਿਥੇ ਹੈ ?

ਅਫਸੋਸ ਮਿੱਤਰ ਰਾਸ਼ੇ ਤੇ ਨਹੀਂ ! ਉਸਨੂੰ ਕੌਣ ਹੋੜ੍ਹ ਸਕਦਾ ਹੈ ? ਉਸ ਕੋਲ ਸ਼ੁਹਰਤ ਲਈ ਭੁੱਖ ਹੈ,ਉਸ ਕੋਲ ਡਾਲਰ ਹਨ । ਪ੍ਰਕਾਸ਼ਿਕ ਨੂੰ ਖੋਖਲ੍ਹੇ ਲੋਕਾਂ ਦੀ ਪਛਾਣ ਹੈ। ਉਸ ਕੋਲ ਡਾਲਰ ਨੂੰ ਰੁਪਿਆਂ ਨਾਲ ਜਰਬ ਦੇ ਕੇ ਆਪਣੀ ਬੈਂਕ ਬੁੱਕ ਦਾ ਕੱਦ ਵਧਾਉਣ ਦੇ ਨਾਲ ਨਾਲ,ਫੂਕੀ ਲੇਖਕ ਦੀ ਖੋਖਲ੍ਹੀ ਖੁਦੀ ਦੇ ਹਵਾ ਭਰਨ ਦੀ ਜਾਂਚ ਵੀ ਆਉਂਦੀ ਹੈ।

ਅਫਸੋਸ ਹੈ "ਨਾਮਵਰ"ਆਲੋਚਕਾਂ ਦੀ ਗੈਰ ਸੁਹਿਰਦਤਾ ਉਤੇ ਚਾਰੇ ਹੀ ਮੁੱਖਬੰਧਕਾਂ ਨੇ,ਕਾਵਿਕਤਾ ਤੋਂ ਊਕਾ ਸੱਖਣੀਆਂ ਕਵਿਤਾਵਾਂ ਦੇ ਇਸ ਲੇਖਕ ਨੂੰ,ਸਿਰਮੌਰ,ਨਵੀਨ ਚੇਤਨਾ,ਨਵੀਂ ਸ਼ੈਲੀ,ਬਹੁਪੱਖੀ ਸੁਰ ਅਮਰ ਲੇਖਕ ਅਤੇ ਹੋਰ ਪਤਾ ਨਹੀਂ ਕੀ ਕੀ ਵਿਸ਼ੇਸ਼ਣ ਬਖਸ਼ ਦਿੱਤੇ ਹਨ। ਪਾਠਕਾਂ ਦੀ ਜਾਣਕਾਰੀ ਲਈ,ਮੈਂ,"ਸ਼ਾਇਰ"ਦੀਆਂ ਕੁਝ ਕੁ ਉਹ ਸਤਰਾਂ ਪੇਸ਼ ਕਰਦਾ ਹਾਂ ਜੋ ਇਨ੍ਹਾਂ ਮੁੱਖਬੰਧਕਾਂ ਨੇ ਨਮੂਨੇ ਦੇ ਤੌਰ ਤੇ ਪੇਸ਼ ਕੀਤੀਆਂ ਹਨ ।

(1) ਇਕ ਦਿਨ ਆਇਆ/ਹੱਸੇ ਵੀ/ਇਸ ਦੁਨੀਆਂ ਤੋਂ/ਰੁਖਸਤ ਹੋਈ/ਸਾਰੀ ਖਲਕਤ/ਇਕੱਠੀ ਹੋਈ/ਜੋ ਹੱਸੇ ਦੇ ਕਫਨ ਵੱਲ ਜਾਏ/ਉਹ ਹੱਸਦਾ ਪਰਤ ਆਏ/ਹੱਸੇ ਕੱਫਨ 'ਚ ਵੀ ਹੱਸ ਰਹੀ ਸੀ/ਰੁਖਸਤ ਦੇ ਵਕਤ/ਕੀ ਰੋਣਾ/ਇਕ ਦਿਨ ਸਭਨੇ/ਸੁੱਖ ਦੀ ਨੀਂਦੇ ਸੌਣਾ

(2) ਅਖੀਰ ਗੁਆਂਢਣ ਦੱਸਿਆ/ਉਹ ਬਦਲ ਗਏ/ਉਹ ਬਦਲ ਗਏ/ਆਹੋ ਉਹ ਬਦਲ ਗਏ ਨੇ ਘਰ/ਪਰ ਅਸੀਂ ਤਾਂ ਮੱਲੀ ਬੈਠੇ ਸਾਂ ਦਰ/ਅਸੀਂ ਦਰ ਨਾਲ ਹੀ/ਜੁੜਦੇ ਗਏ/ਰਾਤ ਦੇ ਹਨੇਰੇ 'ਚ ਵਗਦੀ ਹਨੇਰੀ 'ਚ/ਅਸੀਂ ਤੇਰੇ ਘਰ ਵੱਲ ਦੀ/ਖੁਰਦੇ ਰਹੇ/ਟੁਰਦੇ ਰਹੇ ।

(3) ਰਾਤ ਡਿੱਗ ਪਈ ਹੈ/ਚੁੱਪ ਦੇ ਖੂਹ ਵਿਚ/ਹਨੇਰਾ ਵਿਦਿਆ ਹੈ/ਚੁਗਿਰਦੇ ਦੀ ਜੂਹ ਵਿਚ/ਮੇਰੇ ਪੈਰਾਂ ਦੀ ਆਵਾਜ਼ ਵਿਚ/ਗਵਾਚ ਗਈ .ਹੈ/ਰਾਤ ਦੀ ਰੂਹ ਵਿਚ ।

(4) ਹਜ਼ਾਰਾਂ ਕੋਹਾਂ ਦੀ ਵਿੱਥ/ਸੋਚ ਦੇ ਦੰਦ ਜੀਭ ਲੈਣ ਚਿੱਥ/ਕੀਕੂੰ ਅੱਖੀਆਂ ਵੇਖਣ ਸੱਜਣ ਨੂੰ/ਕੀਕੂੰ ਦਿਲ ਬੀਤਾ ਵਕਤ ਲੰਘਾਏ ।

(5) ਪਰ ਮੇਰੇ ਅੰਦਰ ਬੋਲਾਂ ਦਾ ਸੁਰ ਸੁੱਕਿਆ/ਚੁੱਪ ਨੇ ਜੀਭ ਨੂੰ ਟੁੱਕਿਆ/ਇਸ ਸੋਚ ਦਾ ਵਲਗਿਆ/ਕਿਥੋਂ ਆਰੰਭਾਂ,ਕਿਹੜੀ ਗੱਲ/ਗੱਲਾਂ ਦਾ ਰਿਹਾ ਗਲ ਘੁੱਟਿਆ/ਤੇ ਜ਼ਿਹਨ 'ਚ ਰਿਹਾ/ਚੁੱਪ ਦਾ ਬੰਜਰ ਵਿਣਿਆ ।

(6) ਅਸੀਂ ਸਾਰੇ ਅੱਜ/ਇਕੱਲ ਦੀ ਚਰਖੜੀ ਚੜ੍ਹੇ/ਅੱਲੇ ਫੱਟਾਂ ਯਾਦਾਂ ਲੈ ਕੇ/ਰਹੇ ਚੁੱਪ ਦੇ ਵੇਹੜੇ ਖੜੇ ।

(7) ਸੱਜਣ ਜੀ/ਤੁਹਾਡੇ ਹੱਥ/ਸਾਡੇ ਮਨ ਦੀਆਂ ਕੁੰਜੀਆਂ/ਖੋਲ ਜਿੰਦੇ ਢੋਏ/ਸੱਜਣ ਜੀ/ਹੁਣ ਘੁੱਟ ਅੰਮ੍ਰਿਤ ਦਾ ਪਿਆਓ/ਨੈਣ ਪੂੰਜੋ ਸਾਡੇ ਰੋਏ ।

(8) ਅੱਜ ਦੀ ਸ਼ਾਮ/ਖਾਲੀ ਖਾਲੀ/ਅੱਜ ਦੀ ਸ਼ਾਮ/ਦਿਲ ਰਹੇਗਾ/ਯਾਦਾਂ ਦਾ ਸਵਾਲੀ ।

(9) ਦਰ ਤੇ ਆਇਆਂ ਦੀ/ਝੋਲੀ ਭਰਦੇ ਦਾਤਾ/ਦੁੱਖ 'ਚ ਕੁਰਲਾਇਆਂ ਦੀ/ਕੁਝ ਤਲੀ ਤੇ ਧਰਦੇ ਦਾਤਾ/ਤੇਰਾ ਭੰਡਾਰਾ ਬੜਾ ਭਾਰਾ/ਨਹੀਂ ਕੋਈ ਪਾਰਾ ਵਾਰਾ/ਭਰ ਦੇ ਝੋਲੀ ਖਾਲੀ/ਸਾਡੇ ਜਿਹੇ ਸਿਤਾਇਆਂ ਦੀ ।

(10) ਦੇਣ ਦਿਊ ਨੀ/ਮੈਨੂੰ ਭਰਵਾਂ ਚੁੰਮਣ/ਦੇਣ ਦਿਓ/ਕਹਿਣ ਦਿਊ ਨੀ/ਮੈਨੂੰ ਗੱਲ ਦਿਲੇ ਦੀ ਕਹਿਣ ਦਿਊ/ਲੈਣ ਦਿਓ ਨੀ/ਉਹਦੇ ਸਾਹਾਂ ਦੀ ਖੁਸ਼ਬੋਈ/ਹੋਈ ਨੀ ਮੈਂ/ਸਾਰੀ ਜਿਦੀ ਹੋਈ/ਨੈਣਾਂ ਨਾਲ ਨੈਣ/ਖਹਿਣ ਦਿਓ ।

ਉਪਰੋਕਤ ਸੱਤਰਾਂ"ਚੋਟੀ "ਦੀਆਂ ਸੱਤਰਾਂ ਹਨ । ਜੋ ਇਨ੍ਹਾਂ ਮੁੱਖ ਬੰਧਕਾਂ ਨੇ ਬੜੀ ਮਿਹਨਤ ਨਾਲ ਚਾਰਾਂ ਪੁਸਤਕਾਂ ਵਿਚੋਂ ਲੱਭੀਆਂ ਹਨ। ਤੇ ਦੇਖੋ ਸਾਡੇ ਨਾਮਵਰ ਲੇਖਕ/ਆਲੋਚਕ ਇਸ "ਚੋਟੀ ਦੇ ਸ਼ਾਇਰ"ਬਾਰੇ ਕੀ ਉਚਰਦੇ ਹਨ ।

ਡਾਕਟਰ ਜਗਤਾਰ ਮਿੱਤਰ ਰਾਸ਼ੇ ਦਾ ਅਨੁਭਵ ਬੜਾ ਮੌਲਕ ਤੇ ਸੱਜਰਾ ਹੈ- ਮਿੱਤਰ ਰਾਸ਼ਾ ਦੀ ਸਾਦਾ ਬਿਆਨੀ ਉਸਨੂੰ ਆਲੰਕਾਰਾਂ ਦੇ ਵਾਧੂ ਭਾਰ ਚੁੱਕਣ ਤੋਂ ਤਾਂ ਮੁਕਤ ਕਰਦੀ ਹੀ ਹੈ । ਇਸਦੇ ਨਾਲ ਉਸਨੂੰ ਬਿੰਬਾਂ ਦੇ ਮਹਾਂ-ਵਣ ਵਿਚ ਗੁੰਮ ਜਾਣ ਤੋਂ ਵੀ ਬਚਾ ਲੈਂਦੀ ਹੈ। ਵਿਅੰਜਨਾਂ ਦੀਆਂ ਆਤ੍ਰਿਕ ਧੁਨੀਆਂ,ਸ਼ਬਦਾਂ ਦੀ ਰਿਦਮਕਤਾ ਅਤੇ ਕਿਤੇ ਕਿਤੇ ਕਾਫੀਆਂ ਮੇਲਣ ਦੀ ਯੋਜਨਾ ਉਸਨੂੰ ਅਜੋਕੀ-ਨਸਰੀ-ਕਾਵਿ ਨੀਰਸਤਾ ਤੋਂ ਵੀ ਬਚਾ ਲੈਂਦੇ ਹਨ ।

**ਪ੍ਰੀਤਮ ਸਿੰਘ(ਵਿਸ਼ਵ ਸੰਮੇਲਨੀ):**—ਮਿੱਤਰ ਰਾਸ਼ਾ ਪ੍ਰਦੇਸ਼ਾਂ ਵਿਚ ਵਸਦੇ ਪੰਜਾਬੀ ਕਵੀਆਂ ਦੀ ਮੂਹਰਲੀ ਕਤਾਰ ਵਿਚ ਗਿਣਿਆ ਜਾਂਦਾ ਹੈ----- ਮਿੱਤਰ ਰਾਸ਼ਾ ਦੀ ਕਵਿਤਾ ਵਿਚ "ਵੱਸਲ"ਤੇ"ਹਿਜਰ"ਦੀ ਕਲਾਤਮਿਕ ਪੇਸ਼ਕਾਰੀ ਧੁਰ ਅੰਦਰ ਲਹਿ ਜਾਣ ਦੀ ਸ਼ਕਤੀ ਰੱਖਦੀ ਹੈ--- ਮੈਨੂੰ ਪੂਰਨ ਆਸ ਹੈ ਕਿ ਮਿੱਤਰ ਰਾਸ਼ਾ ਦੀ ਕਾਵਿ ਪ੍ਰਤਿਭਾ ਪੰਜਾਬੀ ਸਾਹਿਤ ਵਿਚ ਆਪਣਾ ਕਿੱਸਾ ਜਮਾਉਣ ਵਿਚ ਸਹਿਜੇ ਹੀ ਸਫਲ ਹੋ ਜਾਵੇਗੀ ।"

**ਡਾ.ਧਰਮਪਾਲ ਸਿੰਗਲ:**—ਮਿੱਤਰ ਰਾਸ਼ਾ ਕੋਲ ਕੇਵਲ ਵਚਨ ਵਿਲਾਸ ਨਹੀਂ,ਭਾਵਕਤਾ ਤੇ ਭਟਕਣ ਹੀ ਨਹੀਂ ਸਗੋਂ ਇਕ ਡੂੰਘਾ ਚਿੰਤਨ ਵੀ ਹੈ ਅਤੇ ਇਸੇ ਚਿੰਤਨ ਦੀ ਅੱਖ ਨਾਲ ਉਹ ਸੰਸਾਰ,ਮਨੁੱਖ ਤੇ ਇਸਦੇ ਰਿਸ਼ਤੇ ਨਾਤੇ,ਸਮਾਜ ਵਿਚ ਪਸਰੇ ਅਨਾਦਾਰ,ਬੇਵਿਸਾਹੀ,ਗਰੀਬੀ,ਭੁੱਖ ਮਰੀ ਆਦਿ ਦੀ ਸਹੀ ਤਸਵੀਰ ਦੇਖਕੇ ਜ਼ਿੰਦਗੀ ਦੀ ਸਹੀ ਤੇ ਸਾਰਥਕ ਵਿਆਖਿਆ ਕਰ ਸਕਣ ਵਿਚ ਸਮਰੱਥ ਹੈ ।

**ਡਾ.ਰਣਧੀਰ ਸਿੰਘ ਚੰਦ:**-------ਰਾਸ਼ਾ ਨੇ ਪੰਜਾਬੀ ਕਵਿਤਾ ਦੀ ਖੜੋਤ ਨੂੰ ਸਫਲਤਾ ਨਾਲ ਭੰਗ ਕੀਤਾ ਹੈ---ਮਿੱਤਰ ਰਾਸ਼ਾ ਦੀ ਕਵਿਤਾ ਨਾਲ ਪੰਜਾਬੀ ਕਾਵਿ ਜਗਤ ਵਿਚ ਇਕ ਵੱਖਰੀ ਭਾਂਤ ਦੀ ਕਾਵਿ ਸ਼ੈਲੀ ਉਜਾਗਰ ਹੁੰਦੀ ਹੈ-----ਮਿੱਤਰ ਰਾਸ਼ਾ ਨੂੰ ਅਸੀਂ ਕਠੋਰ ਸਥਿਤੀਆਂ ਦਾ ਸਹਿਜ ਬਿਆਨ ਕਰਨ ਵਾਲਾ ਕਵੀ ਆਖ ਸਕਦੇ ਹਾਂ------ਇਹ ਕਵੀ ਆਪਣੇ ਚੌਗਿਰਦੇ ਪ੍ਰਤੀ ਚੇਤੰਨ ਹੈ,ਸਮਾਜ ਦੇ ਅਰਥਚਾਰੇ ਅਤੇ ਹੋਰ ਗੰਭੀਰ ਸਥਿਤੀਆਂ ਪ੍ਰਤੀ ਉਸਦਾ ਰੱਵਈਆ ਸਾਰਥਿਕ ਹੈ । ਉਸਦੀ ਕਾਵਿਸ਼ੈਲੀ ਦੀ ਵਿਸ਼ੇਸ਼ਤਾ ਹੀ ਕਹੀ ਜਾਵੇ ਕਿ ਉਸਦੀ ਇਸ ਸਭ ਕੁਝ ਪ੍ਰਤੀ ਪਹੁੰਚ ਨਿੱਜੀ ਜਾਂ ਨਿਵੇਕਲੀ ਹੈ ?------ਸਮੁੱਚੇ ਰੂਪ ਵਿਚ ਇਹ ਕਹਿਣਾ ਹੀ ਬਣਦਾ ਹੈ ਕਿ ਮਿੱਤਰ ਰਾਸ਼ੇ ਦੀ ਪੁਸਤਕ "ਅਕਾਸਮਾਂ"ਨਾਲ ਅਜੋਕੀ ਪੰਜਾਬੀ ਕਵਿਤਾ ਦੀ ਪ੍ਰਤੀ ਨਿੱਧਤਾ ਤੋਂ ਉਪਜੀ ਖੜੋਤ ਅਵੱਸ਼ ਹੀ ਟੁੱਟੇਗੀ ।

**ਪ੍ਰੋ.ਮੋਹਨ ਸਿੰਘ(ਮਰਹੂਮ)**----ਰਾਸ਼ਾ ਇਕ ਵਚਿਤੱਰਕਵੀ ਹੈ,ਜੋ ਗਿਣਿਆਂ ਤਾਂ ਨਵੇਂ ਕਵੀਆਂ ਵਿਚ ਹੀ ਜਾਂਦਾ ਹੈ ਪਰ ਉਹ ਕਈ ਗੱਲਾਂ ਵਿਚ ਨਵੇਂ ਕਵੀਆਂ ਤੋਂ ਵੀ ਨਿੱਖੜ ਕੇ ਤੁਰਿਆ ਹੈ----ਇਸ ਸੰਮਿਹ ਦੀਆਂ ਕੁੱਝ ਕਵਿਤਾਵਾਂ ਤੇ ਗੀਤ ਅਵੱਸ਼ ਅਮਰ ਰਹਿਣ ਵਾਲੇ ਹਨ ।

**ਸੁਰਜੀਤ ਪਾਤਰ:**—ਮਿੱਤਰ ਰਾਸ਼ਾ ਦੀ ਸਹਿਜ-ਸੁਭਾਵਕਤਾ ਪ੍ਰਭਾਵਿਤ ਕਰਦੀ ਹੈ । ਕਈ ਸੱਤਰਾਂ ਪੜ੍ਹਦਿਆਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਉਸਦਾ ਮਨ ਹਵਾ ਦੇ ਪੋਟਿਆਂ ਨਾਲ ਵੱਜਦਾ ਸਾਜ਼ ਹੋਵੇ----ਉਸਦੀ ਕਵਿਤਾ ਵਿਚ ਏਨੀ ਸੰਵੇਦਨਸ਼ੀਲ ਉਦਾਸੀ ਹੈ ।

ਬਾਕੀ ਪੰਨਾ 23'ਤੇ

## ਮਨ ਦਾ ਪੰਖੇਰੂ

ਐ ਮੇਰੇ ਯਾਰ!
ਜ਼ਰਾ ਬਾਹਰ ਤਾਂ ਆ
ਛਡ ਆਪਣੇ ਪਿੰਜਰੇ ਨੂੰ,
ਆਪਣੇ ਨਾਜ਼ਕ ਪਰਾਂ ਨਾਲ
ਖੁੱਲ੍ਹੇ ਗਗਨਾਂ ਵਿੱਚ
ਇਕ ਉਡਾਰੀ ਤਾਂ ਮਾਰ ।
ਲਾਹ ਦੇ,ਭਰਮਾਂ ਤੇ ਧਰਮਾਂ ਦੇ ਜਾਲ
ਦੇਖ ਉਚਾ ਉਡ ਕੇ
ਲੈ,ਮੁੱਹਬਤ ਤੇ ਪਿਆਰਾਂ ਦੇ ਸਾਰ
ਆ,ਰਤਾ ਚੱਲ
ਕਿਸੇ ਉਚੀ ਉੜਾਨ ਤੇ ।
ਰਾਹ ਵਿਚ ਹਨੇਰੇ,ਸਵੇਰੇ ਤੇ ਝੱਖੜ
ਤੇਰੀ ਉਡਾਰੀ ਨੂੰ ਪੇਚਦਾਰ ਬਣਾਉਣ ਲਈ,
ਸੋਚਾਂ ਵਿਚ ਡੁੱਬ ਗਿਐਂ!
ਨਹੀਂ ਇਹ ਤਾਂ ਸਭ ਕੁੱਝ
ਤੇਰੀ ਪਰਖ ਦਾ ਸਮਾਨ ਏ,
ਥੋੜਾ ਧਾਰ ਤੇ ਲੱਗ ਕੇ ਤਾਂ ਦੇਖ
ਅਤੇ ਵੇਖ ਆਪਣੀ ਕੱਟਣ ਸ਼ਕਤੀ ਹੈ
    ਘਣੇ ਜੰਜਾਲ ਨੇ
ਸ਼ਾਹੀ ਫੁਰਮਾਨ ਨੇ
ਧਾਰਮਿਕ ਅਰਮਾਨ ਨੇ
ਸੰਸਾਰਕ ਸਾਮਾਨ ਨੇ
ਨੂਰੀ ਮਹਿਮਾਨ ਨੇ
ਕਿੰਨੇ ਜਜਮਾਨ ਨੇ
ਅੱਗੇ ਆ ਤੇ ਪੜਦਾ ਤਾਂ ਹਟਾ
ਵੇਖ ਤਾਂ ਸਹੀ
ਅੱਲਾ ਵੀ ਇਕ ਹੈ
ਤੇ ਗੱਲਾ ਵੀ ਇਕ ਹੈ
ਛੂਹ ਲੈ ਦਾਮਨ
ਤੇ ਭਰ ਲੈ ਝੋਲੀ
ਵੰਡ ਦੇ ਆਪਣੀ ਚੁੰਝ ਨਾਲ
ਕੁਦਰਤ ਦੇ ਭੰਡਾਰਾਂ ਨੂੰ
ਇਹ ਭੰਡਾਰ ਨੇ
ਤੇਰੇ ਸ਼ਿੰਗਾਰ
ਸ਼ਿੰਗਾਰਾਂ ਦੇ ਔਜ਼ਾਰਾਂ ਨਾਲ
ਨਾ ਕਰ ਕਿਸੇ ਨੂੰ ਕਾਇਲ
    ਮੈਨੂੰ ਡਰ ਹੈ
ਕਿਤੇ ਕੋਈ ਮੇਰੇ ਵਾਂਗੂ
ਆਪਣੇ ਪਰ ਹੀ ਖੋ ਬੈਠੇ
    ਬਣ ਜਾ ਪੰਖੇਰੂ
    ਨਾ ਬਣ ਭੇੜੂ
ਉੱਚੀ ਉੜਾਨ ਤੇ ਚੱਲ
    ਕੋਈ ਪਿੰਜਰਾ ਨਾ ਮਲ ।

**ਅਵਤਾਰ ਸਿੰਘ 'ਫੌਜੀ'**
**ਰੰਗ-ਤਰੰਗ ਸਾਹਿਤ ਸਭਾ**
**ਸੁਕਾਮਿਸ,ਬੀ.ਸੀ.**

## 'ਸੁਪਨਾ'

ਅੜੀਓ!ਰਾਤੀਂ ਸੁਪਨਾ ਆਇਆ-ਪਿਆ ਬੋਲ ਬਨੇਰੇ ਕਾਂ
ਮੈਂ ਪੁੱਛਿਆ ਕੀ ਮਾਹੀਏ ਆਉਣੈ ? ਉਹ ਹੱਸ ਕੇ ਕਹਿੰਦਾ ਹਾਂ
ਦਿਲ ਦੇ ਰੰਗਲੇ ਵੇਹੜੇ ਦੇ ਵਿਚ -ਆਸ ਦਾ ਫਰਸ਼ ਵਿਛਾ
ਨੱਚਣ ਲੱਗੇ ਚਾਅ ਕੁਆਰੇ-ਰੀਝਾਂ ਦੀ ਝਾਂਜਰ ਪਾ
ਪ੍ਰੀਤਾਂ ਦਾ ਕੋਈ ਗੀਤ ਨੀ ਅੜੀਓ ! ਮੈਂ ਮਨ ਹੀ ਮਨ ਪਈ ਗਾ------
ਬੁੱਲ੍ਹਾਂ ਵਿਚ ਮੁਸਕਾਉਂਦਾ ਮਾਹੀ,ਵੇਹੜੇ ਵੜਿਆ ਆ
ਬਾਹਾਂ ਅੱਡੀ ਮੈਂ ਖਲੋਤੀ-ਉਸ ਲਈ ਗਲਵਕੜੀ ਪਾ
ਮੈਂ ਤਕਾਂ ਬੱਸ ਮੁੱਖ ਮਾਹੀ ਦਾ-ਹੋਰ ਝਾਤ ਨਾ ਕਿਧਰੇ ਪਾ-------
ਚਿਰੀਂ ਵਿਛੁੰਨੀਆਂ ਰੂਹਾਂ ਮਿਲਕੇ-ਦਿਤੇ ਦੁੱਖ ਤੇ ਦਰਦ ਭੁੱਲਾ
ਮੈਂ ਜੋਗਨ ਅਜ਼ਲੋਂ ਪਿਆਸੀ-ਮਾਹੀਆ ਸਰਵਰ ਅੰਮ੍ਰਿਤ ਦਾ
ਮੁੱਦਮ ਪਿਛੋਂ ਮਿਲਿਆ ਮੈਨੂੰ-ਮੈਂ ਪੀ ਪੀ ਪਿਆਸ ਬੁਝਾ-------
ਟੁੱਟਿਆ ਸੁਪਨਾ ਰਹਿ ਗਈ ਕੱਲੀ-ਜਿਵੇਂ ਮੈਂ ਸੁੱਤੀ ਸਾਂ
ਘੁੱਪ ਹਨੇਰਾ ਚਾਰੇ ਪਾਸੇ-ਨਾ ਮਾਹੀ ਨਾ ਕਾਂ
ਐਪਰ ! ਛਿਣ ਭਰ ਮਾਣੀ ਛੂਹ ਮਾਹੀ ਦੀ-ਅਜੇ ਵੀ ਭੁੱਲਦੀ ਨਾ-------

**ਸਮਸ਼ੇਰ ਕੰਗ**
**ਰੰਗ-ਤਰੰਗ ਸਾਹਿਤ ਸਭਾ**
**ਸੁਕਾਮਿਸ਼ ਬੀ.ਸੀ.**

**ਕਿਸੇ ਵਲੋਂ ਆਪਣੇ ਨਾਲ ਕੀਤੀ ਬੁਰਿਆਈ ਨੂੰ ਲਿਖੋ ਪਰ ਰੇਤ ਉਤੇ, ਮਗਰ ਭਲਾਈ ਨੂੰ ਪੱਥਰ ਉਤੇ ਉਕਰ ਕੇ ਰੱਖੋ ।** -ਸੁਕਰਾਤ

**ਪਿਛਲੀਆਂ ਸਦੀਆਂ ਦੀ ਅਕਲਮੰਦੀ ਦਾ ਹੀ ਨਹੀਂ, ਪਾਗਲਪਨ ਦਾ ਵੀ ਸਾਡੇ 'ਤੇ ਡੂੰਘਾ ਅਸਰ ਹੈ ।** -ਨੀਤਸ਼ੇ


# ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**
**We Do Passport, 5 Mins. Service,**
**Portrait Photos & Weddings**
**Off; 872-6060**



# ਪੰਜਾਬ ਸਮਝੌਤੇ 'ਤੇ ਅਮਲ ਜ਼ਰੂਰੀ

ਹਰਕਿਸ਼ਨ ਸਿੰਘ ਸੁਰਜੀਤ

ਬਰਨਾਲਾ ਤੇ ਸ਼ਰੋਮਣੀ ਅਕਾਲੀ ਦਲ ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰਨ ਦੀ ਲੜਾਈ ਵਿਚ ਮੂੰਹ ਦੀ ਖਾਣ ਪਿਛੋਂ,ਅੱਤਵਾਦੀ ਤੇ ਸਿੰਘ ਸਾਹਿਬਾਨ ਆਪਣੀ ਜੰਗ ਜਾਰੀ ਰੱਖਣ ਲਈ ਦਰਿੜ ਹਨ। ਜਿਸ ਦਾ ਮੰਤਵ ਪੰਥ ਦੀ ਏਕਤਾ ਤੇ ਅਕਾਲ ਤਖਤ ਦੀ ਹਸਤੀ ਦੀ ਸਰਵ ਉਚਤਾ ਦੇ ਦਿਲ ਖਿਚਵੇਂ ਨਾਹਰੇ ਹੇਠ ਦੇਸ਼ ਨੂੰ ਅਸਥਿਰ ਕਰਨਾ ਤੇ ਪੰਜਾਬੀ ਲੋਕਾਂ ਦੀ ਏਕਤਾ ਨੂੰ ਭੰਗ ਕਰਨਾ ਹੈ।

ਪਿਛਲੇ ਦਿਨਾਂ ਦੌਰਾਨ ਉਨ੍ਹਾਂ ਲੋਕਾਂ ਵਿਚ ਜਿਹੜੇ ਦੇਸ਼ ਦੀ ਏਕਤਾ ਤੇ ਪੰਜਾਬੀਆਂ ਦੀ ਏਕਤਾ ਦੇ ਸਮਰਥਕ ਹਨ ਅਤੇ ਉਨ੍ਹਾਂ ਲੋਕਾਂ ਵਿਚ ਜਿਹੜੇ ਇਸਨੂੰ ਭੰਗ ਕਰਨਾ ਚਾਹੁੰਦੇ ਹਨ,ਸਪਸ਼ਟ ਰੇਖਾ ਖਿਚੀ ਗਈ ਹੈ। 20 ਫਰਵਰੀ ਨੂੰ ਲੌਂਗੋਵਾਲ ਪਿੰਡ ਵਿਚ ਸਿਖਾਂ ਦੀ ਹੋਈ ਕਨਵੈਨਸ਼ਨ ਨੇ ਆਪਣੇ ਮਤੇ ਵਿਚ ਸਪਸ਼ਟ ਤੌਰ ਤੇ ਬਿਆਨ ਕੀਤਾ ਹੈ ਕਿ "ਦੇਸ਼ ਦੋਖੀ ਰਾਸ਼ਟਰ ਵਿਰੋਧੀ ਤੱਤ ਅਤੇ ਬਦੇਸ਼ੀ ਸ਼ਕਤੀਆਂ ਨੇ ਪੰਜਾਬ ਸਮੱਸਿਆ ਨੂੰ ਗੁੰਝਲਦਾਰ ਬਣਾ ਦਿਤਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਥ ਲਈ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਅਤੇ ਪੰਜਾਬ ਵਿਚ ਅਮਨ ਦੀ ਬਹਾਲੀ ਲਈ ਆਪਣੀ ਜਾਨ ਦੀ ਕੁਰਬਾਨੀ ਦਿਤੀ। ਸ਼ਰੋਮਣੀ ਅਕਾਲੀ ਦਲ ਆਪਣੇ ਮਹਾਨ ਆਗੂ ਦੇ ਆਦਰਸ਼ਾਂ ਅਤੇ ਉਨ੍ਹਾਂ ਦੇ ਮਹਾਨ ਅਸੂਲਾਂ ਤੇ ਚੱਲਣ ਲਈ ਦਰਿੜ ਹੈ ਅਤੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਕੋਈ ਵੀ ਕੁਰਬਾਨੀ ਦੇਣ ਵਾਸਤੇ ਸਦਾ ਤਿਆਰ ਰਹੇਗਾ।

ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਦਾ ਇਤਿਹਾਸ ਬਿਆਨ ਕਰਦੇ ਹੋਏ,ਮਤੇ ਵਿਚ ਕਿਹਾ ਗਿਆ ਹੈ:

"ਭਾਰਤ ਭਰ ਦੇ ਸਿਖਾਂ ਦੀ ਨੁਮਾਇੰਦਗੀ ਕਰਦੀ ਇਹ ਕਨਵੈਨਸ਼ਨ ਅੱਤਵਾਦੀਆਂ ਅਤੇ ਵੱਖਵਾਦੀਆਂ ਦੀਆਂ ਅਤੇ ਪੰਜਾਬ ਤੇ ਦੇਸ਼ ਦੇ ਹਿੱਤਾਂ ਵਿਰੁੱਧ ਕੰਮ ਕਰਦੀਆਂ ਸਭਨਾਂ ਸ਼ਕਤੀਆਂ ਦੀਆਂ ਕਾਰਵਾਈਆਂ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ,ਇਕਮੁੱਠ ਹੋਕੇ ਉਨ੍ਹਾਂ ਵਿਰੁੱਧ ਸੰਘਰਸ਼ ਕਰਨ ਦਾ ਅਹਿਦ ਕਰਦੀ ਹੈ। ਇਹ ਸਭਨਾਂ ਪੰਜਾਬੀਆਂ ਨੂੰ,ਦੇਸ਼ ਦੀਆਂ ਸਭਨਾਂ ਰਾਜਸੀ ਪਾਰਟੀਆਂ ਨੂੰ ਅਤੇ ਸਮੁੱਚੇ ਦੇਸ਼ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਕੌਮੀ ਚੁਣੌਤੀ ਦਾ ਟਾਕਰਾ ਕਰਨ ਵਿਚ ਆਪਣੀ ਤਹਿ-ਦਿਲੀ ਹਮਾਇਤ ਦੇਣ।"

ਕਨਵੈਨਸ਼ਨ ਨੇ ਪੰਜਾਬ ਸਮਝੌਤੇ ਨੂੰ ਅੱਖਰ ਤੇ ਭਾਵਨਾ ਵਿਚ ਲਾਗੂ ਕੀਤੇ ਜਾਣ ਦੀ ਮੰਗ ਕੀਤੀ,ਤਾਂਕਿ ਰਾਜ ਦੇ ਲੋਕਾਂ ਦੇ ਮਨਾਂ ਵਿਚੋਂ ਗਲਤਫਹਿਮੀਆਂ ਨੂੰ ਦੂਰ ਕੀਤਾ ਜਾ ਸਕੇ,ਜਿਸਦੇ ਸਿੱਟੇ ਵਜੋਂ ਅੱਤਵਾਦੀਆਂ ਨੂੰ ਸ਼ਹਿ ਮਿਲ ਰਹੀ ਹੈ ਅਤੇ ਫਿਰਕੂ ਤਣਾਅ ਪੈਦਾ ਹੋ ਰਿਹਾ ਹੈ। ਕਨਵੈਨਸ਼ਨ ਨੇ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੀ ਲੀਡਰਸ਼ਿਪ ਵਿਚ ਪੂਰਨ ਭਰੋਸੇ ਦਾ ਇਜ਼ਹਾਰ ਕੀਤਾ ਅਤੇ ਸ਼ਰੋਮਣੀ ਅਕਾਲੀ ਦਲ ਵਲੋਂ ਅਮਨ ਤੇ ਮੇਲ-ਮਿਲਾਪ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਤਾਰੀਫ ਕੀਤੀ।

ਇਸ ਮਤੇ ਨੇ ਉਨ੍ਹਾਂ ਲੋਕਾਂ ਅੱਗੇ ਵੱਡੀ ਚੁਣੌਤੀ ਸੁੱਟੀ ਹੈ,ਜਿਹੜੇ ਅਕਾਲ ਤਖਤ ਦੀ ਹਸਤੀ ਦੀ ਵਰਤੋਂ ਕਰਕੇ,ਬਰਨਾਲਾ ਸਰਕਾਰ ਨੂੰ ਡੇਗਣਾ ਚਾਹੁੰਦੇ ਹਨ ਅਤੇ ਪੰਥਕ ਏਕਤਾ ਦੇ ਝੰਡੇ ਹੇਠ ਅਤੇ ਅਕਾਲ ਤਖਤ ਦੀ ਸਰਵ-ਉਚਤਾ ਦੇ ਨਾਹਰੇ ਹੇਠ ਵੱਖਵਾਦ ਤੇ ਅੱਤਵਾਦ ਦੀਆਂ ਸ਼ਕਤੀਆਂ ਨੂੰ ਸ਼ਹਿ ਦੇਣਾ ਚਾਹੁੰਦੇ ਹਨ। ਕਨਵੈਨਸ਼ਨ ਵਿਚ ਕੀਤੀਆਂ ਗਈਆਂ ਤਕਰੀਰਾਂ ਵਿਚ ਮਤੇ ਵਾਂਗ ਧਾਰਮਿਕ ਹਸਤੀ ਵਿਚ ਇਕ ਪਾਸੇ ਅਤੇ ਅਜਿਹੀ ਪਾਰਟੀ,ਜਿਸਦੇ ਮੈਂਬਰਾਂ ਨੇ ਭਾਰਤੀ ਵਿਧਾਨ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕੀ ਹੈ,ਦੀਆਂ ਰਾਜਸੀ ਜ਼ੁੰਮੇਵਾਰੀਆਂ ਤੇ ਫਰਜ਼ਾਂ ਵਿਚ ਦੂਜੇ ਪਾਸੇ ਸਪਸ਼ਟ ਵਖਰੇਵਾਂ ਹੋ ਗਿਆ ਹੈ। ਧਾਰਮਿਕ ਮਾਮਲਿਆਂ ਵਿਚ ਅਕਾਲ ਤਖਤ ਦੀ ਹਸਤੀ ਦੀ ਸਰਵ ਉਚਤਾ ਨੂੰ ਮੰਨਦੇ ਹੋਏ ਤਕਰੀਰਾਂ ਤੇ ਮਤਿਆਂ ਵਿਚ ਕਿਹਾ ਗਿਆ ਹੈ ਕਿ ਅਜਿਹਾ ਰਾਜਸੀ ਮੁਦਿਆਂ ਬਾਰੇ ਨਹੀਂ ਕੀਤਾ ਜਾ ਸਕਦਾ,ਜਿਹੜੇ ਕਿ ਰਾਜਸੀ ਪਾਰਟੀਆਂ ਦੇ ਵਿਸ਼ੇਸ਼ ਅਧਿਕਾਰ ਹਨ। ਇਹ ਬਹੁਤ ਹੀ ਹਾਂ ਪੱਖੀ ਘਟਨਾ ਹੈ ਕਿਉਂਕਿ ਅਜੇ ਤੱਕ ਹਰ ਪ੍ਰਕਾਰ ਦੇ ਅਕਾਲੀ ਇਸ ਗੱਲ ਤੇ ਜ਼ੋਰ ਦਿੰਦੇ ਰਹੇ ਹਨ ਕਿ ਉਨ੍ਹਾਂ ਲਈ ਧਰਮ ਤੇ ਰਾਜਨੀਤੀ ਵੱਖ ਨਹੀਂ ਹੋ ਸਕਦੀ।

ਅਕਾਲੀ ਦਲ ਵਲੋਂ ਸੱਦੀ ਵਿਸ਼ਾਲ ਇਕਤਰਤਾ ਨੇ ਸਿੱਧ ਕੀਤਾ ਹੈ ਕਿ ਸਿਖ ਜਨਸਮੂਹ ਆਮ ਤੌਰ ਤੇ ਅਫਿਰਕੂਪੁਣੇ ਦੇ ਸੈਕੂਲਰ ਆਦਰਸ਼ਾਂ ਦੇ ਹੱਕ ਵਿਚ ਖੜੋਇਆ ਹੈ,ਆਪਣੀਆਂ ਦੇਸ਼ ਭਗਤ ਰਵਾਇਤਾਂ ਕਾਇਮ ਰਖੀਆਂ ਹਨ,ਅਤੇ ਖਾਲਿਸਤਾਨ ਦੇ ਵੱਖਵਾਦੀ ਨਾਹਰੇ ਨੂੰ ਜਾਂ,ਉਨ੍ਹਾਂ ਅੱਤਵਾਦੀਆਂ,ਜਿਹੜੇ ਰਾਜ ਵਿਚ ਅਮਨ ਨੂੰ ਭੰਗ ਕਰਨ ਲਈ ਸਫਲ ਹੋ ਗਏ ਹਨ,ਦੀਆਂ ਘਿਨਾਉਣੀਆਂ ਸਰਗਰਮੀਆਂ ਨੂੰ ਸਮਰਥਨ ਦੇਣ ਲਈ ਤਿਆਰ ਨਹੀਂ ਹਨ।

ਐਨ ਉਸ ਵਕਤ ਜਦੋਂ ਇਹ ਕਨਵੈਨਸ਼ਨ ਹੋ ਰਹੀ ਸੀ,ਸਰਬ ਭਾਰਤ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਪੰਥਕ ਕਮੇਟੀ ਦੇ ਅੱਤਵਾਦੀਆਂ ਨੇ ਸੰਗਰੂਰ ਜ਼ਿਲੇ ਵਿਚ ਹੀ ਭਵਾਨੀਗੜ੍ਹ ਵਿਚ ਇਕੱਠ ਕੀਤਾ ਜਿਥੇ ਪਾਸ ਕੀਤੇ ਗਏ ਇਕ ਮਤੇ ਵਿਚ ਖਾਲਿਸਤਾਨ ਦੀ ਮੰਗ ਦਾ ਸਮਰਥਨ ਕੀਤਾ ਗਿਆ ਅਤੇ ਲੌਂਗੋਵਾਲ ਕਨਵੈਨਸ਼ਨ ਦੀ ਨਿਖੇਧੀ ਕੀਤੀ ਗਈ। ਇਸ ਇਕੱਠ ਵਿਚ ਕੁਝ ਸੌ ਵਿਅਕਤੀ ਸ਼ਾਮਲ ਹੋਏ ਪਰ ਇਹਦੀ ਅਹਿਮੀਅਤ ਇਸ ਤੱਥ ਵਿਚ ਹੈ ਕਿ ਪੰਜ ਮੁਖ ਗ੍ਰੰਥੀਆਂ ਵਿਚੋਂ ਤਿੰਨ ਇਸ ਇਕੱਠ ਵਿਚ ਸ਼ਾਮਲ ਹੋਏ ਤੇ ਵੱਖਵਾਦੀ ਨਾਹਰਿਆਂ ਨੂੰ ਆਪਣਾ ਅਸ਼ੀਰਵਾਦ ਦਿਤਾ।

ਲੌਂਗੋਵਾਲ ਦੀ ਇਸ ਇਕਤਰਤਾ ਦਾ ਪ੍ਰਭਾਵ ਤੇ ਕੌਮੀ ਪ੍ਰੈਸ ਤੇ ਰਾਜਸੀ ਪਾਰਟੀਆਂ ਤੇ ਸ਼ਕਤੀਆਂ ਵਲੋਂ ਇਸ ਨੂੰ ਮਿਲੇ ਸਮਰਥਨ,ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਸਨੇ ਉਨ੍ਹਾਂ ਲੋਕਾਂ ਨੂੰ ਸੁਰੱਖਿਆਤਮਕ ਪੁਜੀਸ਼ਨਾਂ ਅਖਤਿਆਰ ਕਰਨ ਲਈ ਮਜ਼ਬੂਰ ਕਰ ਦਿਤਾ ਹੈ ਜਿਹੜੇ ਆਪਣੇ ਸੌੜੇ ਤੰਗ-ਨਜ਼ਰੀ ਨਿਸ਼ਾਨਿਆਂ ਲਈ ਬਰਨਾਲਾ ਸਰਕਾਰ ਦਾ ਵਿਰੋਧ ਕਰਦੇ ਸਨ ਤੇ ਅੱਤਵਾਦੀਆਂ ਨੂੰ ਸ਼ਹਿ ਦਿੰਦੇ ਸਨ ਤੇ ਉਨ੍ਹਾਂ ਨਾਲ ਮਿਲਕੇ ਚਲਦੇ ਸਨ।

ਮਿਸਾਲ ਵਜੋਂ,22 ਫਰਵਰੀ ਨੂੰ,ਰਾਸ਼ਟਰੀ ਪ੍ਰੈਸ ਵਿਚ ਇਕ ਸਫੇ ਦਾ ਇਸ਼ਤਿਹਾਰ ਦਿਤਾ ਗਿਆ ਜਿਸ ਵਿਚ ਵਿਧਾਇਕ ਪਾਰਟੀ ਦੇ ਆਗੂ ਅਮਰਿੰਦਰ ਸਿੰਘ ਤੇ ਅਕਾਲ ਤਖਤ ਦੇ ਕਾਇਮ ਮੁਕਾਮ ਜਥੇਦਾਰ ਸ੍ਰੀ ਦਰਸ਼ਨ ਸਿੰਘ ਦੇ ਵਿਚਾਰ ਪੇਸ਼ ਕੀਤੇ ਗਏ ਸਨ। ਅਮਰਿੰਦਰ ਸਿੰਘ ਨੇ ਲਿਖਿਆ:

'ਸਿਖਾਂ ਨੇ ਦੇਸ਼ ਦੇ ਹਿਤਾਂ ਦੀ ਰਾਖੀ ਲਈ ਆਪਣੇ ਹਿੱਸੇ ਨਾਲੋਂ ਸਦਾ ਵੱਧ ਕੁਰਬਾਨੀਆਂ ਦਿਤੀਆਂ ਹਨ,ਅਸੀਂ ਦੇਸ਼ ਭਗਤ ਹਾਂ ਅਤੇ ਦੇਸ਼ ਭਗਤ ਹੀ ਰਹਾਂਗੇ।'

ਅਕਾਲ ਤਖਤ ਦੇ ਕਾਇਮ-ਮੁਕਾਮ ਜਥੇਦਾਰ ਸ੍ਰੀ ਦਰਸ਼ਨ ਸਿੰਘ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ,ਇਸ਼ਤਿਹਾਰ ਵਿਚ ਅੱਗੇ ਕਿਹਾ ਗਿਆ ਹੈ ਕਿ

'ਜਿਥੋਂ ਤੱਕ ਦੇਸ਼ ਦੀ ਏਕਤਾ ਤੇ ਅਖੰਡਤਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਸਬੰਧ ਹੈ,ਅਕਾਲ ਤਖਤ ਦੇ ਮੁਖੀ ਨੇ ਕਿਹਾ ਕਿ ਸਿਖ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜੇ ਹਨ। ਅਕਾਲ ਤਖਤ ਦੇ ਮੁਖੀ ਨੇ ਰਾਜ ਵਿਚ ਹੋ ਰਹੀ ਹਿੰਸਾ ਪ੍ਰਤੀ ਵੀ ਆਪਣਾ ਵਿਰੋਧ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਖਾਲਿਸਤਾਨ ਦੇ ਸਮਰਥਕ ਨਹੀਂ ਹਨ। ਇਸ ਪਿਛੋਂ ਆਨੰਦਪੁਰ ਦਾ ਸੋਧਿਆ ਮਤਾ ਵੀ ਇਸ਼ਤਿਹਾਰ ਵਿਚ ਨਾਲ ਦਿਤਾ ਗਿਆ ਹੈ। ਪਰ ਲੋਕ ਰਾਇ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹੋਏ,ਆਨੰਦਪੁਰ ਸਾਹਿਬ ਦੇ ਮਤੇ ਦੇ ਮੁਢਲੇ ਹਿੱਸੇ ਨੂੰ ਛਾਪਿਆ ਨਹੀਂ ਗਿਆ ਹੈ,ਜਿਸ ਵਿਚ ਕਿਹ ਗਿਆ ਹੈ ਕਿ ਅਕਾਲੀ ਦਲ ਅਜਿਹੇ ਰਾਜ ਦੀ ਸਥਾਪਨਾ ਲਈ ਸੰਘਰਸ਼ ਕਰੇਗਾ ਜਿਸ ਵਿਚ ਸਿੱਖਾਂ ਦਾ ਬੋਲਬਾਲਾ ਹੋਵੇ। ਛਾਪਿਆ ਗਿਆ ਮਤਾ ਉਹ ਸੋਧਿਆ ਹੋਇਆ ਮਤਾ ਹੈ ਜਿਸਨੂੰ ਲੁਧਿਆਣੇ ਵਿਚ ਹੋਈ ਸਰਬ ਭਾਰਤ ਅਕਾਲੀ ਕਾਨਫਰੰਸ ਵਿਚ ਪ੍ਰਵਾਨ ਕੀਤਾ ਗਿਆ ਸੀ।

ਆਪਣੇ ਬਿਆਨ ਵਿਚ,ਅਮਰਿੰਦਰ ਸਿੰਘ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਸਿਖਾਂ ਲਈ ਧਰਮ ਤੇ ਰਾਜਨੀਤੀ ਇਕ ਹਨ। ਉਹ ਇਹ ਵੀ ਚਾਹੁੰਦੇ ਹਨ ਕਿ ਹਰ ਕੋਈ ਨਵੇਂ ਕਾਇਮ ਕੀਤੇ ਗਏ ਸੰਯੁਕਤ ਅਕਾਲੀ ਦਲ,ਜਿਸ ਦੇ ਉਹ ਮੈਂਬਰ ਹਨ,ਦੇ ਸਿੰਘ ਸਾਹਿਬਾਨ ਵਲੋਂ ਐਲਾਨੇ ਉਸ ਨਵੇਂ ਪਰੋਗਰਾਮ ਤੇ ਨੀਤੀਆਂ ਨੂੰ ਭੁੱਲ ਜਾਵੇ ਜਿਹੜਾ ਇਹ ਕਹਿੰਦੇ ਹੋਏ ਅਰੰਭ ਹੁੰਦਾ ਹੈ :ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ਵਾਸ ਹੈ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜਿਆ ਖਾਲਸਾ ਪੰਥ ਵੱਖਰੀ ਤੇ ਆਜ਼ਾਦ ਕੌਮ ਹੈ ਜਿਸਦਾ ਰਾਜਸੀ ਉਦੇਸ਼ ਤੇ ਬੁਨਿਆਦੀ ਫਲਸਫਾ ਖਾਲਸੇ ਦਾ ਬੋਲਬਾਲਾ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਮੁਖ ਉਦੇਸ਼ ਪੰਥਕ ਪਹਿਚਾਣ ਦੀ ਆਜ਼ਾਦੀ ਨੂੰ ਕਾਇਮ ਰੱਖਣਾ ਹੈ।'

ਅਮਰਿੰਦਰ ਸਿੰਘ ਰਾਜਸੀ ਢਾਂਚੇ ਵਿਚ ਖਾਲਸੇ ਦੇ ਬੋਲਬਾਲੇ ਦੀ ਪ੍ਰਾਪਤੀ ਤੋਂ ਪੈਦਾ ਹੋਣ ਵਾਲੇ ਰਾਜਸੀ ਭਵਿੱਖ ਤੇ ਸਾਡੇ ਦੇਸ਼ ਦੇ ਅਫਿਰਕੂ ਸੈਕੂਲਰ ਵਿਚ ਕੋਈ ਫਰਕ ਨਹੀਂ ਵੇਖਦੇ। ਇਸ਼ਤਿਹਾਰ ਵਿਚ ਅਖਤਿਆਰ ਕੀਤੀ ਗਈ ਸਮੁੱਚੀ ਪਹੁੰਚ ਆਪਾ ਵਿਰੋਧੀ ਹੈ ਅਤੇ ਦਰਅਸਲ ਨਾ ਤਾਂ ਉਹ ਅਤੇ ਨਾ ਹੀ ਅਕਾਲ ਤਖਤ ਦਾ ਮੁਖੀ ਵਰਤਮਾਨ ਬਹਿਸ-ਮੁਬਾਹਿਸੇ ਨਾਲ ਸਬੰਧਤ ਬੁਨਿਆਦੀ ਸਵਾਲ ਦਾ ਸਾਫ ਤੇ ਸਪਸ਼ਟ ਜਵਾਬ ਦੇ ਸਕੇ ਹਨ।

ਦੇਸ਼ ਭਗਤ ਲੋਕਾਂ ਵਲੋਂ ਪੁੱਛਿਆ ਗਿਆ ਮੁੱਖ ਸਵਾਲ ਇਹ ਹੈ: ਅੱਤਵਾਦ ਤੇ ਦਹਿਸ਼ਤਪਸੰਦੀ,ਜਿਹੜੇ ਕਿ ਪੰਜਾਬੀ ਲੋਕਾਂ ਦੀ ਏਕਤਾ ਨੂੰ ਭੰਗ ਕਰਨ ਵਿਚ ਅਤੇ ਦੇਸ਼ ਦੀ ਏਕਤਾ ਲਈ ਖਤਰਾ ਪੈਦਾ ਕਰਨ ਵਿਚ ਕਾਮਯਾਬ ਹੋ ਗਏ ਹਨ,ਪ੍ਰਤੀ ਤੁਹਾਡਾ ਵਤੀਰਾ ਕੀ ਹੈ? ਅਮਰਿੰਦਰ ਸਿੰਘ ਨੇ ਉਨ੍ਹਾਂ ਲੋਕਾਂ ਪ੍ਰਤੀ ਨਿਖੇਧੀ ਦਾ ਇਕ ਸ਼ਬਦ ਵੀ ਨਹੀਂ ਉਚਰਿਆ ਹੈ ਜਿਹੜੇ ਬੱਚਿਆਂ ਤੇ ਔਰਤਾਂ ਸਮੇਤ ਬੇਦੋਸ਼ਿਆਂ ਦਾ ਕਤਲ ਕਰ ਰਹੇ ਹਨ। ਨਾ ਤਾਂ ਉਨ੍ਹਾਂ ਨੇ ਅਤੇ ਨਾ ਹੀ ਸ੍ਰੀ ਦਰਸ਼ਨ ਸਿੰਘ ਨੇ 26 ਜਨਵਰੀ, 1987 ਦੇ ਉਸ ਸਰਬੱਤ ਖਾਲਸਾ ਦੀ ਅਜੇ ਤੱਕ ਨਿਖੇਧੀ ਕੀਤੀ ਹੈ,ਜਿਥੇ ਪੰਥਕ ਕਮੇਟੀ ਨੂੰ ਮੁੜ ਜਥੇਬੰਦ ਕੀਤਾ ਗਿਆ ਅਤੇ ਖਾਲਿਸਤਾਨ ਦੀ ਸਥਾਪਨਾ ਬਾਰੇ ਮਤੇ ਦੀ ਮੁੜ ਪੁਸ਼ਟੀ ਕੀਤੀ ਗਈ। ਅਕਾਲ ਤਖਤ ਦੇ ਕਾਇਮ ਮੁਕਾਮ ਜਥੇਦਾਰ ਸ੍ਰੀ ਦਰਸ਼ਨ ਸਿੰਘ ਵੀ ਸਰਬੱਤ ਖਾਲਸਾ ਵਿਚ ਸ਼ਾਮਲ ਵਿਅਕਤੀਆਂ ਵਿਚੋਂ ਇਕ ਸੀ। ਦਰਅਸਲ,ਭਾਵੇਂ ਉਨ੍ਹਾਂ ਨੂੰ ਪਹਿਲਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੁਕਰਰ ਕੀਤਾ ਗਿਆ,ਨਿਯੁਕਤੀ ਪੱਕੀ ਉਦੋਂ ਹੋਈ ਜਦੋਂ ਇਸਦਾ ਐਲਾਨ ਅੱਤਵਾਦੀਆਂ ਵਲੋਂ ਸਰਬੱਤ ਖਾਲਸਾ ਵਿਚ ਕੀਤਾ ਗਿਆ। ਉਨ੍ਹਾਂ ਨੇ ਇਨ੍ਹਾਂ ਨੂੰ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਇਸ ਲਈ ਰੱਖਿਆ ਹੈ ਕਿਉਂਕਿ ਉਹ ਅਜੇ ਵੀ ਜਸਬੀਰ ਸਿੰਘ ਨੂੰ ਅਸਲ ਜਥੇਦਾਰ ਸਮਝਦੇ ਹਨ।

ਐਸ.ਜੇ.ਪੀ.ਸੀ ਦੇ ਕੁਝ ਆਗੂਆਂ ਦੀ ਮਿਲੀਭੁਗਤ ਨਾਲ ਅਕਾਲ ਤਖਤ ਤੇ ਦਰਬਾਰ ਸਾਹਿਬ ਤੇ ਅੱਤਵਾਦੀਆਂ ਦੇ ਕਬਜ਼ੇ ਪਿਛੋਂ ਜਨਵਰੀ,1986 ਦੇ ਸਰਬੱਤ ਖਾਲਸਾ ਵਿਚ ਜਸਬੀਰ ਸਿੰਘ ਨੂੰ ਮੁਕਰਰ ਕੀਤਾ ਗਿਆ ਸੀ ਅਤੇ ਉਹ ਅਜੇ ਵੀ ਅਕਾਲ ਤਖਤ ਦਾ ਜਥੇਦਾਰ ਹੈ।

ਨਾ ਤਾਂ ਸ੍ਰੀ ਅਮਰਿੰਦਰ ਸਿੰਘ ਤੇ ਨਾ ਹੀ ਸ੍ਰੀ ਦਰਸ਼ਨ ਸਿੰਘ ਤੇ ਨਾ ਹੀ ਉਨ੍ਹਾਂ ਦੀ ਪਾਰਟੀ ਦੇ ਕਿਸੇ ਬੰਦੇ ਨੇ ਉਸ ਪੰਥਕ ਕਮੇਟੀ ਦੀ ਨਿਖੇਧੀ ਕੀਤੀ ਹੈ ਜਿਸਨੇ 29 ਅਪਰੈਲ,1986 ਨੂੰ ਖਾਲਿਸਤਾਨ ਦੀ ਸਥਾਪਨਾ ਦਾ ਐਲਾਨ ਕੀਤਾ ਸੀ ਅਤੇ ਸਰਬੱਤ ਖਾਲਸਾ ਨੂੰ ਪਿਛੋਂ ਨਿਰਦੇਸ਼ਤ ਕਰਨ ਵਾਲੀ ਸ਼ਕਤੀ ਸੀ ਤੇ ਗਰੰਥੀਆਂ ਨੂੰ ਮੁਕਰਰ ਕਰਨ ਜਾਂ ਹਟਾਉਣ ਦੀ ਜ਼ਿੰਮੇਵਾਰੀ ਆਪਣੇ ਹੱਥ ਵਿਚ ਲੈ ਲਈ ਸੀ। ਪ੍ਰੈਸ ਵਲੋਂ ਪੁਛੇ ਜਾਣ ਤੇ ਸ੍ਰੀ ਦਰਸ਼ਨ ਸਿੰਘ ਇਸ ਤੱਥ ਦਾ ਕੋਈ ਜਵਾਬ ਨਹੀਂ ਦੇ ਸਕੇ ਕਿ ਕਿਵੇਂ 20 ਫਰਵਰੀ ਦੀ ਭਵਾਨੀਗੜ੍ਹ ਵਿਚ ਹੋਈ ਇਕੱਤਰਤਾ ਵਿਚ ਪੰਜ ਮੁਖ ਗਰੰਥੀਆਂ ਵਿਚੋਂ 3 ਸ਼ਾਮਲ ਹੋਏ ਤੇ ਪ੍ਰਵਾਨ ਕੀਤੇ ਗਏ ਮਤੇ ਵਿਚ ਧਿਰ ਬਣੇ।

ਇਕ ਵਿਅਕਤੀ ਵਲੋਂ ਅਕਾਲੀ (ਲ) ਨੂੰ ਭੰਗ ਕਰਨ ਅਤੇ ਨਵੇਂ ਅਕਾਲੀ ਦਲ ਨੂੰ ਨਿਯੁਕਤ ਕਰਨ,ਇਸਦੇ ਪਰੋਗਰਾਮ ਤੇ ਸੰਵਿਧਾਨ ਨੂੰ ਪਰਚਾਰਨ ਦੇ ਸਮੁੱਚ ਢੰਗ ਤਰੀਕੇ ਨੇ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਵੀ ਨਹੀਂ ਝੰਜੋੜਿਆ। ਅੱਤਵਾਦੀਆਂ ਨੂੰ ਹਮਾਇਤ ਦੇ ਰਹੇ ਗਰੁੱਪ ਨੇ ਦਰਸ਼ਨ ਸਿੰਘ ਰਾਗੀ ਦੇ ਹੁਕਮਨਾਮੇ ਨੂੰ ਜੋ ਕਿ ਅਕਾਲ ਤਖਤ ਦੇ ਨਾਂਅ ਉਪਰ ਜਾਰੀ ਕੀਤਾ ਸੀ,ਪਰਵਾਨ ਕਰ ਲਿਆ ਸੀ। ਕੀ ਅਕਾਲੀ ਦਲ ਦੇ ਇਤਿਹਾਸ ਵਿਚ ਕਦੇ ਇਸ ਤਰ੍ਹਾਂ ਵਾਪਰਿਆ ਹੈ ਕਿ ਇਕ ਵਿਅਕਤੀ ਨੇ ਭਾਵੇਂ ਉਸਦਾ ਦਰਜਾ ਕਿੰਨਾ ਵੀ ਉਚਾ ਕਿਉਂ ਨਾ ਹੋਵੇ,ਸਮੂਹ ਜਥੇਬੰਦੀਆਂ ਨੂੰ ਭੰਗ ਕਰ ਦਿਤਾ ਹੋਵੇ ਅਤੇ ਬਿਨਾਂ ਜਨਰਲ ਬਾਡੀ ਤੋਂ ਪੁਛਿਆਂ ਨਵੇਂ ਅਦਾਰੇ ਨਿਯੁਕਤ ਕਰ ਦਿਤੇ ਹੋਣ ਅਤੇ ਪ੍ਰਤੀਨਿੱਧ ਅਦਾਰਿਆਂ ਵਿਚ ਕਿਸੇ ਪਰਕਾਰ ਦੇ ਵਿਚਾਰ ਵਟਾਂਦਰੇ ਤੋਂ ਬਿਨਾਂ ਨਵੇਂ ਪਰੋਗਰਾਮ ਅਤੇ ਸੰਵਿਧਾਨ ਦਾ ਐਲਾਨ ਕਰ ਦਿਤਾ ਗਿਆ ਹੋਵੇ। ਇਹ ਅਕਾਲੀ ਦਲ ਦੀਆਂ ਸਮੂਹ ਰਿਵਾਇਤਾਂ ਦੇ ਉਲਟ ਹੈ।

ਅਕਾਲੀ ਦਲ ਦੇ ਜਮਹੂਰੀ ਜਥੇਬੰਦੀ ਵਜੋਂ ਫੰਕਸ਼ਨ ਕਰਨ ਦਾ ਸਾਢੇ ਛੇ ਦਹਾਕਿਆਂ ਦਾ ਲੰਬਾ ਇਤਿਹਾਸ ਹੈ ਅਤੇ ਨੀਤੀਆਂ,ਪਰੋਗਰਾਮ ਅਤੇ ਸੰਵਿਧਾਨ ਅਨੇਕਾਂ ਬਾਰ ਵਿਚਾਰੇ ਅਤੇ ਪਰਵਾਨੇ ਗਏ ਹਨ। ਇਸਨੇ ਜਦੋਂ ਇਸਦਾ ਕੋਈ ਵੱਡੇ ਤੋਂ ਵੱਡਾ ਲੀਡਰ ਵੀ ਪਰਵਾਨਿਤ ਅਸੂਲਾਂ ਤੋਂ ਲਾਂਭੇ ਗਿਆ,ਉਸਨੂੰ ਵੀ ਨਹੀਂ ਬਖਸ਼ਿਆ ਐਪਰ ਕਦੇ ਵੀ ਇਸ ਵਿਚ ਅਕਾਲ ਤਖਤ ਦੀ ਅਥਾਰਟੀ ਨੂੰ ਵਿਚ ਨਹੀਂ ਲਿਆਂਦਾ।

ਇਹ ਪਹਿਲੀ ਵਾਰ ਨਹੀਂ ਕਿ ਅਕਾਲੀ ਦਲ ਵਿਚ ਫੁੱਟ ਪਈ

ਬਾਕੀ ਪੰਨਾ 25 'ਤੇ

---

ਪੰਨਾ 22 ਤੋਂ ਚਲਦੀ

**ਸੁਰਿੰਦਰ ਸਿੰਘ ਨਰੂਲਾ:**—ਮਿੱਤਰ ਰਾਸ਼ਾ ਦੀਆਂ ਕਵਿਤਾਵਾਂ ਦਾ ਵਿਸ਼ਾ ਉਹ ਦਵੰਦ ਹੈ ਜਿਹੜਾ ਤੰਦੂਏ ਦੀ ਪਕੜ ਵਾਂਗ ਕਸਵਾਂ ਹੈ। ਪਰ ਜਦੋਂ ਉਸਦੀ ਕਲਪਨਾ ਬਿੰਬਾਵਲੀ ਦੀ ਜਾਦੂ ਛੁਰੇਰੀ ਦਾ ਸਦਕਾ ਇਸ ਪਕੜ ਤੋਂ ਮੁਕਤ ਹੁੰਦੀ ਹੈ ਤਾਂ ਉਸਦੀਆਂ ਪੇਚਲੀਆਂ ਗੰਢਾਂ ਖੁੱਲ੍ਹ ਕੇ ਗੋਰੀ ਦੇ ਸਿਰ ਦੀਆਂ ਢਿੱਲੀਆਂ ਮੇਢੀਆਂ ਜਿਉਂ ਖੁਸ਼ਬੋ ਭਿੰਨੇ ਪਸਾਰ ਵਾਂਗੂ ਹੁੰਦੀਆਂ ਹਨ।

ਸੁਭਾਂਹਨ ਅੱਲਾ!ਇਹ ਤਾਂ ਨਹੀਂ ਕਹਿ ਸਕਦੇ ਕਿ ਉਪਰੋਕਤ "ਵਿਦਵਾਨਾਂ"ਨੂੰ ਕਵਿਤਾ ਦੀ ਸਮਝ ਨਹੀਂ। ਪਰ ਇਹ ਸਭ ਸੱਜਣ ਟੁੱਟੀ ਫੁੱਟੀ ਤੁੱਕਬੰਦੀ ਦੇ ਇਸ "ਕਵੀ"ਨੂੰ ਵੰਝ ਉੱਤੇ ਚੜ੍ਹਾਉਣ ਲਈ ਇਕ ਦੂਜੇ ਨੂੰ ਪਿਛਾੜਨ ਵਿਚ ਭੱਜ ਰਹੇ ਜ਼ਰੂਰ ਪ੍ਰਤੀਤ ਹੁੰਦੇ ਹਨ। ਇਹ ਸਭ ਕੁੱਝ ਸ਼ਬਦਾਂ ਦੀ ਹੱਥਰੱਸੀ ਤਾਂ ਹੈ ਤੇ ਗੋਲਮੋਲ ਸ਼ਾਬਦਕ ਲਿਫਾਫੇਬਾਜ਼ੀ ਵੀ ਹੈ ਪਰ ਸੁਹਿਰਦ ਸਾਹਿਤਕ ਵਿਸ਼ਲੇਸ਼ਣ ਬਿਲਕੁਲ ਨਹੀਂ। ਫਿੱਕੀ,ਗੈਰਕਾਵਿਕ ਅਤੇ ਸਾਧਾਰਨ ਕਿਸਮ ਦੀ ਨਮਰਕ/ਤੁੱਕਬੰਦਕ"ਰਚਨਾ"ਨੂੰ "ਕਾਵਿਕ ਪ੍ਰਾਪਤੀ"ਦਾ ਨਾਮ ਦੇਣਾ ਆਲੋਚਨਾ ਅਤੇ ਕਵਿਤਾ ਦਾ ਅਪਮਾਨ ਹੈ।


ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

BOMBAY SWEETS MANUFACTURER INC.

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:
NARESH SHUKLA & BROS.

# 'ਕੈਨੇਡਾ ਦਰਪਣ' ਫੋਨ (604)581-4473


## I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1R2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

## BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.



*Limousine Service* [Daily or Hourly]



LADIES TAILOR FOR PUNJABI SUITS, SARI BLOUSES & DRESSES

**206 East 49th Ave. (at Main St.) Vancouver, B.C.**

## Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

## BHANDAL DRYWALL LTD.

**3397 Kingsway, Vancouver, B.C.**

**Ph. 430-5011**



**Vice President**
**Karnail S. Bhandal**

**President**
**Jarnail S. Bhandal** M.A.

ਪੰਨਾ 23 ਦੀ ਬਾਕੀ

ਹੋਵੇ,ਐਪਰ ਇਸਨੂੰ ਹਮੇਸ਼ਾ ਲੋਕਾਂ ਦਾ ਫਤਵਾ ਲੈ ਕੇ ਹੱਲ ਕੀਤਾ ਗਿਆ ਜਿਹੜੇ ਕਿ ਪਰੋਗਰਾਮ ਅਤੇ ਨੀਤੀਆਂ ਦੇ ਚੰਗੇ ਤੇ ਯੋਗ ਜੱਜ ਹਨ। ਐਪਰ ਇਸ ਕੇਸ ਵਿਚ ਇਹ ਦਰਸ਼ਨ ਸਿੰਘ ਹੈ ਜਿਸਨੇ ਲੀਡਰਸ਼ਿਪ ਵਿਚ ਕਿਸੇ ਵੀ ਤਬਦੀਲੀ ਕਰਨ ਦੇ ਅਧਿਕਾਰ ਆਪ ਲੈ ਲਏ ਹਨ। ਜਦੋਂ ਇਕ ਜਨਰਲ ਸਕੱਤਰ ਗ੍ਰਿਫਤਾਰ ਕਰ ਲਿਆ ਗਿਆ ਤਾਂ ਇਹ ਉਹੀ ਸੀ ਜਿਸਨੇ ਉਸਦੀ ਥਾਂ ਇਕ ਹੋਰ ਨਾਂਅ ਦਾ ਐਲਾਨ ਕਰ ਦਿਤਾ। ਜੇ ਅਜਿਹੇ ਅਧਿਕਾਰ ਇਕ ਵਿਅਕਤੀ ਦੇ ਹੱਥਾਂ ਵਿਚ ਜਾਣ ਦਿਤੇ ਜਾਂਦੇ ਹਨ,ਤਾਂ ਕੋਈ ਰਾਜਨੀਤਕ ਜਥੇਬੰਦੀ ਨਹੀਂ ਚਲਾਈ ਜਾ ਸਕਦੀ।

ਜਦੋਂ ਖਾਲਿਸਤਾਨ ਦੀ ਮੰਗ ਉਠਾਈ ਜਾ ਰਹੀ ਸੀ ਉਥੇ ਤਿੰਨ ਸਿੰਘ ਸਾਹਿਬਾਨ ਦੀ ਸ਼ਮੂਲੀਅਤ ਨੇ ਪੰਜਾਬ ਵਿਚ ਅਤੇ ਬਾਹਰ ਲੋਕਾਂ ਵਿਚ ਇਹ ਸ਼ੱਕ ਹੋਰ ਪੱਕੇ ਕਰ ਦਿਤੇ ਹਨ ਕਿ ਕੀ ਅਕਾਲੀਆਂ ਦੀ ਧਾਰਮਿਕ ਅਤੇ ਦੁਨਿਆਵੀ ਸੰਸਥਾਵਾਂ ਉਪਰ ਅੱਤਵਾਦੀਆਂ ਤੇ ਵੱਖਵਾਦੀਆਂ ਨੇ ਕਬਜ਼ਾ ਨਹੀਂ ਕਰ ਲਿਆ ?

ਬਰਨਾਲਾ ਅਤੇ ਸ਼ਰੋਮਣੀ ਅਕਾਲੀ ਦਲ ਵਿਚਲੇ ਉਸਦੇ ਸਹਿਯੋਗੀਆਂ ਨੇ ਰਾਸ਼ਟਰ ਵਿਰੋਧੀ ਸ਼ਕਤੀਆਂ ਨਾਲ ਟਕਰਾਅ ਵਾਲੀ ਸਪਸ਼ਟ ਮੁੱਦਾ ਉਠਾਕੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਕੌਮੀ ਪਰੈਸ ਅਤੇ ਦੇਸ਼ ਵਿਚਲੀਆਂ ਰਾਜਨੀਤਕ ਪਾਰਟੀਆਂ ਵਲੋਂ ਦਰੁਸਤ ਤੌਰ ਤੇ ਹਮਾਇਤ ਕੀਤੀ ਗਈ ਹੈ। ਉਨ੍ਹਾਂ ਨੇ ਲੜਾਈ ਦਾ ਪਹਿਲਾ ਗੇੜ ਜਿੱਤ ਲਿਆ ਹੈ,ਐਪਰ ਅੱਤਵਾਦੀਆਂ ਤੇ ਵੱਖਵਾਦੀਆਂ ਵਿਰੁੱਧ ਫਤਹੇ ਅਜੇ ਬਹੁਤ ਦੂਰ ਹੈ ਕਿਉਂਕਿ ਇਨ੍ਹਾਂ ਸ਼ਕਤੀਆਂ ਨੂੰ ਪਾਕਿਸਤਾਨ ਦੇ ਫੌਜੀ ਪ੍ਰਸ਼ਾਸ਼ਨ ਅਤੇ ਸਾਮਰਾਜਵਾਦੀ ਸ਼ਕਤੀਆਂ ਦੀ ਹਮਾਇਤ ਪ੍ਰਾਪਤ ਹੈ।

ਇਹ ਇਕ ਲੰਬੀ ਲੜਾਈ ਹੋਵੇਗੀ। ਫਿਰ ਵੀ,ਕੁਝ ਮਹੱਤਵਪੂਰਨ ਪਹਿਲੂ ਉਭਰ ਕੇ ਸਾਹਮਣੇ ਆ ਗਏ ਹਨ। ਲੌਂਗੋਵਾਲ ਵਿਖੇ ਹੋਏ ਵਿਸ਼ਾਲ ਇਕੱਠ ਨੇ ਦਰਸਾ ਦਿਤਾ ਹੈ ਕਿ ਜਨਸਮੂਹ ਨੂੰ ਫਿਰਕੂ ਸਦਭਾਵਨਾ ਅਤੇ ਰਾਸ਼ਟਰੀ ਏਕਤਾ ਦੇ ਨਾਹਰੇ ਪਿਛੇ ਲਾਮਬੰਦ ਤੇ ਇਕਮੁੱਠ ਕੀਤਾ ਜਾ ਸਕਦਾ ਹੈ। ਇਸਨੂੰ ਸਹਿਲ ਬਨਾਉਣ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਉਹ ਤਜਵੀਜ਼ਾਂ ਲੈ ਕੇ ਸਾਹਮਣੇ ਆਵੇ ਜਿਹੜੀਆਂ ਇਸ ਸੰਘਰਸ਼ ਨੂੰ ਅੱਗੇ ਖੜਨ ਵਿਚ ਅਤੇ ਅੱਤਵਾਦੀਆਂ ਤੇ ਇਨ੍ਹਾਂ ਦੇ ਹਮਾਇਤੀਆਂ ਨੂੰ ਨਿਖੇੜਨ ਵਿਚ ਮੁੱਖ ਮੰਤਰੀ ਬਰਨਾਲਾ ਦੇ ਹੱਥ ਮਜ਼ਬੂਤ ਕਰਦੀਆਂ ਹੋਣ। ਇਹ ਤਦ ਵੀ ਹੋ ਸਕਦਾ ਹੈ ਜੇ ਘੱਟੋ ਘੱਟ ਜੋਧਪੁਰ ਵਿਚ ਨਜ਼ਰਬੰਦ ਬੇਦੋਸ਼ਿਆਂ ਨੂੰ,ਜਿਹੜੇ ਸਾਲ ਤੋਂ ਵੱਧ ਸਮੇਂ ਤੋਂ ਉਥੇ ਜੇਲ੍ਹ 'ਚ ਕਸ਼ਟ ਭੋਗ ਰਹੇ ਹਨ,ਰਿਹਾਅ ਕਰ ਦਿਤਾ ਜਾਵੇ ਅਤੇ ਪਾਣੀਆਂ ਦੇ ਝਗੜੇ ਅਤੇ ਚੰਡੀਗੜ੍ਹ ਮੁਦੇ ਦਾ ਪੰਜਾਬ ਸਮਝੌਤੇ ਦੇ ਸ਼ਬਦਾਂ ਤੇ ਭਾਵਨਾ ਅਨੁਸਾਰ ਹੱਲ ਲੱਭ ਲਏ ਜਾਣ।

ਲੌਂਗੋਵਾਲ ਕਨਵੈਨਸ਼ਨ ਵਿਖੇ ਅਖਤਿਆਰ ਕੀਤੇ ਗਏ ਸਟੈਂਡ ਨਾਲ ਇਕ ਨਵਾਂ ਮੋੜ ਆ ਗਿਆ ਹੈ। ਇਸਦਾ ਪੂਰਾ ਮਹੱਤਵ ਸਮਝਿਆ ਜਾਣਾ ਚਾਹੀਦਾ ਹੈ। ਐਪਰ ਜਦ ਅੰਤਰ ਦੀ ਲਾਈਨ ਖਿਚੀ ਗਈ ਹੈ,ਇਸਨੂੰ ਅੱਗੇ ਖੜਿਆ ਜਾਣਾ ਚਾਹੀਦਾ ਹੈ ਅਤੇ ਸਮਝੌਤੇ ਨੂੰ ਲਾਗੂ ਕੀਤੇ ਜਾਣ ਦੇ ਹਥਿਆਰ ਨਾਲ ਲੈਸ ਕਰ ਕੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਜੇ ਰਾਜ ਵਿਚ ਸਾਂਝੀ ਰਾਜਨੀਤਕ ਮੁਹਿਮ ਵਾਸਤੇ ਸਮੂਹ ਰਾਜਨੀਤਕ ਪਾਰਟੀਆਂ ਇਕੱਠੀਆਂ ਹੋ ਜਾਣ ਤਾਂ ਦੇਸ਼ ਭਗਤ ਸੋਚਣੀ ਵਾਲੇ ਲੋਕਾਂ ਨੂੰ ਇਕਮੁੱਠ ਕੀਤਾ ਜਾ ਸਕਦਾ ਹੈ,ਅਤੇ ਨਾ ਕੇਵਲ ਅੱਤਵਾਦੀਆਂ ਦੀ ਖੇਡ ਹੀ ਹਰਾਈ ਜਾ ਸਕਦੀ ਹੈ ਬਲਕਿ ਇਹ ਵੀ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਧਾਰਮਿਕ ਸਥਾਨਾਂ ਨੂੰ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਵਰਤੋਂ ਕੀਤੇ ਜਾਣ ਦੀ ਆਗਿਆ ਨਾ ਹੋਵੇ।

ਰਾਸ਼ਟਰਪਤੀ ਦੇ ਭਾਸ਼ਣ ਵਿਚ,ਸਰਕਾਰ ਨੇ ਦਰੁਸਤ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਫੌਜੀ ਰਾਜ ਲਾਗੂ ਕਰਨਾ ਹੱਲ ਨਹੀਂ ਹੈ,ਜਿਸਦਾ ਸਪਸ਼ਟ ਅਰਥ ਹੈ ਕਿ ਰਾਜਨੀਤਕ ਹੱਲ ਲੱਭਣਾ ਹੋਵੇਗਾ। ਇਕ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਹਮਣੇ ਆਵੇ,ਅਤੇ ਹਰਿਆਣੇ ਵਿਚ ਚੋਣਾਂ ਦੇ ਹਿਤਾਂ ਦੀ ਤੰਗ ਸੋਚ ਇਸ ਅਤਿਅੰਤ ਪਚੀਦਾ ਸਮੱਸਿਆ ਦੇ ਨਾਲ ਨਜਿੱਠਣ ਦੇ ਰਾਹ ਵਿਚ ਨਹੀਂ ਲਿਆਂਦੀ ਜਾਣੀ ਚਾਹੀਦੀ ਜਿਹੜੀ ਕਿ ਰਾਸ਼ਟਰੀ ਏਕਤਾ ਨੂੰ ਖਤਰਾ ਪੈਦਾ ਕਰ ਰਹੀ ਹੈ। ਸਮੁੱਚੀ ਕੌਮੀ ਪ੍ਰੈਸ ਨੇ ਬਰਨਾਲਾ ਦੀ ਹਮਾਇਤ ਕੀਤੀ ਹੈ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਉਸਦੀ ਮੱਦਦ ਕਰਨ ਲਈ ਤਜ਼ਵੀਜ਼ਾਂ ਲੈ ਕੇ ਸਾਹਮਣੇ ਆਵੇ। ਹੁਣ ਇਹ ਕੇਂਦਰ ਸਰਕਾਰ ਦੀ ਵਾਰੀ ਹੈ ਕਿ ਭੂਤਕਾਲ ਦੇ ਤਜਰਬੇ ਤੋਂ ਸਬਕ ਸਿਖੇ ਅਤੇ ਸਮੱਸਿਆ ਨਾਲ ਨਜਿੱਠਣ ਵਿਚ ਲੋਕ ਰਾਇ ਨੂੰ ਮੰਨਦਿਆਂ ਹੋਇਆਂ ਹੁੰਗਾਰਾ ਭਰੇ।

# ਪੰਜਾਬ ਕੁੱਝ ਅਨੁਭਵ

ਅਨੁਵਾਦਕ
ਰਾਮ ਸਿੰਘ ਢਿੱਲੋਂ

ਸ੍ਰ:ਅਜੈਬ ਸਿੰਘ ਛੀਨਾਂ(ਗੁਰਦਾਸਪੁਰ)ਮਿਸੀ ਸੌਂਗਾ(ਔਂਟਰੀਓ) ਆਪਦੇ ਸੱਜਰੇ ਦੇਸ਼-ਫੇਰੇ ਬਾਰੇ ਲਿਖਦੇ ਹਨ:—

ਮੈਂ ਹੁਣੇ ਹੁਣੇ ਭਾਰਤ ਦੇ ਫੇਰੇ ਤੋਂ ਵਾਪਸ ਪਰਤਿਆ ਹਾਂ ਤੇ ਮੈਂ ਆਪਣੇ ਨਿੱਜੀ ਪ੍ਰਭਾਵ ਨੂੰ ਤੁਹਾਡੇ ਨਾਲ ਸਾਂਝੇ ਕਰਨ ਦਾ ਇਛਕ ਹਾਂ।

ਮੈਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕਿ ਮੈਂ ਦਿੱਲੀ ਜਾਣ ਲੱਗਿਆਂ,ਦਾੜ੍ਹੀ-ਪੱਗ ਵਾਲਾ ਸਿੰਘ ਹੋਣ ਕਰਕੇ,ਆਪਣੇ ਆਪ ਨੂੰ ਬੜਾ ਅਸੁਰਖਿਅਤ ਤੇ ਭੈ ਭੀਤ ਮਹਿਸੂਸ ਕਰ ਰਿਹਾ ਸਾਂ। ਕੈਨੇਡਾ ਵਸਦੇ ਮੇਰੇ ਸਰਬੰਧੀ ਤੇ ਮਿਤਰਾਂ ਮੈਨੂੰ,ਪੰਜਾਬ ਤੋਂ ਬਾਹਰ ਫਿਰਨ ਤੁਰਨ ਵੇਲੇ ਸਾਵਧਾਨ ਰਹਿਣ ਲਈ ਬੜੀ ਤਾੜਨਾ ਕੀਤੀ ਸੀ। ਮਿਸੀ ਸੌਗਾ ਵਿਖੇ ਜਦ ਮੈਂ ਉਥੋਂ ਦੇ ਗੁਰਦਵਾਰੇ ਜਾਂਦਾ,ਉਥੋਂ ਦੇ ਬੁਲਾਰੇ ਇਹੋ ਆਖਦੇ,"ਭਾਰਤ ਵਿਚ ਸਰਕਾਰ ਤੇ ਹਿੰਦੂ ਰਲਕੇ,ਸਿੰਘਾਂ ਨੂੰ ਬੜੇ ਯੋਜਨਾ-ਬੱਧ ਤਰੀਕੇ ਨਾਲ ਤਸੀਹੇ ਦੇ ਦੇ ਕੇ ਕਤਲ ਕਰ ਰਹੇ ਹਨ ਅਤੇ ਸਿੱਖ ਆਪਣੇ ਘਰਾਂ ਤੋਂ ਬਾਹਰ ਜਾਣ ਲਈ ਬੜਾ ਡਰੇ ਸਹਿਮੇ ਹੋਏ ਸਨ।"

ਜਦੋਂ ਮੈਂ ਇੰਡੀਆ ਦੀ ਏਅਰਪੋਰਟ ਤੇ ਉਤਰਿਆ ਤਾਂ ਮੈਂ ਬਹੁਤ ਹੈਰਾਨ ਤੇ ਖੁਸ਼ ਹੋਇਆ ਕਿ ਮੇਰੇ ਗਵਾਂਡੀ ਹਿੰਦੂ ਅਤੇ ਸਿੱਖ ਸਾਰੇ ਹੀ ਰਲਕੇ ਮੇਰੇ ਸਵਾਗਤ ਲਈ ਆਏ ਹੋਏ ਸਨ। ਉਪਰੰਤ ਸਾਡੇ ਸਾਰੇ ਗਵਾਂਡੀਆਂ ਤੇ ਮਿੱਤਰ ਹਿੰਦੂਆਂ ਮੈਨੂੰ ਖਾਣੇ ਦੀਆਂ ਦਾਹਵਤਾਂ ਦਿਤੀਆਂ। ਜਦ ਉਨ੍ਹਾਂ ਨੂੰ ਮੈਂ ਆਪਣੇ ਮਿਸੀ ਸੌਗਾ ਗੁਰਦਵਾਰੇ ਦੀ ਭਾਸ਼ਨਾਂ-ਵਿਥਿਆ ਦੱਸੀ ਤਾਂ ਉਨ੍ਹਾਂ ਮਖੌਲ 'ਚ ਬੜੀ ਖਿਲੀ ਪਾਈ।

## ਹਿੰਦੂਆਂ ਨੇ ਸਿੱਖਾਂ ਦੀ ਰਖਸ਼ਾ ਕੀਤੀ

ਉਨ੍ਹਾਂ ਮੈਨੂੰ ਦੱਸਿਆ ਕਿ ਕੈਨੇਡਾ ਵਸਦੇ ਖਾਲਿਸਤਾਨੀ ਟੈਰੋਰਿਸਟਾਂ ਜਿਵੇਂ ਹਿਟਲਰੀ-ਗੋਇਲਬਜ਼ੀ-ਝੂਠ ਭੂਤਫੇਰੀ ਦਵਾਰਾ ਮੇਰਾ ਬਰੇਨ-ਵਾਸ਼ ਕਰ ਦਿਤਾ ਹੋਵੇ। ਦਿੱਲੀ ਬਾਜ਼ਾਰ ਵਿਚ ਜਿਥੇ ਮੇਰੇ ਮਾਪੇ ਰਹਿੰਦੇ ਹਨ,4 ਸਿੱਖ ਪਰਵਾਰਾਂ ਤੋਂ ਬਗੈਰ ਸਾਰੇ ਦੇ ਸਾਰੇ ਹਿੰਦੂ ਪਰਵਾਰ ਹੀ ਵਸਦੇ ਹਨ। ਮੇਰੇ ਮਾਪਿਆਂ ਦਸਿਆ ਕਿ ਨਵੰਬਰ 1984 ਇੰਦਰਾ ਗਾਂਧੀ ਦੇ ਕਤਲ ਪਿਛੋਂ ਦੰਗਿਆਂ ਦੌਰਾਨ,ਕਿਵੇਂ ਉਨ੍ਹਾਂ ਦੇ ਗਵਾਂਡੀ ਹਿੰਦੂਆਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ,ਉਨ੍ਹਾਂ ਦੀਆਂ ਜਾਨਾਂ ਬਚਾਈਆਂ।

ਇਹ ਬੜੀ ਉਤਸ਼ਾਹ ਵਾਲੀ ਗੱਲ ਹੈ ਕਿ ਉਥੋਂ ਦੇ ਸਿੱਖ,ਦੇਸ਼ ਦੀ,ਸ਼ੋਸ਼ਿਲ,ਕਲਚਰਲ,ਆਰਥਿਕ,ਸਪੋਰਟਸ ਅਤੇ ਐਂਮਪਲਾਇਮੈਂਟ ਆਦਿ ਮੁਖ ਧਾਰਾਵਾਂ ਵਿਚ ਪਹਿਲਾਂ ਵਾਂਗ ਹੀ ਵਧ-ਚੜ੍ਹ ਕੇ ਹਿਸਾ ਪਾ ਰਹੇ ਹਨ। ਮੈਂ ਹਿੰਦੂਆਂ ਅਤੇ ਸਿੱਖਾਂ ਨੂੰ ਬਾਜ਼ਾਰ ਵਿਚ,ਇਕੱਠੇ ਤਾਸ਼ ਖੇਡਦੇ ਵੀ ਦੇਖਿਆ। ਮੈਂ ਬੜਾ ਮਾਣ ਮਹਿਸੂਸ ਕਰਦਾ ਸਾਂ ਜਦ ਉਹ ਮੈਨੂੰ,"ਸਰਦਾਰ ਜੀ"ਆਖ ਬੁਲਾਂਦੇ ਸਨ। ਇਕ ਹੋਰ ਵੀ ਮਾਣ ਤੇ ਖੁਸ਼ੀ ਦੀ ਗੱਲ ਹੈ ਕਿ ਸਰਕਾਰੀ ਕਰਮਚਾਰੀ,ਮੈਨੂੰ ਖੁਸ਼ ਕਰਨ ਲਈ,ਮੇਰੀ ਕਿਸੇ ਲੋੜ ਵੇਲੇ ਉਚੇਚਾ ਧਿਆਨ ਦਿੰਦੇ ਸਨ।

ਮੇਰੀ ਦਿੱਲੀ-ਫੇਰੀ ਦੌਰਾਨ ਹੀ,ਉਥੋਂ ਦੇ ਇਕ ਸਥਾਨਕ ਗੁਰਦਵਾਰੇ ਦੇ ਬਾਹਰ,ਇਕ ਘਟਨਾ ਵਾਪਰੀ ਜਦ ਦੋ ਸਿੱਖ ਗੱਭਰੂਆਂ ਜਾਣ ਬੁੱਝ ਕੇ ਆਪਣਾ ਟਰੱਕ ਲਾਂਭੇ ਬੈਠੇ ਪੁਲਸ ਕਰਮਚਾਰੀਆਂ ਉਪਰ ਜਾ ਚੜ੍ਹਿਆ ਤੇ 4 ਸਿਪਾਹੀ ਦਰੜ ਮਾਰੇ। ਜਵਾਬ ਵਿਚ ਬਾਕੀ ਪੁਲਸ ਵਾਲਿਆਂ(ਬਦਲੇ ਦੀ ਭਾਵਨਾ ਗੁੱਸੇ)ਖਾੜਕੂ ਅੰਦੋਲਨਕਾਰੀਆਂ ਉਪਰ ਫਾਇਰ ਖੋਲ੍ਹ,ਕੁਝ ਕੁ ਜ਼ਖਮੀ ਤੇ ਕੁਝ ਕੁ ਮਾਰ ਮੁਕਾਏ;ਉਨ੍ਹਾਂ ਦੇ ਅਫਸਰ ਪੁਲਸ ਨੂੰ ਫਾਇਰ ਕਰਨ ਦੀ ਆਗਿਆ ਨਹੀਂ ਸੀ ਦਿਤੀ ਤੇ ਪੁਲਸ ਵਾਲਿਆਂ ਅਫਸਰਾਂ ਤੇ ਧਾਵਾ ਬੋਲ ਦਿਤਾ ਤੇ ਉਹ ਬਾਗੀ ਹੋ ਗਏ।

## ਸਥਿਤੀ ਤੇ ਕਾਬੂ ਪਾ ਲਿਆ

ਏਸ ਘਟਨਾ ਤੋਂ ਬਗੈਰ ਬਾਕੀ ਜਨਤਕ ਲਾਈਫ ਨਾਰਮਲ ਹੀ ਸੀ;ਕੇਵਲ ਉਸ ਇਲਾਕੇ ਵਿਚ ਕਰਫਿਊ ਲਾ ਦਿਤਾ ਸੀ ਤੇ ਇਲਾਕੇ ਵਿਚ ਪੁਲਸ ਦਾ ਪਹਿਰਾ ਸੀ। ਬਾਗੀ ਪੁਲਸ—ਕਰਮਚਾਰੀ ਗ੍ਰਿਫਤਾਰ ਕਰ ਲਏ ਸਨ ਤੇ ਉਸੇ ਦਿਨ ਕੇਸ ਦੀ ਜਾਂਚ-ਪੜਤਾਲ ਸ਼ੁਰੂ ਹੋ ਗਈ ਸੀ।

ਦੇਸ਼ ਦੇ ਉਤਰੀ ਤੇ ਦੱਖਣੀ,ਦੇਖਣ ਯੋਗ ਅਸਥਾਨਾਂ ਦੀ ਯਾਤਰਾ ਲਈ ਮੈ ਬਿਨਾਂ ਝਿਜਕ ਇਕ ਆਮ ਟੂਰਿਸਟ ਵਾਂਗ ਘੁੰਮਦਾ ਫਿਰਦਾ ਰਿਹਾ। ਦੇਸ਼ ਦੇ ਦੱਖਣੀ ਸ਼ਹਿਰਾਂ ਵਿਚ ਖਾਸ ਕਰ,ਸਿੱਖਾਂ ਦੇ ਕੁਝ ਕੁ ਹੀ ਪਰਵਾਰ ਹਨ। ਪਰ ਉਨ੍ਹਾਂ ਆਪਣੀ ਅਸੁਰਖਿਅਤਾ ਬਾਰੇ ਕਦੀ ਕੋਈ ਡਰ-ਭੌਅ ਦਾ ਪ੍ਰਗਟਾਵਾ ਨਹੀਂ ਕੀਤਾ;ਮੈਨੂੰ ਉਹ ਬੜਾ ਖੁਸ਼ ਤੇ ਚੜ੍ਹਦੀਆਂ ਕਲਾਂ ਵਿਚ ਜਾਪਦੇ ਸਨ।

ਹੁਣ ਮੈਨੂੰ ਪਰਤੱਖ ਤੇ ਸਪਸ਼ਟ ਦਿਸਦਾ ਹੈ ਕਿ ਸਾਡੇ ਕੈਨੇਡਾ ਵਿਚਲਿਆਂ ਗੁਰਦਵਾਰਿਆਂ ਉਪਰ ਟੈਰੋਰਿਸਟਾਂ ਦਾ ਕਬਜ਼ਾ ਹੈ ਜਿਹੜੇ ਖਾਲਿਸਤਾਨ ਦੀ ਸਪੋਰਟ ਕਰ ਰਹੇ ਹਨ;ਉਹ ਝੂਠਾ ਪ੍ਰਾਪੇਗੰਡਾ ਕਰ ਰਹੇ ਹਨ,ਉਹ ਨਫਰਤ ਦਾ ਪਰਚਾਰ ਕਰਦੇ ਹਨ ਤੇ ਉਹ ਇਥੇ ਵਸਦੇ ਭਾਰਤੀ-ਭਾਈਚਾਰੇ ਨੂੰ ਫਿਰਕਾ-ਬੰਦੀ ਲਾਈਨ ਤੇ ਵੰਡ ਰਹੇ ਹਨ।

ਭਾਰਤ ਵਿਚ ਮੈਨੂੰ ਕੇਵਲ ਆਪਣੀ ਜਨਮਭੂਮੀ ਪੰਜਾਬ ਹੀ ਅਸੁਰਖਿਅਤ ਜਾਪਿਆ। ਜਿਥੇ ਮੇਰੇ ਬਾਬਾ ਜੀ ਤੇ ਦਾਦੀ ਜੀ ਵਸਦੇ ਹਨ। ਇਹ ਜਾਨਣਾ ਕੋਈ ਔਖਾ ਨਹੀਂ ਕਿ ਸਿੱਖਾਂ ਦੀ ਬਹੁਤ ਵੱਡੀ ਬਹੁਸੰਮਤੀ ਪੰਜਾਬ ਵਿਚ ਅੱਤਵਾਦੀਆਂ ਦੇ ਟੈਰੋਰਿਜ਼ਮ ਤੋਂ ਕਿੰਨੀ ਕਰੋਧਵਾਨ ਹੈ ਤੇ ਉਨ੍ਹਾਂ ਦੇ ਕਰਦਾਰ ਤੇ ਕਿੰਨੀ ਨੁਕਤਾਚੀਨੀ (ਟਿਪਣੀ)ਕਰਦੇ ਹਨ।

## ਮੂੰਹਫੱਟ ਨੁਕਤਾਚੀਨੀ

ਖਾਲਿਸਤਾਨ ਦੇ ਪੱਖ ਵਿਚ,ਆਮ ਸਿੱਖ-ਜਨਤਾ ਵਿਚ ਮੈਨੂੰ ਐਵੇਂ ਨਾਮ-ਮਾਤਰਾ ਹੀ ਸਪੋਰਟ ਜਾਪੀ। ਬਹੁਤ ਸਾਰੇ ਸਿੱਖਾਂ, ਖਾਲਿਸਤਾਨੀਆਂ ਬਾਰੇ ਮੈਨੂੰ ਆਖਿਆ ਕਿ,"ਇਨ੍ਹਾਂ ਨੇ ਸਾਡੇ ਦੇਸ਼ ਦਾ,ਸਾਡੇ ਪੰਜਾਬ ਦਾ ਤੇ ਸਾਡੇ ਧਰਮ ਦਾ ਬੇੜਾ ਗਰਕ ਕਰ ਦਿਤਾ ਹੈ"।

ਬਹੁਤ ਸਾਰੇ ਭਾਰਤੀਆਂ ਨੂੰ(ਸਿੱਖਾਂ ਸਮੇਤ)ਯਕੀਨ ਹੈ ਕਿ ਟੈਰੋਰਿਸਟਾਂ ਲਈ ਕੈਨੇਡਾ ਇਕ ਸੁਰੱਖਿਅਤ ਸਵਰਗ ਹੈ। ਉਨ੍ਹਾਂ ਮੈਨੂੰ ਜ਼ਾਤੀ ਤੌਰ ਤੇ ਤਾੜਨਾ ਕੀਤੀ ਕਿ ਤੁਸੀਂ ਕੈਨੇਡੀਅਨ ਸਿੱਖ ਹੁੰਦੇ ਹੋਏ,ਇਹਦੇ ਬਾਰੇ ਕੁਝ ਵੀ ਨਹੀਂ ਕਰ ਰਹੇ ? ਉਨ੍ਹਾਂ ਮੈਨੂੰ ਦਸਿਆ ਕਿ,"ਉਹ (ਟੈਰੋਰਿਸਟ)ਕੌਮ ਦੇ ਨਾਮ ਨੂੰ ਧੱਬਾ ਲਗਾਈ ਜਾ ਰਹੇ ਹਨ ਤੇ ਤੁਸੀਂ ਮੋਨ-ਧਾਰੀ ਬੈਠੇ ਹੋ"।

ਮੈਂ ਬੜੀ ਮੁਸ਼ਕਲ ਨਾਲ ਉਨ੍ਹਾਂ ਦੇ ਗੁੱਸੇ ਨੂੰ ਠੰਢਾ ਕੀਤਾ। ਮੈਂ ਵਾਹਦਾ ਕੀਤਾ ਸੀ ਕਿ ਮੈਂ ਉਨ੍ਹਾਂ ਦਾ ਸੁਨੇਹਾ ਪਰੈਸ-ਮਾਧਯਮ ਦਵਾਰਾ ਲੋਕਾਂ ਤੱਕ ਪੁਚਾਵਾਂਗਾ।

(ਇੰਡੀਆ-ਐਬਰੌਡ ਵਿਚੋਂ


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167



An Advance DRIVING SCHOOL
4677 Main St. & 30th, Vancouver, B.C. V5V 3R6
We'll help you in getting Learner's Licence
BABU BANSAL Ph. 872-7375



ਐਨ ਐਡਵਾਂਸ ਡਰਾਈਵਿੰਗ ਸਕੂਲ
4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.
ਬਾਬੂ ਬਾਂਸਲ
ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਇਸ ਕਿਤਾਬ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :
ਫੋਨ : 872-7375

# ਸੰਘੀ ਗਠਨ ਵਲੋਂ ਬੇਰੁਖੀ

ਸੰਤ ਸਿੰਘ ਸੇਖੋਂ

ਪ੍ਰਧਾਨ ਮੰਤਰੀ ਸ੍ਰੀ ਰਜੀਵ ਗਾਂਧੀ ਨੂੰ ਉਨ੍ਹਾਂ ਰਾਹਾਂ ਅਤੇ ਮੰਜ਼ਲਾਂ ਦਾਪਤਾ ਨਹੀਂ ਜਿਨ੍ਹਾਂ ਵਿਚੋਂ ਸਾਡਾ ਸੁਤੰਤਰਤਾ ਸੰਗਰਾਮ ਲੰਘਿਆ ਹੈ। ਪੰਡਿਤ ਨਹਿਰੂ ਦੇ ਮਨ ਵਿਚ ਜੋ ਸੁਤੰਤਰ ਭਾਰਤ ਦਾ ਸੰਕਲਪ ਸੀ,ਨਿਸ਼ਚੇ ਹੀ ਸੰਘ ਵਾਦੀ ਸੀ। ਇਸ ਸੰਕਲਪ ਦੇ ਫਲਸਰੂਪ ਹੀ ਉਸ ਨੇ ਆਪਣੇ ਪ੍ਰਭਾਵ ਰਾਹੀਂ ਭਾਰਤੀ ਕਾਂਗਰਸ ਦੇ ਸੂਬਾਈ ਸੰਗਠਨਾਂ ਨੂੰ ਭਾਸ਼ਾਈ ਨਿਯਮਾਂ ਉਤੇ ਬਣਾਇਆ ਸੀ। (ਅੰਗਰੇਜ਼ੀ ਰਾਜ ਸਮੇਂ ਦੇਸ਼ ਦਾ ਸ਼ਾਸਨ ਭਾਸ਼ਾਈ ਇਕਾਈਆਂ ਜਾਂ ਸੂਬਿਆਂ ਅਨੁਸਾਰ ਨਹੀਂ ਸੀ) ਦੱਖਣ ਵਿਚ ਕਾਂਗਰਸ ਦੀਆਂ ਇਕਾਈਆਂ ਤਾਮਿਲ,ਮਲਿਆਲਮ,ਕੱਨੜ ਤੇ ਤੇਲਗੂ ਸਨ ਅਤੇ ਬੰਬਈ ਸੂਬੇ ਵਿਚ ਤਿੰਨ ਇਕਾਈਆਂ ਸਨ:ਬੰਬਈ,ਨਗਰ,ਮਹਾਂਰਾਸ਼ਟਰ ਅਤੇ ਗੁਜਰਾਤ। ਇਹ ਨਿਰਣਾ 19ਵੀਂ ਸਦੀ ਦੇ ਪਿਛਲੇ ਅੱਧ ਦੇ ਅਤੇ 20ਵੀਂ ਸਦੀ ਦੇ ਮੁੱਢ ਵਿਚ ਪ੍ਰਚਲਿਤ ਹੋਏ ਸੰਘਵਾਦ ਦੇ ਨਿਯਮ ਅਨੁਕੂਲ ਸੀ।

## ਸੁਹਿਰਦਤਾ

ਇਹ ਠੀਕ ਹੈ ਕਿ ਉਸ ਸਮੇਂ ਪੰਜਾਬ ਕਾਂਗਰਸ ਵਿਚ ਦੋ ਇਕਾਈਆਂ ਪੰਜਾਬੀ ਅਤੇ ਹਰਿਆਣਵੀ ਜਾਂ ਹਿੰਦੀ ਨਹੀਂ ਸਨ ਅਤੇ ਇਹ ਇਸ ਲਈ ਕਿ ਪੰਡਿਤ ਨਹਿਰੂ ਦਾ ਮਨ ਹਾਲੇ ਹਰਿਆਣਾ ਦੇ ਨਾਲੋਂ ਪੰਜਾਬ ਨਾਲੋਂ ਅਲੱਗ ਕਰਨ ਦਾ ਬਣਿਆ ਨਹੀਂ ਸੀ। ਮੈਂ ਇਹ ਨਹੀਂ ਕਹਾਂਗਾ ਕਿ ਇਸ ਅਨਿਸ਼ਚਤਾ ਪਿਛੇ ਪੰਡਿਤ ਨਹਿਰੂ ਦੇ ਮਨ ਵਿਚ ਭਾਸ਼ਾਈ ਪੰਜਾਬ ਲਈ ਸੁਹਿਰਦਤਾ ਦੀ ਘਾਟ ਸੀ। ਵਧੇਰੇ ਸੰਭਵ ਸਗੋਂ ਇਹ ਹੈ ਕਿ ਉਹ ਸਮਝਦਾ ਸੀ ਕਿ ਹਰਿਆਣਾ,ਪੰਜਾਬ ਦਾ ਹੀ ਭਾਗ ਹੈ। ਉਸਦੇ ਪ੍ਰਭਾਵ ਅਧੀਨ ਸਾਂਝੇ ਪੰਜਾਬ ਦਾ ਮਹਾਂਬਲੀ ਮੁੱਖ ਮੰਤਰੀ ਸ.ਪ੍ਰਤਾਪ ਸਿੰਘ ਕੈਰੋਂ ਵੀ ਹਰਿਆਣਾ ਨੂੰ ਪੰਜਾਬ ਨਾਲੋਂ ਅਲੱਗ ਕਰਨ ਦੇ ਹੱਕ ਵਿਚ ਨਹੀਂ ਸੀ। ਭੀਮ ਸੈਨ ਸੱਚਰ ਮੁੱਖ ਮੰਤਰੀ ਕਾਲ ਸਮੇਂ ਉਸ ਨੀਤੀ ਦੇ ਪ੍ਰਭਾਵ ਕਾਰਨ ਹੀ ਪੰਜਾਬ ਦੇ ਦੋ ਖੇਤਰਾਂ ਵਿਚ ਵੰਡਿਆ ਗਿਆ ਸੀ- ਪੰਜਾਬੀ ਭਾਸ਼ਾਈ ਅਤੇ ਹਿੰਦੀ ਭਾਸ਼ਾਈ। ਇਸ ਵੰਡ ਅਨੁਸਾਰ ਹਰਿਆਣਾ ਵਿਚ ਪੰਜਾਬੀ ਪ੍ਰਚਲਿਤ ਕਰਨ ਦੇ ਯਤਨ ਕੀਤੇ ਗਏ। ਪ੍ਰਤਾਪ ਸਿੰਘ ਕੈਰੋਂ ਕਹਿੰਦਾ ਹੁੰਦਾ ਸੀ ਜੇ ਪੰਜਾਬੀ ਦੇ ਸਮਰਥਕ ਸਬਰ ਕਰਨ ਤਾਂ ਉਹ ਹਰਿਆਣਾ ਨੂੰ ਵੀ ਪੰਜਾਬੀ ਭਾਸ਼ੀ ਬਣਾ ਦੇਵੇਗਾ ਅਤੇ ਇਸ ਤਰ੍ਹਾਂ ਪੰਜਾਬ ਦੀ ਹੱਦ ਭਾਸ਼ਾਈ ਅਰਥਾਂ ਵਿਚ ਵੀ ਦਿੱਲੀ ਤੱਕ ਪਹੁੰਚ ਜਾਵੇਗੀ। ਪਰ ਮੇਰਾ ਵਿਚਾਰ ਹੈ ਕਿ ਅਜਿਹਾ ਸੋਚਣ ਵਿਚ ਉਹ ਲੋੜ ਤੋਂ ਵਧੇਰੇ ਆਸ਼ਾਵਾਦੀ ਸੀ। ਇਤਿਹਾਸਕ ਘਟਨਾਵਾਂ ਨੇ ਉਸ ਦੇ ਇਸ ਆਸ਼ਾਵਾਦ ਨੂੰ ਬੜੀ ਛੇਤੀ ਢਾਹ ਲਾ ਦਿੱਤੀ। ਤਦ ਵੀ ਭਾਸ਼ਾਈ ਪੰਜਾਬ ਰਾਜ ਦੇ ਬਣਨ ਦੇ ਰਾਹ ਵਿਚ ਲੋੜ ਤੋਂ ਵੱਧ ਰੋਕਾਂ ਪਾਈਆਂ ਗਈਆਂ ਜਿਸ ਕਾਰਨ ਇਹ ਕੁਝ ਦੇਰ ਤੋਂ ਪੈ ਕੇ ਬਣਿਆ ਅਤੇ ਕਾਫੀ ਕੜਵਾਹਟ ਪੈਦਾ ਹੋਣ ਤੋਂ ਪਿਛੋਂ।

ਸਤੰਤਰ ਭਾਰਤ ਨੂੰ ਭਾਸ਼ਾਈ ਇਕਾਈਆਂ ਵਿਚ ਵੰਡਣ ਪਿਛੇ ਸੰਘਵਾਦੀ ਵਿਚਾਰ ਹੀ ਕੰਮ ਕਰ ਰਿਹਾਸੀ। ਇਸ ਲਈ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਿਆ ਤਾਂ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਬਰਾਬਰ ਦੀ ਪਦਵੀ ਦਿੱਤੀ ਗਈ,ਭਾਵੇਂ ਸ਼ਾਸਕਾਂ ਦੇ ਪੂਰਬ—ਗ੍ਰਹਿਆਂ ਕਾਰਨ ਆਂਧਰਾ ਪ੍ਰਦੇਸ਼ ਤੇ ਮਹਾਰਾਸ਼ਟਰ ਕਾਫੀ ਕੜਵਾਹਟ ਪਿਛੋਂ ਬਣਾਏ ਗਏ ਅਤੇ ਹੁਣ ਦਾ ਪੰਜਾਬ ਰਾਜ ਬਣਾਉਣ ਵਿਚ ਏਨੀ ਦੇਰ ਕੀਤੀ ਗਈ ਕਿ ਉਸਦੀ ਹਾਨੀ ਪੂਰੀ ਕਰਨੀ ਅੱਜ ਤੱਕ ਅਸੰਭਵ ਜਾਪਦੀ ਹੈ।

ਹੁਣ ਇਸਦੀ ਵਾਗਡੋਰ ਰਾਜੀਵ ਗਾਂਧੀ ਦੇ ਹੱਥ ਆਈ ਹੈ ਤਾਂ ਇਸ ਪੱਖ ਤੋਂ ਹਾਲਾਤ ਕੁਝ ਵਧੇਰੇ ਹੀ ਵਿਗੜਨ ਲੱਗ ਪਏ ਹਨ। ਰਾਜੀਵ ਗਾਂਧੀ ਦੇ ਚਿੰਤਨ ਵਿਚ ਇਹ ਦੋਵੇਂ ਗੱਲਾਂ ਜੇ ਹਨ ਵੀ ਤਾਂ ਬੜੀਆਂ ਅਸਪਸ਼ਟ ਰੂਪ ਵਿਚ। ਉਸਦੇ ਮਨ ਵਿਚ ਜੋ ਸੁਤੰਤਰ ਭਾਰਤੀ ਸੰਘ ਦਾ ਸੰਕਲਪ ਉਹ ਇਕ ਤਰ੍ਹਾਂ ਨਾਲ ਸੁਤੰਤਰ ਪ੍ਰਾਪਤੀ ਤੋਂ ਪਹਿਲਾਂ ਵਾਲਾ ਹੀ ਹੈ ਜਿਸ ਅਨੁਸਾਰ ਭਾਰਤੀ ਸੰਘ ਅੰਗਰੇਜ਼ਾਂ ਦੇ ਭਾਰਤੀ ਸਾਮਰਾਜ ਦਾ ਹੀ ਇਕ ਦੇਸੀ ਰੂਪ ਹੋ ਸਕਦਾ ਹੈ। ਰਾਜੀਵ ਗਾਂਧੀ ਦੇ ਮਨ ਦੀ ਲਾਲਸਾ ਹੈ ਕਿ ਭਾਰਤ ਬਹੁਤ ਸੰਪੰਨ ਅਤੇ ਸ਼ਕਤੀਸ਼ਾਲੀ ਦੇਸ਼ ਹੋਵੇ। ਇਸਦੀ ਸੰਪੰਨਤਾ ਲਈ ਰਾਜੀਵ ਗਾਂਧੀ ਚਾਹੇ ਇਹ ਗੱਲ ਉਸਦੇ ਅਚੇਤ ਮਨ ਵਿਚ ਹੀ ਕਿਉਂ ਨਾ ਹੋਵੇ,ਭਾਰਤੀ ਸੰਵਿਧਾਨ ਦੇ ਸਮਾਜਵਾਦੀ ਲੱਛਣ ਨੂੰ ਵੀ ਅੱਖੋਂ ਓਹਲੇ ਕਰਨ ਵਲ ਪ੍ਰੇਰਿਤ ਹੈ। ਉਸਨੇ ਭਾਰਤ ਦੀ ਆਰਥਿਕ ਅਤੇ ਉਦਯੋਗਿਕ ਸ਼ਕਤੀ ਵਧਾਉਣੀ ਹੀ ਆਪਣਾ ਨਿਰੋਲ ਮਨੋਰਥ ਬਣਾਇਆ ਹੋਇਆ ਹੈ ਅਤੇ ਜੇ ਇਸ ਮਨੋਰਥ ਦੀ ਪ੍ਰਾਪਤੀ ਲਈ ਸਮਾਜਵਾਦੀ ਲੱਛਣ ਨੂੰ ਤਿਆਗਣਾ ਜਾਂ ਕਮਜ਼ੋਰ ਕਰਨਾ ਹੁੰਦਾ ਹੈ ਤਾਂ ਉਸਦੇ ਮਨ ਵਿਚ ਕੋਈ ਝਿਜਕ ਨਹੀਂ। ਪਿਛਲੇ ਦੋ ਤਿੰਨ ਸਾਲਾਂ ਵਿਚ ਜਿਵੇਂ ਭਾਰਤ ਦੀ ਆਰਥਿਕਤਾ'ਤੇ ਕੰਟਰੋਲ ਕਰਨ ਦੇ ਯਤਨ ਕੀਤੇ ਗਏ ਹਨ,ਉਹ ਸਮਾਜਵਾਦ ਦੇ ਅਨੁਕੂਲ ਨਹੀਂ ਅਤੇ ਇਥੇ ਬਹੁ-ਦੇਸੀ ਉਦਯੋਗਿਕ ਤੇ ਵਪਾਰਕ ਸੰਗਠਨਾਂ ਨੂੰ ਲੋੜ ਤੋਂ ਵਧੇਰੇ ਸੁਆਗਤ ਦਿੱਤਾ ਜਾਂਦਾ ਹੈ। ਬਹੁਤ ਪੁਰਾਣੇ ਕਾਂਗਰਸੀ ਇਸ ਰੁਚੀ ਨੂੰ ਕੁਝ ਤੌਖਲੇ ਨਾਲ ਦੇਖਦੇ ਹਨ ਅਤੇ ਇਹ ਤੌਖਲਾ ਪ੍ਰਗਟ ਵੀ ਕਰਨ ਲੱਗ ਪਏ ਹਨ।

ਦੂਜਾ ਲੱਛਣ ਜਿਹੜਾ ਭਾਰਤ ਦੇ ਸੁਤੰਤਰਤਾ ਸੰਗਰਾਮੀ ਨੇਤਾਵਾਂ ਦੇ ਮਨ ਵਿਚ ਅਤੇ ਜਿਸ ਮਨਸ਼ਾ ਅਨੁਸਾਰ ਉਨ੍ਹਾਂ ਨੇ ਭਾਰਤ ਦਾ ਸੰਵਿਧਾਨ ਬਣਾਇਆ ਸੀ,ਉਹ ਨਿਰੋਲ ਸੰਘਵਾਦੀ ਸੀ। ਉਨ੍ਹਾਂ ਨੇਤਾਵਾਂ ਨੇ ਕਈਆਂ ਸਾਲਾਂ ਦੇ ਸੰਘਰਸ਼ ਦੇ ਅਨੁਭਵ ਨਾਲ ਇਹ ਸਮਝ ਬਣਾ ਲਈ ਸੀ ਕਿ ਭਾਰਤ ਸਹੀ ਅਰਥਾਂ ਵਿਚ ਇਕ ਸੰਘਵਾਦੀ ਰਾਸ਼ਟਰ ਹੀ ਹੋ ਸਕਦਾ ਹੈ। ਇਸਦੇ ਸੰਘਵਾਦੀ ਹੋਣ ਦੀ ਮਜਬੂਰੀ ਦਾ ਕਾਰਨ ਇਸ ਵਿਚ ਅਨੇਕਾਂ ਭਾਸ਼ਾਵਾਂ ਦੀ ਹੋਂਦ ਹੈ। ਕੋਈ ਅਨੇਕ-ਭਾਸ਼ਾਈ ਦੇਸ਼ ਆਪਣੇ ਰਾਜਸੀ,ਵਿਧਾਨਕ ਸੰਗਠਨ ਇਕ ਵਾਦੀ ਨਹੀਂ ਬਣਾ ਸਕਦਾ। ਲੋਕਾਂ ਦੇ ਮਨਾਂ ਵਿਚ ਰਾਜ ਕਾਜ ਦਾ ਉਨ੍ਹਾਂ ਦੀ ਬੋਲੀ ਤੇ ਸੰਸਕ੍ਰਿਤੀ ਨਾਲ ਇਕ ਅਟੁੱਟ ਸਬੰਧ ਹੁੰਦਾ ਹੈ। ਇਹ ਠੀਕ ਹੈ ਕਿ ਭਾਰਤ ਵਿਚ 700 ਸਾਲ ਤਕ ਤੁਰਕ,ਮੁਗਲ ਸਾਮਰਾਜ ਦੇ ਅਧੀਨ ਇਥੋਂ ਦੀਆਂ ਭਾਸ਼ਾਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਫਾਰਸੀ ਨੂੰ ਸਾਰੀਆਂ ਦੇਸੀ ਭਾਸ਼ਾਵਾਂ ਤੋਂ ਉਪਰ ਬਿਠਾਇਆ ਗਿਆ। ਅੰਗਰੇਜ਼ਾਂ ਨੇ ਵੀ ਆਪਣੇ 200 ਵਰ੍ਹੇ ਦੇ ਰਾਜਕਾਲ ਵਿਚ ਇਹੋ ਹੀ ਕਾਰਜ ਚਲਾਇਆ। ਫਾਰਸੀ ਦੀ ਥਾਂ ਉਨ੍ਹਾਂ ਨੇ ਅੰਗਰੇਜ਼ੀ ਲੈ ਆਂਦੀ। 19ਵੀਂ ਸਦੀ ਦੇ ਅੰਤ ਤੇ 20ਵੀਂ ਸਦੀ ਦੇ ਆਦਿ ਵਿਚ ਬਹੁਤ ਪੁਰਾਣੀ ਕਿਸਮ ਦੇ ਲੋਕ ਜਿਨ੍ਹਾਂ ਨੇ ਆਪਣੀ ਸਾਰੀ ਸੂਝ-ਬੂਝ ਫਾਰਸੀ ਭਾਸ਼ਾ ਰਾਹੀਂ ਪ੍ਰਾਪਤ ਕੀਤੀ ਸੀ,ਇਸ ਗੱਲ ਬਾਰੇ ਕੁਝ ਸ਼ੋਕ-ਗ੍ਰਸਿਤ ਵੀ ਹੁੰਦੇ ਸਨ ਅਤੇ ਦੇਸ਼ ਵਿਚ ਇਕ ਮੁਹਾਵਰਾ ਚਲ ਗਿਆ ਸੀ:

ਪੜ੍ਹੇ ਫਾਰਸੀ ਵੇਚੇ ਤੇਲ,
ਦੇਖੋ ਪ੍ਰਮੇਸ਼ਵਰ ਦੇ ਖੇਲ।

## ਵਿਵਹਾਰ

ਅਰਥਾਤ ਉਹ ਦੇਸ਼ ਦੇ ਬੌਧਿਕ ਕਾਰ-ਵਿਹਾਰ ਵਿਚੋਂ ਫਾਰਸੀ ਦੇ ਨਿਕਲ ਜਾਣ ਨੂੰ ਇਕ ਦੁਰਘਟਨਾ ਸਮਝਦੇ ਸਨ। ਇਹ ਸਭ ਨੂੰ ਪਤਾ ਹੈ ਕਿ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਰਾਜ-ਕਾਜ ਦੀ ਭਾਸ਼ਾ ਫਾਰਸੀ ਸੀ ਅਤੇ ਅੰਗਰੇਜ਼ਾਂ ਨੇ ਫਾਰਸੀ ਦੀ ਥਾਂ ਉਤਲੇ ਪੱਧਰਾਂ ਉਤੇ ਅੰਗਰੇਜ਼ੀ ਅਤੇ ਹੇਠਲੇ ਪੱਧਰਾਂ ਤੇ ਉਰਦੂ ਕਰ ਦਿੱਤੀ ਸੀ। ਇਨ੍ਹਾਂ ਹੇਠਲੇ ਪੱਧਰਾਂ ਉਤੇ ਫਾਰਸੀ ਦਾ ਪ੍ਰਭਾਵ ਬਹੁਤਾ ਘਟਿਆ ਨਹੀਂ ਸੀ ਤਹਿਸੀਲਦਾਰ ਦੇ ਪੱਧਰ ਤੱਕ ਫਾਰਸੀ ਮਿਸ਼ ਵਾਲਾ ਉਰਦੂ ਹੀ ਕਚਹਿਰੀਆਂ ਤੇ ਰਾਜ-ਕਾਲ ਦੀ ਭਾਸ਼ਾ ਸੀ। ਪਟਵਾਰੀ ਦੀਆਂ ਖਤੌਨੀਆਂ ਅਤੇ ਹੋਰ ਕਾਗਜ਼ ਵੀ ਉਰਦੂ ਵਿਚ ਲਿਖੇ ਜਾਂਦੇ ਸਨ ਅਤੇ ਮਾਮਲੇ ਆਦਿ ਦੀਆਂ ਰਾਸ਼ੀਆਂ ਅਰਬੀ ਦੀ ਇਕ ਵਿਸ਼ੇਸ਼ ਲਿਖਤ ਵਿਚ ਲਿਖੀਆਂ ਜਾਂਦੀਆਂ ਸਨ। ਮੈਂ ਉਦੋਂ ਹਾਈ ਸਕੂਲ ਵਿਚ ਪੜ੍ਹਦਾ ਸਾਂ ਅਤੇ ਜ਼ਮੀਨ ਦੇ ਮਾਮਲੇ ਦੀਆਂ ਖਤੌਨੀਆਂ ਮੈਨੂੰ ਚੰਗੀ ਤਰ੍ਹਾਂ ਪੜ੍ਹਨੀਆਂ ਨਹੀਂ ਸਨ ਆਉਂਦੀਆਂ ਇਸ ਕਰਕੇ ਮੇਰੇ ਬਜ਼ੁਰਗ ਮੇਰੀ ਪੀੜ੍ਹੀ ਦੀ ਨਵੀਂ ਪੜ੍ਹਾਈ ਨੂੰ ਜਿਸ ਵਿਚ ਫਾਰਸੀ ਦਾ ਸਥਾਨ ਅੰਗਰੇਜ਼ੀ ਲੈ ਰਹੀ ਸੀ,ਇਕ ਨਿਕੰਮੀ ਪੜ੍ਹਾਈ ਸਮਝਦੇ ਸਨ। ਸੋ ਮੈਂ ਆਪਣੇ ਇਕ ਬਜ਼ੁਰਗ ਪਾਸੋਂ


Business Financial Planning



How can I ensure that in the future my estate will have the necessary liquidity to meet outstanding debts, taxes, etc.?

Estate Analysis

Taking Care of Your Family and Business



What about a basic benefits package for my employees?

Group Insurance

Recruiting and Retaining Key Employees



How can I increase my retirement benefits?

Registered Retirement Savings Plan

Affordable Retirement Packages for You and Your Employees

Find Out More About The Plan(s) That Interest You Call Your Financial Planner and Complete Brokerage Service:



Sudesh Kalia
Bus: (604) 685-9335
Res: (604) 254-5837

ASSURING BRIGHT FINANCIAL FUTURES

NORTH AMERICAN LIFE
#320 - 815 W. Hastings Street
VANCOUVER, B.C. V6C 2W1

ਪੰਨਾ ੨੬ ਦੀ ਬਾਕੀ

ਰਾਸ਼ੀਆਂ ਲਿਖਣ ਵਾਲੀ ਉਹ ਪੁਰਾਣੀ ਅਰਬੀ ਲਿਖਤ ਦੇਤੰਨ ਰੂਪ ਵਿਚ ਸਿੱਖੀ ਤਾਂ ਜੋ ਮੈਂ ਖਤੌਨੀਆਂ ਪੜ੍ਹ ਸਕਾਂ ਅਤੇ ਇਸ ਲਈ ਆਪਣੀ ਪੜ੍ਹਾਈ ਉਤੇ ਆਉਂਦਾ ਹਰਫ ਬਚਾ ਸਕਾਂ। ਫਿਰ ਜਦੋਂ ਪਹਿਲਾਂ ਪਟਿਆਲਾ ਰਾਜ ਵਿਚ ਅਤੇ ਫਿਰ ਪੰਜਾਬੀ ਭਾਸ਼ੀ ਪੰਜਾਬ ਵਿਚ ਕਾਰ-ਵਿਹਾਰ ਉਰਦੂ ਦੀ ਥਾਂ ਪੰਜਾਬੀ ਵਿਚ ਹੋਂਦ ਲੱਗਾ ਤਾਂ ਬਹੁਤੀ ਪੁਰਾਣੀ ਸਿੱਖਿਆ ਵਾਲੇ ਕਰਮਚਾਰੀ ਆਪਣੇ ਕਾਗਜ਼ਾਂ ਵਿਚ ਪੰਜਾਬੀ ਬੋਲੀ ਨੂੰ ਉਰਦੂ ਅੱਖਰਾਂ ਵਿਚ ਹੀ ਲਿਖਣ ਲੱਗੇ ਅਤੇ ਕੁਝ ਹੱਦ ਤੱਕ ਇਹ ਪ੍ਰਕਿਰਿਆ ਹੁਣ ਵੀ ਜਾਰੀ ਹੈ। ਇਸ ਲੰਮੇ ਫੇਰ ਤੋਂ ਮੇਰਾ ਭਾਵ ਇਹ ਦੱਸਦ ਹੈ ਕਿ ਬੌਧਿਕ ਤੇ ਮਾਨਸਿਕ ਅਥਵਾ ਸਾਂਸਕ੍ਰਿਤਕ ਖੇਤਰਾਂ ਵਿਚ ਜੋ ਕੁਝ ਕੋਈ ਜਾਤੀ ਜਾਂ ਇਤਿਹਾਸਕ ਕਰਮ ਰਾਹੀਂ ਖੋਹ ਬੈਠਦੀ ਹੈ ਉਸਨੂੰ ਮੁੜ ਕੇ ਪ੍ਰਾਪਤ ਕਰਨਾ ਬਹੁਤ ਕਠਿਨ ਹੋ ਜਾਂਦਾ ਹੈ। ਬਹੁਤਿਆਂ ਦੇ ਮਨਾਂ ਵਿਚ, ਜੋ ਉਨ੍ਹਾਂ ਕੋਲ ਪ੍ਰਾਪਤ ਹੁੰਦਾ ਹੈ ਅਰਥਾਤ ਵਿਦੇਸ਼ੀ ਭਾਸ਼ਾਵਾਂ ਦਾ ਗਿਆਨ, ਉਸਨੂੰ ਛੱਡ ਕੇ ਨਵੇਂ ਸਿਰੇ ਆਪਣੀ ਭਾਸ਼ਾ ਵਿਚ ਕਾਰ-ਵਿਹਾਰ ਕਰਨ ਦੀ ਰੁਚੀ ਬਹੁਤ ਮੰਦ ਪੈ ਜਾਂਦੀ ਹੈ। ਇਸਦਾ ਪ੍ਰਮਾਣ ਸਾਨੂੰ ਸਾਡੇ ਮੰਤਰੀਆਂ, ਰਾਜ ਅਤੇ ਕੇਂਦਰ ਦੋਹਾਂ ਦੇ, ਵਿਸ਼ੇਸ਼ ਕਰਕੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਵਿਵਹਾਰ ਤੋਂ ਭਲੀ ਭਾਂਤ ਮਿਲ ਜਾਂਦਾ ਹੈ। ਰਾਜੀਵ ਗਾਂਧੀ ਨੂੰ ਵੀ ਬੜੇ ਅਵਸਰਾਂ ਉਤੇ ਅੰਗਰੇਜ਼ੀ ਬੋਲਣ ਦੀ ਲਾਲਸਾ ਹੋ ਜਾਂਦੀ ਹੈ। ਖਾਸ ਕਰਕੇ ਜਦੋਂ ਕੋਈ ਬਾਹਰਲੇ ਰਾਜ ਨੇਤਾ ਆਏ ਹੋਏ ਹੋਣ, ਜਿਹੜੇ ਆਪਣੀ ਭਾਸ਼ਾ ਵਿਚ ਹੀ ਬੋਲਦੇ ਹੁੰਦੇ ਸਨ।

ਜਦੋਂ ਪੰਡਿਤ ਨਹਿਰੂ ਦੇ ਸ਼ਾਸਨ ਕਾਲ ਵਿਚ ਹਿੰਦੀ-ਚੀਨੀ ਭਾਈ-ਭਾਈ ਦੀ ਗੱਲ ਬਹੁਤ ਚੱਲੀ ਹੋਈ ਸੀ, ਚੀਨ ਦਾ ਪ੍ਰਧਾਨ ਮੰਤਰੀ, ਚੂ ਇਨ ਲਾਈ, ਦਿੱਲੀ ਆਇਆ ਤਾਂ ਉਹ ਆਪਣੇ ਸਾਰੇ ਭਾਸ਼ਨ ਚੀਨ ਵਿਚ ਕਰਦਾ ਸੀ ਭਾਵੇਂ ਉਸਨੂੰ ਅੰਗਰੇਜ਼ੀ ਅਤੇ ਫਰਾਂਸੀਸੀ ਦੋਹਾਂ ਭਾਸ਼ਾਵਾਂ ਵਿਚ ਪ੍ਰਬੀਨਤਾ ਹਾਸਲ ਸੀ। ਇਸਦੇ ਉਲਟ ਸਾਡੇ ਪੰਡਿਤ ਨਹਿਰੂ ਵੀ ਕਈ ਵਾਰ ਅੰਗਰੇਜ਼ੀ ਬੋਲਣ ਦੀ ਲਾਲਸਾ ਨੂੰ ਤਿਆਗ ਨਹੀਂ ਸਨ ਸਕਦੇ ਜਿਵੇਂ ਹੁਣ ਉਨ੍ਹਾਂ ਦਾ ਦੋਹਤਰਾ ਸ੍ਰੀ ਰਾਜੀਵ ਗਾਂਧੀ ਨਹੀਂ ਤਿਆਗ ਸਕਦਾ।

ਇਹ ਪ੍ਰਕਿਰਿਆ ਪ੍ਰਧਾਨ ਮੰਤਰੀ ਦੇ ਮਨ ਵਿਚ ਭਾਰਤ ਦੇ ਸੰਘਵਾਦੀ ਸੰਗਠਨ ਬਾਰੇ ਨਿਸਚੇ ਹੀ ਕਚਿਆਈ ਦਾ ਇਕ ਪ੍ਰਮਾਣ ਹੈ। ਜਿਵੇਂ ਉਹ ਭਾਰਤ ਨੂੰ ਆਰਥਿਕ ਪੱਖ ਤੋਂ ਸੰਪੰਨ ਬਣਾਉਣ ਲਈ ਬਾਹਰਲੀ ਪੂੰਜੀ ਦੇ ਭਾਰਤ ਵਿਚ ਲੱਗਣ ਦੇ ਖਤਰੇ ਨੂੰ ਚੰਗੀ ਤਰ੍ਹਾਂ ਨਹੀਂ ਵੇਖਦਾ ਉਸੇ ਤਰ੍ਹਾਂ ਉਹ ਸੰਵਿਧਾਨਕ ਪੱਖ ਤੋਂ ਭਾਰਤ ਨੂੰ ਸਹੀ ਅਰਥਾਂ ਵਿਚ ਸੰਘਵਾਦੀ ਬਣਾਉਣ ਦੀ ਆਵਸ਼ਕਤਾ ਨੂੰ ਨਹੀਂ ਵੇਖ ਸਕਦਾ। ਸਗੋਂ ਉਸ ਨੇ ਕਈ ਵਾਰ ਕਿਹਾ ਹੈ ਕਿ ਲੋਕਾਂ ਨੂੰ ਕੋਈ ਅਜਿਹੀ ਨੀਤੀ ਧਾਰਨ ਜਾਂ ਪ੍ਰਵਾਨ ਨਹੀਂ ਕਰਨੀ ਚਾਹੀਦੀ ਜਿਹੜੀ ਦੇਸ਼ ਨੂੰ ਕਮਜ਼ੋਰ ਬਣਾ ਦੇਵੇ ਅਤੇ ਦੇਸ਼ ਤੋਂ ਭਾਵ ਉਸ ਦਾ ਕੇਂਦਰ ਸਰਕਾਰ ਹੁੰਦਾ ਹੈ। ਉਸਦੇ ਭਾਣੇ ਦੇਸ਼ ਤਦੇ ਸ਼ਕਤੀਸ਼ਾਲੀ ਹੋ ਸਕਦਾ ਹੈ ਜੇ ਕੇਂਦਰ ਸ਼ਕਤੀਸ਼ਾਲੀ ਹੋਵੇ। ਉਹ ਇਸ ਗੱਲ ਦੀ ਕਲਪਨਾ ਨਹੀਂ ਕਰ ਸਕਦਾ ਕਿ ਭਾਰਤ ਦੇ ਸਾਰੇ ਰਾਜ ਤਕੜੇ ਹੋ ਅਤੇ ਉਪਰ ਇਕ ਗੁਜ਼ਾਰਾ ਚਲਾਉਣ ਜੋਗਾ ਸੰਘਵਾਦੀ ਪ੍ਰਬੰਧ ਹੋਵੇ ਤਾਂ ਹੀ ਦੇਸ਼ ਸ਼ਕਤੀਸ਼ਾਲੀ ਬਣ ਸਕਦਾ ਹੈ ਸਗੋਂ ਸਹੀ ਅਰਥਾਂ ਵਿਚ ਪਹਿਲਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ। ਇਕ ਪਰਿਵਾਰ ਵਿਚ ਉਸਦੀ ਵਧੇਰੇ ਸ਼ਕਤੀ ਲਈ ਇਹ ਗੱਲ ਬਹੁਤੀ ਠੀਕ ਨਹੀਂ ਕਿ ਪਰਿਵਾਰ ਦੇ ਮੁੱਖੀ ਪਿਤਾ ਦੀ ਸ਼ਕਤੀ ਆਪਣੇ ਸਾਰੇ ਪੁੱਤਰਾਂ ਨਾਲੋਂ ਵਧੇਰੇ ਹੋਵੇ, ਸਗੋਂ ਵਧੇਰੇ ਸ਼ਕਤੀ ਕਿਸੇ ਪਰਿਵਾਰ ਵਿਚ ਤਦੇ ਆ ਸਕਦੀ ਹੈ ਜੇ ਉਸਦੇ ਪੁੱਤਰ ਪਿਤਾ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹੋਣ। ਇਕ ਸ਼ਕਤੀਸ਼ਾਲੀ ਪੰਜਾਬ, ਬੰਗਾਲ ਜਾਂ ਤਾਮਿਲਨਾਡੂ ਨੂੰ ਕੇਂਦਰ ਦੇ ਵਿਰੁੱਧ ਉਸ ਪ੍ਰਕਾਰ ਲਗਾਮ ਚੱਬਣ ਦੀ ਮਜਬੂਰੀ ਨਹੀਂ ਹੋਵੇਗੀ ਜਿਸ ਪ੍ਰਕਾਰ ਦੀ ਇਨ੍ਹਾਂ ਦੇ ਕਮਜ਼ੋਰ ਹੋਣ ਕਾਰਨ ਹੋ ਸਕਦੀ ਹੈ। ਇਹ ਕੇਂਦਰ ਦੀ ਸ਼ਕਤੀਸ਼ਾਲੀ ਪ੍ਰਧਾਨਤਾ ਨੂੰ ਕਿਸੇ ਕਮਜ਼ੋਰੀ ਨਾ ਉਨ੍ਹਾਂ ਦੇ ਹਿੱਤ ਵਿਚ ਹੋ ਸਕਦੀ ਹੈ ਅਤੇ ਨਾ ਕੇਂਦਰ ਦੇ।

ਸੱਚ ਪੁੱਛੋ ਤਾਂ ਪੰਜਾਬ ਵਿਚ ਝਗੜੇ ਦਾ ਮੁੱਖ ਕਾਰਨ ਹੀ ਇਹੋ ਹੈ ਕਿ ਕੇਂਦਰ ਪੰਜਾਬ ਪਾਸ ਵਧੇਰੇ ਸ਼ਕਤੀਆਂ ਹੋਣ ਵਿਰੁੱਧ ਸੰਦੇਹ ਗ੍ਰਸਿਤ ਹੋ ਜਾਂਦਾ ਹੈ। ਪਰ ਇਕ ਹੋਣਹਾਰ ਪੁੱਤਰ ਦੇ ਵਧੇਰੇ ਸ਼ਕਤੀਸ਼ਾਲੀ ਹੋ ਜਾਣ ਦੇ ਡਰ ਤੋਂ ਉਸਨੂੰ ਯੋਗ ਮਿਤੀ ਵਿਚ ਸ਼ਕਤੀਸ਼ਾਲੀ ਨਾ ਹੋਣ ਦੇਣਾ ਵੀ ਪਿਤਾ ਦੀ ਸਿਆਣਪ ਨਹੀਂ ਕਹਾ ਸਕਦੀ। ਇਸ ਸਿਲਸਿਲੇ ਦਾ ਇਕ ਪੱਖ ਭਾਸ਼ਾਈ ਹੈ। ਕੇਂਦਰ ਸਰਕਾਰ ਆਪਣੀ ਸ਼ਕਤੀ ਦੇ ਭਰਮ ਵਿਚ ਕਿਸੇ ਨਾ ਕਿਸੇ ਬਹਾਨੇ ਗੈਰ-ਹਿੰਦੀ ਭਾਸ਼ਾਈ ਰਾਜਾਂ ਉਤੇ ਹਿੰਦੀ ਠੋਸਣ ਦੇ ਯਤਨ ਕਰਦੀ ਰਹਿੰਦੀ ਹੈ। ਇਨ੍ਹਾਂ ਯਤਨਾਂ ਦਾ ਵਿਰੋਧ ਸਭ ਤੋਂ ਵਧੇਰੇ ਤਾਮਿਲਨਾਡੂ ਵਿਚ ਹੁੰਦਾ ਹੈ। ਅਸੀਂ ਹੁਣੇ ਜਿਹੇ ਦੇਖਿਆ ਹੈ ਕਿ ਤਾਮਿਲ ਨਾਡੂ ਵਿਚ ਕਰੁਣਾਨਿਧੀ ਅਤੇ ਉਸਦੀ ਦਰਾਵੜ ਮੁਨੇਤਰ ਕੜਗਮ ਪਾਰਟੀ ਦੇ ਕਈ ਹੋਰ ਆਗੂਆਂ ਨੇ ਉਥੇ ਹਿੰਦੀ ਵਿਚ ਛਪੇ ਸੰਵਿਧਾਨ ਪੱਤਰਾਂ ਨੂੰ ਸਾੜਿਆ ਜਿਵੇਂ ਕੁਝ ਸਮਾਂ ਪਹਿਲਾਂ ਪੰਜਾਬ ਦੇ ਆਗੂਆਂ, ਬਾਦਲ ਆਦਿ ਨੇ ਦਿੱਲੀ ਸੰਸਦ ਭਵਨ ਦੇ ਸਾਹਮਣੇ ਦੇਸ਼ ਦੇ ਸੰਵਿਧਾਨ ਦੀਆਂ ਪ੍ਰਤੀਆਂ ਨੂੰ ਸਾੜਿਆ ਸੀ।

### ਸੰਕਲਪ

ਅਜਿਹੀਆਂ ਘਟਨਾਵਾਂ ਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਕੇਂਦਰੀ ਨੇਤਾ ਅਤੇ ਕੁਝ ਹੱਦ ਤਕ ਪ੍ਰਾਦੇਸ਼ਕ ਨੇਤਾ ਵੀ ਇਹ ਨਹੀਂ ਸਮਝ ਸਕਦੇ ਕਿ ਸੰਘਵਾਦੀ ਰਾਜ ਬਣਨ ਦੇ ਵਿਵਹਾਰ ਲਈ ਕੇਵਲ ਇਕ ਬੋਲੀ ਦਾ ਚਲਾਇਆ ਜਾਣਾ ਜ਼ਰੂਰੀ ਨਹੀਂ। ਇਹ ਕਈਆਂ ਬੋਲੀਆਂ ਵਿਚ ਚਲ ਸਕਦਾ ਹੈ। ਜੇ ਕੇਂਦਰ ਸਰਕਾਰ ਇਸ ਪਾਸੇ ਧਿਆਨ ਦੇਵੇ ਤਾਂ ਸ਼ਾਇਦ ਦੱਖਣ ਦੇ ਚਾਰੇ ਰਾਜ ਤਾਮਿਲ ਨੂੰ ਕੇਂਦਰੀ ਭਾਸ਼ਾ ਪ੍ਰਵਾਨ ਕਰ ਲੈਣ। ਪੂਰਬ ਦੇ ਤਿੰਨ-ਚਾਰ ਬੰਗਾਲੀ ਨੂੰ ਜਦੋਂ ਕਿ ਉਤਰੀ ਰਾਜਾਂ ਵਿਚ ਹਿੰਦੀ ਸਭ ਥਾਂ ਪ੍ਰਵਾਨ ਹੋ ਸਕਦੀ ਹੈ। ਇਸੇ ਤਰ੍ਹਾਂ ਸਾਡੇ ਸੰਘਵਾਦੀ ਕੇਂਦਰ ਦੀਆਂ ਕਾਰ-ਵਿਹਾਰ ਦੀਆਂ ਭਾਸ਼ਾਵਾਂ ਤਿੰਨ ਹੋ ਸਕਦੀਆਂ ਹਨ ਅਤੇ ਕੇਂਦਰ ਸਰਕਾਰ ਨੂੰ ਆਪਣੇ ਕਾਰ-ਵਿਹਾਰ ਲਈ ਹਿੰਦੀ ਅਤੇ ਅੰਗਰੇਜ਼ੀ ਵਰਤਣ ਦੀ ਲੋੜ ਨਹੀਂ। ਲੋੜ ਸਿਰਫ ਇਹ ਹੈ ਕਿ ਅੰਗਰੇਜ਼ੀ ਨੂੰ ਹਟਾ ਦਿੱਤਾ ਜਾਵੇ ਅਤੇ ਉਸਦੀ ਥਾਂ ਤਾਮਿਲ ਅਤੇ ਬੰਗਾਲੀ ਲਿਆਂਦੀਆਂ ਜਾਣ। ਪਰ ਦੁੱਖ ਇਸ ਗੱਲ ਦਾ ਹੈ ਕਿ ਸਾਡੇ ਮਹਾਂ ਅਨੁਭਵੀ ਨੇਤਾ ਇਸ ਸੰਕਲਪ ਨੂੰ ਸਮਝ ਨਹੀਂ ਸਕਦੇ।

# ਵੈਨਕੂਵਰ ਸੱਥ ਦੇ ਡਰਾਮੇ

ਸੂਫੀ ਅਮਰਜੀਤ

8 ਮਾਰਚ ਨੂੰ ਵੈਨਕੂਵਰ ਸੱਥ ਵਲੋਂ ਇਕ ਸਭਿਆਚਾਰਕ ਪਰੋਗਰਾਮ, ਟੈਕਨੀਕਲ ਸਕੂਲ ਦੇ ਹਾਲ ਵਿਚ ਕੀਤਾ ਗਿਆ। ਇਸ ਵਿਚ ਬਲਵਿੰਦਰ ਰੋਡੇ, ਸੁਖਮਿੰਦਰ 'ਲਾਲੀ' ਨੇ ਗੀਤ ਵੀ ਗਾਏ। ਪ੍ਰੰਤੂ ਮੁਖ ਪਰੋਗਰਾਮਾਂ ਦੋ ਡਰਾਮੇ 'ਹਵੇਲੀਆਂ ਤੇ ਪਾਰਕਾਂ' ਅਤੇ 'ਕੀਹਦਾ ਵਿਆਹ' ਪੇ ਕਰਨਾ ਸੀ। ਇਹ ਦੋਵੇਂ ਡਰਾਮੇ ਸਾਧੂ ਅਤੇ ਸੁਖਵੰਤ ਹੁੰਦਲ ਦੇ ਲਿਖੇ ਹੋਏ ਸਨ। ਇਨ੍ਹਾਂ ਦੋਵਾਂ ਨੇ ਹੀ ਇਨ੍ਹਾਂ ਨੂੰ ਡਾਇਰੈਕਟ ਕੀਤਾ ਸੀ।

**ਡਰਾਮਿਆਂ ਦੇ ਵਿਸ਼ੇ:**—ਡਰਾਮਿਆਂ ਦੇ ਵਿਸ਼ੇ ਸਾਡੀ ਕੈਨੇਡਾ ਵਿਚ ਦੀ ਭਾਰਤੀ ਕਮਿਊਨਿਟੀ ਨਾਲ ਸਬੰਧਤ ਸਨ। 'ਹਵੇਲੀਆਂ ਤੇ ਪਾਰਕਾਂ' ਦਾ ਵਿਸ਼ਾ ਅਸਲ ਵਿਚ ਦੋਹਰਾ ਸੀ। ਇਸਦਾ ਇਕ ਪੱਖ ਜੋ ਕਿ ਉਭਰਵੇਂ ਰੂਪ ਵਿਚ ਦਿਖਾਇਆ ਗਿਆ, ਉਹ ਸੀ ਸਾਡੇ ਬਜ਼ੁਰਗਾਂ ਦਾ। ਜੋ ਆਏ ਤਾਂ ਏਥੇ ਆਪਣੇ ਪੁੱਤਾਂ-ਧੀਆਂ ਕੋਲ ਸੁੱਖ ਆਰਾਮ ਲਈ ਹੁੰਦੇ ਹਨ, ਪਰ ਉਨ੍ਹਾਂ ਨੂੰ ਆਪਣੀਆਂ ਨਿੱਜੀ ਲੋੜਾਂ ਦੇ ਖਰਚੇ ਲਈ ਪੈਸਿਆਂ ਦੀ ਲੋੜ ਹੁੰਦੀ ਹੈ ਜਿਸਨੂੰ ਉਨ੍ਹਾਂ ਦੇ ਧੀਆਂ ਤੇ ਪੁੱਤਰ ਪੂਰੀ ਨਹੀਂ ਕਰਦੇ, ਉਹ ਉਨ੍ਹਾਂ ਨੂੰ ਸਿਰਫ ਰੋਟੀ ਅਤੇ ਰਹਿਣ ਲਈ ਕਮਰਾ ਤਾਂ ਦੇ ਸਕਦੇ ਹਨ, ਪਰ ਸ਼ਰਾਬ ਆਦਿ ਨਹੀਂ ਦੇ ਸਕਦੇ। ਇਸ ਲਈ ਆਪਣੀ 'ਇਸ' ਲੋੜ ਨੂੰ ਪੂਰਿਅਕਰਨ ਪੂਰਿਆਂ ਕਰਨ ਲਈ ਉਨ੍ਹਾਂ ਨੂੰ ਸਾਰਾ ਸਾਰਾ ਦਿਨ ਘਰ ਘਰ ਇਸ਼ਤਿਹਾਰ ਸੁੱਟਣੇ ਪੈਂਦੇ ਹਨ, ਫਾਰਮਾਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਥਕੇਵਾਂ ਲਾਹੁਣ ਲਈ ਘੁੱਟ ਸ਼ਰਾਬ ਪੀਣੀ ਪੈਂਦੀ ਹੈ। ਪਰ ਉਹ ਇਹ ਸ਼ਰਾਬ ਪੀਣ ਤਾਂ ਕਿਥੇ ਬੈਠ ਕੇ ਪੀਣ ? ਜਿਥੇ ਉਹ ਆਪਣੀ ਮੌਜ ਵਿਚ ਦਿਲ ਖੋਹਲ ਕੇ ਗੱਲਾਂ ਵੀ ਕਰ ਸਕਣ। ਪ੍ਰੰਤੂ ਉਨ੍ਹਾਂ ਕੋਲ ਪੀਣ ਲਈ ਕੋਈ ਥਾਂ ਨਹੀਂ ਹੈ, ਇਸ ਲਈ ਉਹ ਪਾਰਕ ਵਿਚ ਬੈਠ ਕੇ ਸ਼ਰਾਬ ਪੀਂਦੇ ਹਨ। ਜਿਥੇ ਇਕ ਪੰਕ ਗੋਰਾ ਉਨ੍ਹਾਂ ਉਪਰ ਨਸਲੀ ਸ਼ਬਦਾਂ ਨਾਲ ਹਮਲਾ ਕਰਦਾ ਹੈ। ਜਿਥੇ ਉਨ੍ਹਾਂ ਦੇ ਸਵੈਮਾਨ ਨੂੰ ਸੱਟ ਵੱਜਦੀ ਹੈ, ਪਿਛੇ ਭਾਰਤ ਵਿਚ ਆਪਣਾ ਘਰ, ਪਿੰਡ, ਖੂਹ ਯਾਦ ਆਉਂਦੇ ਹਨ। ਫਿਰ ਇਕ ਸਿਪਾਹੀ ਉਨ੍ਹਾਂ ਨੂੰ ਪਬਲਿਕ ਪਲੇਸ ਉਪਰ ਸ਼ਰਾਬ ਪੀਣੋਂ ਰੋਕਦਾ ਹੈ। ਪਰ ਉਹ, ਸਿਪਾਹੀ ਦੇ ਚਲੇ ਜਾਣ ਉਪਰ ਫਿਰ ਆ ਜਾਂਦੇ ਹਨ। ਸਿਪਾਹੀ ਫਿਰ ਆਕੇ ਉਨ੍ਹਾਂ ਨੂੰ ਸਖਤੀ ਨਾਲ ਪਾਰਕ ਵਿਚੋਂ ਕੱਢ ਦਿੰਦਾ ਹੈ।

ਗੱਲਾਂਬਾਤਾਂ ਦੇ ਰਾਹੀਂ ਇਹ ਇਕ ਸਮੱਸਿਆ ਦੇ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ ਕਿ ਸਾਡੇ ਧਾਰਮਿਕ ਸਥਾਨਾਂ ਨੂੰ ਕਮਿਊਨਿਟੀ ਹਾਲਾਂ ਦੇ ਤੌਰ ਉਤੇ ਵਰਤਨ ਦੀ ਆਗਿਆ ਨਹੀਂ ਹੈ ਜਾਂ ਕਹੋ ਕਿ ਧਾਰਮਿਕ ਸਥਾਨ ਕਮਿਊਨਿਟੀ ਸੈਂਟਰ ਦੇ ਤੌਰ ਉਪਰ ਵਰਤੇ ਨਹੀਂ ਜਾ ਸਕਦੇ, ਇਸ ਲਈ ਇਕ ਕਮਿਊਨਿਟੀ ਸੈਂਟਰ ਦੀ ਲੋੜ ਹੈ। ਇਹ ਲੋੜ ਹੀ ਇਸ ਡਰਾਮੇ ਦਾ ਦੂਜਾ ਪੱਖ ਹੈ ਜੋ ਕਿ ਬਜ਼ੁਰਗਾਂ ਦੀ ਲੋੜ ਵਜੋਂ ਦਰਸਾਇਆ ਗਿਆ ਹੈ।

'ਕੀਹਦਾ ਵਿਆਹ' ਡਰਾਮੇ ਦਾ ਵਿਸ਼ਾ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਦੀ 'ਵਿਆਹ' ਸੰਬੰਧੀ ਸਮੱਸਿਆ ਨਾਲ ਸਬੰਧਿਤ ਹੈ। ਇਸ ਵਿਚ ਕੁੜੀ ਦੇ ਮਾਪੇ ਅਤੇ ਮੁੰਡੇ ਦੇ ਮਾਪੇ ਆਪਣੀ ਤੌਰ ਉਪਰ ਹੀ, ਕੁੜੀ ਅਤੇ ਮੁੰਡੇ ਦੀ ਮਰਜ਼ੀ ਤੋਂ ਬਿਨਾਂ, ਉਨ੍ਹਾਂ ਨੂੰ ਵਿਆਹ ਕਰਵਾਉਣ ਲਈ ਮਜ਼ਬੂਰ ਕਰਦੇ ਹਨ। ਕੁੜੀ ਅਤੇ ਮੁੰਡਾ ਕੈਨੇਡੀਅਨ ਮਾਹੌਲ ਵਿਚ ਪਲੇ ਹਨ, ਉਹ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾਉਣਾ ਚਾਹੁੰਦੇ ਹਨ ਅਤੇ ਕਰਵਾਉਣਾ ਵੀ ਛੇਤੀ ਨਹੀਂ ਚਾਹੁੰਦੇ।

ਦੋਵੇਂ ਪਰਵਾਰਾਂ ਨੂੰ ਇਕੱਠੇ ਕਰਨ ਲਈ ਝੂਠ ਮੂਠ ਦੇ ਪੜ੍ਹਲ ਬੰਨ੍ਹੇ ਜਾਂਦੇ ਹਨ। ਇਹ ਕੰਮ ਸਾਡੇ ਸਮਾਜ ਦਾ ਇਕ ਬੜਾ ਮਹੱਤਵਪੂਰਨ ਪਾਤਰ 'ਵਿਚੋਲਣ' ਆਪਣੇ ਵਿਸ਼ੇਸ਼ ਕਿਸਮ ਦੇ ਰੋਲ ਰਾਹੀਂ ਕਰਦੀ ਹੈ। ਜੋ ਵਿਆਹ ਉਪਰ ਕਈ ਤਰ੍ਹਾਂ ਦੇ ਫਜ਼ੂਲ ਖਰਚ 'ਮਿਲਣੀ' ਦੇ ਨਾਂ ਉਪਰ ਨਾਮ ਨਿਹਾਦ 'ਇੱਜ਼ਤ' ਦੇ ਨਾ ਉਪਰ ਕਰਨ ਲਈ ਮਜ਼ਬੂਰ ਕਰਦੀ ਹੈ। ਮੁੰਡੇ ਦੇ ਪਰਵਾਰ ਨੂੰ ਆਮ ਜਾਗੀਰੂ ਸਭਿਆਚਾਰ ਦੇ ਪ੍ਰਭਾਵ ਹੇਠ 'ਦਾਜ' ਨਾਲ ਘਰ ਭਰਨ ਦਾ ਚਾਹਵਾਨ ਦਿਖਾਇਆ ਜਾਂਦਾ ਹੈ।

ਇਥੇ ਜੰਮੇ-ਪਲੇ ਬੱਚਿਆਂ ਦੀ ਸ਼ਾਦੀ ਦਾ ਸਵਾਲ ਬੜਾ ਹੀ ਮਹੱਤਵਪੂਰਨ ਹੋ ਗਿਆ ਹੈ। ਡਰਾਮੇ ਰਾਹੀਂ ਇਸ ਸਵਾਲ ਨੂੰ ਬੜੇ ਸਚੱਜੇ ਢੰਗ ਨਾਲ ਉਭਾਰਿਆ ਗਿਆ ਹੈ।

**ਡਰਾਮੇ ਦੀ ਪੇਸ਼ਕਾਰੀ:**—ਡਰਾਮੇ ਦੀ ਪੇਸ਼ਕਾਰੀ ਹੀ ਡਰਾਮੇ ਦੀ ਸਫਲਤਾ ਦਿੰਦੀ ਹੈ। ਕਿਉਂਕਿ ਡਰਾਮਾ ਅਸਲ ਵਿਚ ਆਪਣੇ ਆਪ ਵਿਚ 'ਇਕੱਲਾ' ਹੀ ਨਹੀਂ ਹੈ ਸਗੋਂ ਇਹ 'ਕਈ' ਕਲਾਵਾਂ ਦਾ ਜੋੜ ਹੈ। ਇਹ ਸਾਰੀਆਂ ਕਲਾਵਾਂ ਪੇਸ਼ਕਾਰੀ ਵਿਚ ਪ੍ਰਗਟ ਹੁੰਦੀਆਂ ਹਨ। ਇਹ ਕਲਾਵਾਂ ਹਨ, ਸਟੇਜ ਦੀ ਸੈੱਟ ਅੱਪ, ਪਾਤਰਾਂ ਦੀ ਅਦਾਕਾਰੀ, ਬੋਲੀ ਭਾਵ ਵਾਰਤਾਲਾਪ, ਰੋਸ਼ਨੀ, ਸੰਗੀਤ, ਰੂਪ-ਰੰਗ ਅਤੇ ਆਵਾਜ਼। ਇਨ੍ਹਾ

ਬਾਕੀ ਸਫਾ ੨੪ ਤੇ




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

SUPER BUYS

Bus. 526-2781
Res. 524-4137
Pager 687-7711 #7610
325 - 12th St., New Westminster, B.C.



■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

ਪੰਨਾ ੨੭ ਦੀ ਬਾਕੀ

ਸਾਰਿਆਂ ਪੱਖਾਂ ਨੂੰ ਸੁਚੱਜੀ ਕਲਾ ਦੇ ਰੂਪ ਵਿਚ ਪੇਸ਼ ਕੀਤਿਆਂ ਸਮੁੱਚੀ ਪੇਸ਼ਕਾਰੀ ਹੋ ਨਿਬੜਦੀ ਹੈ ।

'ਹਵੇਲੀਆਂ ਤੇ ਪਾਰਕਾਂ'ਦੀ ਸਟੇਜ ਦੀ ਸੈੱਟ ਅੱਪ ਨੂੰ ਦੇਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਉਸਨੂੰ ਹੋਰ ਸੁਚੱਜਾ ਬਣਾ ਸਕਦੇ ਸੀ,ਘੱਟੋ ਘੱਟ ਗਮਲਿਆਂ ਵਿਚ ਲੱਗੇ ਬੂਟੇ ਇਸ ਤਰ੍ਹਾਂ ਰੱਖੇ ਜਾ ਸਕਦੇ ਸਨ ਕਿ ਸੱਚਮੁੱਚ ਹੀ ਪਾਰਕ ਲਗਦਾ। ਭਾਵੇਂ ਕਿ ਬੈਂਚ ਤੇ ਕੂੜੇ ਵਾਲੇ ਢੋਲ ਤੋਂ ਪਾਰਕ ਦਾ ਬੈਠਣ ਵਾਲਾ ਹਿਸਾ ਪੇਸ਼ ਹੁੰਦਾ ਹੈ,ਪ੍ਰੰਤੂ ਸਟੇਜ ਦੀ ਸੁੰਦਰਤਾ ਵਿੱਚ ਫੁੱਲਾਂ ਬੂਟਿਆਂ ਨਾਲ ਵਾਧਾ ਕੀਤਾ ਜਾ ਸਕਦਾ ਸੀ ।

ਇਸ ਡਰਾਮੇ ਦੇ ਪਾਤਰ ਬਿਲਕੁਲ ਜਾਨਦਾਰ ਸੀ,ਕਿਉਂਕਿ ਉਹ ਅਸਲੀ ਜੀਵਨ ਦੀ ਤਸਵੀਰ ਪੇਸ਼ ਕਰਦੇ ਸਨ। ਉਨ੍ਹਾਂ ਦਾ ਲਿਫਾਫੇ ਵਿਚ ਲਪੇਟੀ ਬੋਤਲ ਵਿੱਚੋਂ ਕੱਪ ਵਿੱਚ ਸ਼ਰਾਬ ਨਾ ਪੀਣਾ,ਜੇਬ ਵਿਚੋਂ ਹੈਂਬਰਗਰ ਕੱਢਣਾ,ਵਾਰੋ ਵਾਰੀ ਜੁੱਤੀਆਂ ਝਾੜਨਾ,ਜੁਰਾਬਾਂ ਝਾੜ ਕੇ ਪਾਉਣਾ,ਆਦਿ ਜਿਥੇ ਉਨ੍ਹਾਂ ਲਈ ਹਿਲ੍ਹਜੁੱਲ ਕਰਨ ਦਾ ਮੌਕਾ ਪੈਦਾ ਕਰਦੇ ਹਨ,ਉਥੇ ਇਹ ਭਾਰਤ ਵਿਚੋਂ ਆਉਣ ਉਪਰ ਪੱਛਮੀ ਸਭਿਅਤਾ ਵਿੱਚ ਰਹਿੰਦਿਆਂ ਪੰਜਾਬ ਦੇ ਪੇਂਡੂ ਮਾਹੌਲ ਦੀ ਪਰਦਰਸ਼ਨੀ ਵੀ ਵਧੀਆ ਹੋ ਜਾਂਦੀ ਹੈ,ਇਸ ਗੱਲ ਦਾ ਕੋਈ ਖਿਆਲ ਨਹੀਂ ਕਿ ਅਜਿਹੀਆਂ ਹਰਕਤਾਂ ਜਾਂ ਕੰਮ ਪਾਰਕ ਵਿੱਚ ਨਹੀਂ ਸਗੋਂ ਘਰ ਠੀਕ ਰਹਿੰਦੇ ਹਨ। ਵੈਸੇ ਸਮੁੱਚੇ ਤੌਰ ਉਪਰ ਇਹ ਸਾਰਾ ਕੁੱਝ ਬੈਂਚ ਦੁਆਲੇ ਹੀ ਘੁੰਮਦਾ ਹੈ। ਡਰਾਮੇ ਵਿਚ ਬਹੁਤ ਸਮਾਂ ਸਥਿਰਤਾ ਰਹਿੰਦੀ ਹੈ ਜੋ ਰੌਚਿਕਤਾ ਉਪਜਾਉਣ ਵਿਚ ਵਾਧਕ ਬਣ ਜਾਂਦੀ ਹੈ। ਗੋਰੇ ਪਾਤਰ ਦਾ ਪੰਕ ਦੇ ਰੂਪ ਵਿਚ ਅਤੇ ਪੁਲਸੀਏ ਦੇ ਰੂਪ ਵਿਚ ਤੇਜ਼ੀ ਨਾਲ ਆਉਣਾ ਆਪਣਾ ਪਾਰਟ ਅਦਾ ਕਰਕੇ,ਸਗੋਂ ਕਹਿਣਾ ਚਾਹੀਦਾ ਹੈ,ਬੜੀ ਬੇਵਕੂਫੀ ਨਾਲ ਅਦਾ ਕਰਕੇ ਚਲੇ ਜਾਣਾ,ਡਰਾਮੇ ਵਿਚ ਜਾਨ ਪਾ ਗਿਆ,ਕਿਉਂਕਿ ਇਹ ਵੀ ਇਕ ਸਚਾਈ ਨੂੰ ਰੂਪਮਾਨ ਕਰਨ ਵਾਲੀਆਂ ਘਟਨਾਵਾਂ ਸਨ। ਕਲੀ ਦਾ ਲਾਉਣਾ,ਢੋਲ ਵਿਚ ਬੂਟ ਝਾੜਨ ਉਠਣਾ,ਹੈਂਬਰਗਰ ਲੈਣ ਜਾਣਾ ਆਦਿ ਹਰਕਤਾਂ ਪੈਦਾ ਤਾਂ ਕਰਦੇ ਸਨ,ਪਰ ਉਹ ਇੰਨੀਆਂ ਉਭਰਵੀਆਂ ਨਹੀਂ ਸਨ,ਕਿ ਸਟੇਜ ਉਪਰ ਤਬਦੀਲੀ ਨੂੰ ਵਰਤਦਾ ਦਿਖਾ ਸਕਣ। ਕਲੀ ਲਾਉਣ ਦਾ ਐਕਸ਼ਨ-ਗੋਰੇ ਪੰਕ ਨਾਲ ਮਿਲਕੇ ਹੀ ਸਿਖਰ ਬਣਿਆ ਹੈ। ਸੂਬੇਦਾਰ ਦਾ ਸੰਖੇਪ ਪਰ ਭਾਵ ਪੂਰਤ ਰੋਲ ਬਹੁਤ ਹੀ ਸ਼ਾਨਦਾਰ ਸੀ। ਉਸਦਾ ਗੱਲ ਕਰਨ ਦਾ ਸੂਬੇਦਾਰੀ ਢੰਗ,ਉਸਦਾ ਛਤਰੀ ਨੂੰ ਘੁੰਮਾਉਣਾ,ਦਾੜ੍ਹੀ ਉਪਰ ਹੱਥ ਫੇਰਨਾ ਪਹਿਲਾਂ ਖਲੋ ਕੇ ਫਿਰ ਵਿਚ ਵਿਚਾਲੇ ਬੈਠ ਕੇ ਫੌਜੀ ਅੰਦਾਜ਼ ਵਿਚ ਹੁਕਮ ਦੀ ਤਾਮੀਲ ਅਤੇ ਕਾਨੂੰਨ ਦਾ ਪੱਖ ਲੈਂਦਿਆਂ,ਆਪਣੇ ਬੰਦਿਆਂ ਦੀ ਹਰਕਤ ਦੀ ਨੁਕਤਾਚੀਨੀ ਸੁਭਾ ਦੇ ਤੌਰ ਉਪਰ ਅਤੇ ਅਦਾਕਾਰੀ ਦੇ ਪੱਖੋਂ ਸ਼ਲਾਘਾਯੋਗ ਸੀ ।

ਬੋਲੀ ਅਤੇ ਵਾਰਤਾਲਾਪ ਦੇ ਪੱਖੋਂ ਇਹ ਡਰਾਮਾ ਆਪਣਾ ਮੰਤਵ ਜ਼ਾਹਰ ਕਰਨ ਵਿਚ ਸਫਲ ਹੈ,ਪ੍ਰੰਤੂ ਜਗਤ ਸਿੰਘ ਦੀ ਵਾਰਤਾਲਾਪ ਵਿੱਚ ਗਾਲ੍ਹਾਂ ਦੀ ਬਹੁਤਾਤ ਸੀ,ਜੋ ਕਿ ਬਹੁਤ ਰੜਕਦੀ ਸੀ,ਇੱਕ ਅੱਧੀ ਵਾਰ ਤਾਂ ਗਾਲ੍ਹ ਵਾਰਤਾਲਾਪ ਵਿੱਚ ਖਪ ਸਕਦੀ ਹੈ,ਪ੍ਰੰਤੂ ਜਿਵੇਂ ਗੋਰੇ ਨਾਲ ਚਾਲ .ਗੱਲ ਕਰਨ ਸਮੇਂ ਵੀ ਉਸਨੂੰ ਪੰਜਾਬੀ ਵਿੱਚ ਗਾਲ੍ਹਾਂ ਖਾਸ ਕਰਕੇ "ਭੈਣ ਦੇਣੇ ਦਾ"ਬਹੁਤ ਅਖਰਦੀ ਸੀ । ਉਂਝ ਵਾਰਤਾਲਾਪ ਦਾ ਉਸਦਾ ਅੰਦਾਜ਼ ਭਾਵਾਂ ਨੂੰ ਸਪਸ਼ਟ ਕਰਦਾ ਸੀ। ਖਾਸ ਕਰਕੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਉਪਰ ਕਿੜ੍ਹ ਬਹੁਤ ਹੀ ਭਾਵਪੂਰਤ ਸੀ ।

ਵਾਰਤਾਲਾਪ ਵਿਚ ਬਜ਼ੁਰਗਾਂ ਵਲੋਂ ਆਪਣੇ ਪੁੱਤਾਂ-ਨੂੰਹਾਂ ਦੀ ਨੁਕਤਾਚੀਨੀ ਜਾਂ ਕਹੋ ਚੁਗਲੀਆਂ ਵਰਗੀਆਂ ਗੱਲਾਂ ਕਰਨਾ ਵੀ ਆਮ ਹੈ । ਇਹ ਤੱਥ ਹਕੀਕਤ ਨੂੰ ਉਭਾਰਦੇ ਹਨ । ਬਜ਼ੁਰਗ ਆਪਣੀ ਇਹ ਮੁਸ਼ਕਲ ਸਿਰਫ ਆਪ ਦੇ ਸਾਥੀਆਂ ਵਿਚ ਹੀ ਦੱਸ ਸਕਦੇ ਹਨ। ਇਥੇ ਉਨ੍ਹਾਂ ਦੇ ਦੁੱਖਾਂ ਦਾ ਇਕ ਹੋਰ ਕਾਰਨ ਵੀ ਉਭਰਦਾ ਹੈ ਕਿ ਉਹ ਦੇਸ਼ ਹੁੰਦਿਆਂ ਇਕੱਲੇ ਘਰ ਦੇ ਮਾਲਕ,ਕਰਤਾਬਰਤਾ ਅਤੇ ਖੁਦ ਮੁਖਤਿਆਰ ਹੀ ਨਹੀਂ ਸਨ,ਸਗੋਂ ਉਨ੍ਹਾਂ ਨੂੰ ਇਹ ਵੀ ਮਾਣ ਸੀ ਕਿ ਉਨ੍ਹਾਂ ਦੀ ਸੰਤਾਨ ਕੈਨੇਡਾ ਵਿੱਚ ਹੈ,ਉਨ੍ਹਾਂ ਦੇ ਚਿਤਵੇ ਮੌਜਾਂ ਕਜਨ ਦੇ ਸੁਪਨੇ ਵੀ ਪਰਅਧੀਨ ਹੋਕੇ ਤਿੜਕ ਜਾਦੇ ਹਨ ।

**ਰੌਸ਼ਨੀ:**—ਇਸ ਡਰਾਮੇ ਵਿਚ ਰੌਸ਼ਨੀ ਦਾ ਪ੍ਰਬੰਧ ਠੀਕ ਰਿਹਾ ਹੈ,ਭਾਵੇਂ ਕਿ ਰੌਸ਼ਨੀਆਂ ਦਾ ਵੱਖੋ ਵੱਖ ਸੀਨਾਂ ਉਪਰ ਪਾਉਣ ਦਾ ਪ੍ਰਬੰਧ ਨਹੀਂ ਸੀ.ਪਰ ਇਹ ਇੰਨਾ ਰੜਕਦਾ ਵੀ ਨਹੀਂ ਸੀ,ਕੁਝ ਕੈਨੇਡਾ ਵਿੱਚ ਨਾਟਕ ਹਾਲੇ ਆਪਣੀ ਮੁਢਲੀ ਸਟੇਜ ਉਪਰ ਹੀ ਹੋ ਸਕਦਾ ਹੈ ਅਤੇ ਦਰਸ਼ਕਾਂ ਨੂੰ ਵੀ ਇੰਨਾ ਰੜਕਦਾ ਨਹੀਂ,ਬੇਸ਼ੱਕ ਰੌਸ਼ਨੀਆਂ ਦਾ ਪ੍ਰਬੰਧ ਮਹਿੰਗਾ ਹੈ ਅਤੇ ਇਸ ਲਈ ਵਿਸ਼ੇਸ਼ ਕਿਸਮ ਦੇ ਪ੍ਰਬੰਧ ਦੀ ਲੋੜ ਹੈ ।

ਸੰਗੀਤ ਦਾ ਸਮੁੱਚੇ ਡਰਾਮੇ ਵਿਚ ਹੀ ਅਭਾਵ ਹੈ। ਵੈਸੇ ਪਾਰਕ ਵਿਚ ਸੰਗੀਤ ਭਾਵੇਂ ਵੈਸੇ ਹੀ ਨਹੀਂ ਹੋ ਸਕਦਾ,ਪ੍ਰੰਤੂ ਪਿਛਵਾੜੇ ਵਿਚ ਕਿੱਤਾ ਪੁਰਾਣਾ ਪੰਜਾਬੀ ਸੰਗੀਤ,ਕਲੀਆਂ,ਢੱਡ ਸਾਰੰਗੀ,ਕਵੀਸ਼ਰੀ ਆਦਿ ਪੰਜਾਬ ਦੀ ਪਿੱਠਭੂਮੀ ਨੂੰ ਉਜਾਗਰ ਹੋਣ ਵਿਚ ਸਹਾਈ ਹੋ ਸਕਦਾ ਸੀ ਅਤੇ ਡਰਾਮੇ ਦਾ ਨਾਂ ਪਾਰਕਾਂ ਤੇ ਹਵੇਲੀਆਂ ਇਸ ਤਰ੍ਹਾਂ ਉਭਾਰਿਆ ਜਾ ਸਕਦਾ ਸੀ। ਉਂਝ ਪਿਛੇ ਦੇਸ਼ ਵਿਚ ਘਰ ਦੇ ਮਾਮੂਲੀ ਫਿਕਰ ਤੋਂ ਬਿਨਾਂ ਹਵੇਲੀਆਂ ਕਿਧਰੇ ਵੀ ਉਭਰਿਆ ਨਹੀਂ ।

ਪਾਤਰਾਂ ਦਾ ਅਤੇ ਸਟੇਜ ਦਾ ਰੂਪ ਰੰਗ ਪੱਖੋਂ ਪਰਦਰਸ਼ਨ ਡਰਾਮੇ ਦੀ ਸਮੁੱਚਤਾ ਦੇ ਅਨੁਕੂਲ ਸੀ । ਸਾਰੇ ਪਾਤਰਾਂ ਦਾ ਪਹਿਰਾਵਾ ਉਨ੍ਹਾਂ ਦੇ ਕੰਮ ਅਤੇ ਉਨ੍ਹਾਂ ਦੇ ਭਾਵਾਂ ਨਾਲ ਮੇਲ ਖਾਂਦਾ ਸੀ । ਤਿੰਨੇ ਬਜ਼ੁਰਗਾਂ ਦਾ,ਪੰਕ,ਪੁਲੀਸ ਮੈਨ ਅਤੇ ਸੂਬੇਦਾਰ ਦੇ ਪਹਿਰਾਵੇ ਬਿਲਕੁਲ ਢੁਕਵੇਂ ਸਨ .ਸਨ। ਦੋ ਬਜ਼ੁਰਗਾਂ ਦੇ ਪਗੜੀਆਂ ਅਤੇ ਇਕ ਦੇ ਟੋਪੀ,ਦਾੜ੍ਹੀਆਂ ਆਦਿ ਉਨ੍ਹਾਂ ਦੀਆਂ ਸਭਿਆਚਾਰਕ ਮਜ਼ਬੂਰੀਆਂ ਨੂੰ ਸਪਸ਼ਟ ਕਰਨ ਦੇ ਸਮਰੱਥ ਰਹੇ ।

ਡਰਾਮੇ ਦੇ ਆਰੰਭ ਵਿਚ ਆਵਾਜ਼ ਦੀ ਕੁਝ ਮੁਸ਼ਕਲ ਪੇਸ਼ ਆਈ ਸੀ,ਜੋ ਕਿ ਛੇਤੀ ਪੂਰੀ ਕਰ ਲਈ ਗਈ ।

ਲੋਕਾਂ ਨੇ ਵਾਰਤਾਲਾਪ ਦੇ ਦੌਰਾਨ ਕਈ ਥਾਵਾਂ ਉਪਰ ਤਾੜੀਆਂ ਮਾਰਕੇ,ਉਨ੍ਹਾਂ ਦੇ ਭਾਵਾਂ ਨੂੰ ਪਰਵਾਨਗੀ ਦਿੱਤੀ ।

**"ਕੀਹਦਾ ਵਿਆਹ:**—'ਕੀਹਦਾ ਵਿਆਹ'ਡਰਾਮਾ ਤਿੰਨ ਸੀਨਾਂ ਵਿਚ ਵੰਡਿਆ ਹੋਇਆ ਹੈ । ਤਿੰਨਾਂ ਹੀ ਸੀਨਾਂ ਵਿਚ ਸਟੇਜ ਵਿਚ ਕੋਈ ਬਦਲੀ ਨਹੀਂ ਆਉਂਦੀ । ਸਿਰਫ ਸੋਫੇ ਦੇ ਉਪਰਲੀ ਚਾਦਰ ਹੀ ਬਦਲੀ ਜਾਂਦੀ ਹੈ । ਇਕਾਂਗੀ ਵਿਚ ਤਾਂ ਸਟੇਜ ਉਵੇਂ ਰਹਿਣੀ ਹੀ ਹੁੰਦੀ ਹੈ,ਪਰ ਜਦੋਂ ਡਰਾਮੇ ਦੇ ਇਕ ਤੋਂ ਵੱਧ ਸੀਨ ਹੋਣ ਤਾਂ ਸਟੇਜ ਜ਼ਰੂਰ ਬਦਲੀ ਜਾਣੀ ਚਾਹੀਦੀ ਹੈ । ਭਾਵੇਂ ਇਹ ਸਭ ਕੁਝ ਬੱਬਲੀ ਦੇ ਮਾਪਿਆਂ ਦੇ ਘਰ ਹੀ ਵਾਪਰਦਾ ਹੈ,ਪਰ ਫੇਰ ਵੀ ਸਟੇਜ ਵਿਚ ਤਬਦੀਲੀ ਸੀਨ ਦਾ ਦੂਜੇ ਸੀਨ ਨਾਲੋਂ ਵਖਰੇਵਾਂ ਕਰਨ ਵਿਚ ਜ਼ਰੂਰੀ ਹੈ। ਜੇਕਰ ਬੱਬਲੀ ਦੇ ਮਾਪੇ ਕਹਿਣ ਨੂੰ ਹੀ ਅਮੀਰ ਨਾ ਹੁੰਦੇ ਸੱਚੀਂ ਹੀ ਅਮੀਰ ਹੁੰਦੇ ਵਿਖਾਏ ਜਾਂਦੇ ਤਾਂ ਵੱਖ ਫੈਮਿਲੀ ਰੂਮ ਦਿਖਾਇਆ ਜਾਂਦਾ,ਟੀ.ਵੀ.,ਸਟੀਰੀਓ,ਵੀ.ਡੀ.ਓ ਆਦਿ ਇਕ ਸੀਨ ਵਿਚ ਦਿਖਾਏ ਜਾ ਸਕਦੇ ਸੀ । ਦਰਸ਼ਕਾਂ ਦੀ ਯਾਦ ਵਿਚ ਤਿੰਨ ਸੀਨ ਵੱਖਰੇ ਵੱਖਰੇ ਨਜ਼ਰ ਨਾ ਆਕੇ ਸਗੋਂ ਇੱਕ ਹੀ ਲੰਮਾ ਸੀਨ ਬਣਕੇ ਰਹਿ ਜਾਂਦਾ ਹੈ ।

ਪਾਤਰਾਂ ਦੀ ਕਿਰਿਆਸ਼ੀਲਤਾ ਦੇ ਪੱਖੋਂ ਪਹਿਲੇ ਦੋਵੇਂ ਸੀਨ ਚੋਖੇ ਕਿਰਿਆਤਮਕ ਸਨ,ਬੱਬਲੀ ਦੀ ਮਾਂ ਦੀ ਵਿਚੋਲਣ ਨਾਲ ਗੱਲਬਾਤ ਅਤੇ ਵਿਚੋਲਣ ਦੀ ਰਾਜੂ ਦੀ ਮਾਂ ਨਾਲ ਗੱਲਬਾਤ ਅਤੇ ਰਾਜੂ ਦੀ ਆਪਣੇ ਡੈਡੀ ਨਾਲ ਗੱਲਬਾਤ ਜਿਥੇ ਉਨ੍ਹਾਂ ਨੂੰ ਕਿਰਿਆਸ਼ੀਲ ਕਰਦੇ ਹਨ,ਉਥੇ ਉਨ੍ਹਾਂ ਦੇ ਸੁਭਾਵਾਂ ਨੂੰ ਵੀ ਉਭਾਰਦੇ ਹਨ ਪਰ ਤੀਜੇ ਸੀਨ ਵਿਚ ਬੱਬਲੀ ਤੇ ਰਾਜੂ ਦੀ ਗੱਲਬਾਤ,ਦੂਰ ਦੂਰ ਬੈਠਿਆਂ ਅਤਿਅੰਤ ਭਾਵਪੂਰਤ ਹੁੰਦੀ ਹੋਈ ਵੀ ਕਿਰਿਆ ਹੀਨ ਸੀ । ਡਰਾਮੇ ਦੇ ਅੰਤ ਉਪਰ ਜਿਥੇ ਰਾਜੂ ਤੇ ਬੱਬਲੀ ਵਿਆਹ ਕਰਾਉਣ ਤੋਂ ਇਨਕਾਰ ਕਰਦੇ ਹਨ,ਉਥੇ ਉਨ੍ਹਾਂ ਦਾ ਖੜੇ ਹੋ ਕੇ ਗੱਲਾਂ ਕਰਨਾ ਅਤੇ ਨਛੱਤਰ ਕੌਰ,ਗੁਰਤੇਜ ਕੌਰ ਅਤੇ ਸਵਰਨ ਕੌਰ ਦੇ ਨਾਲ ਮਿਲ ਕੇ ਕਿਰਿਆਸ਼ੀਲ ਹੋ ਜਾਂਦਾ ਹੈ ਅਤੇ ਉਥੇ ਉਨ੍ਹਾਂ ਨਾਲ ਮਿਲਕੇ ਕਿਰਿਆਸ਼ੀਲਤਾ ਆ ਜਾਂਦੀ ਹੈ । ਕਿਰਿਆਸ਼ੀਲਤਾ ਦਾ ਦੂਜਾ ਰੂਪ ਅਦਾਕਾਰੀ ਹੁੰਦਾ ਹੈ। ਸੋ ਤਿੰਨੇ ਇਸਤਰੀਆਂ ਦੀ ਅਦਾਕਾਰੀ ਸੁੰਦਰ ਅਤੇ ਭਾਵਪੂਰਤ ਸੀ,ਜੋ ਉਨ੍ਹਾਂ ਦੇ ਵਿਸ਼ੇਸ਼ ਕਿਰਦਾਰ ਨੂੰ ਉਭਾਰਦੀ ਸੀ। ਪਰ ਬੱਬਲੀ ਅਤੇ ਰਾਜੂ ਦੀ ਅਦਾਕਾਰੀ ਸੁਸਤ ਅਤੇ ਸਥਿਰ ਸੀ,ਜਦੋਂ ਰਾਜੂ ਇੱਕ ਛਾਲ ਨਾਲ ਬੱਬਲੀ ਦੇ ਲਾਗੇ ਹੋ ਕੇ ਬੈਠ ਜਾਂਦਾ ਤਾਂ ਉਹ ਇੰਨਾ ਜਚਦਾ ਨਹੀਂ,ਉਹ ਖਲੋਕੇ ਗੱਲਾਂ ਕਰਨੀਆਂ ਸ਼ੁਰੂ ਕਰਕੇ,ਆਲੇ ਦੁਆਲੇ ਤਸਵੀਰਾਂ ਦੇਖਦਿਆਂ ਜਾਂ ਟੀ.ਵੀ.ਰੇਡੀਓ ਆਦਿ ਲਾਉਣ ਦਾ ਅਮਲ ਕਰਦਿਆਂ ਨੇੜੇ ਹੋਕੇ ਬੈਠ ਸਕਦਾ ਸੀ। ਜਦੋਂ ਕਿ ਡਰਾਮਾ ਇਨ੍ਹਾਂ ਦੋਹਾਂ ਰਾਹੀਂ ਹੀ ਆਪਣਾ ਸੁਨੇਹਾ ਦਿੰਦਾ ਹੈ । ਜਾਂ ਇਉਂ ਕਹਿ ਸਕਦੇ ਹਾਂ ਕਿ ਵਾਰਤਾਲਾਪ ਅਦਾਕਾਰੀ ਦੇ ਜਾਂ ਕਿਰਿਆਸ਼ੀਲਤਾ ਦੇ ਆਭਾਵ ਕਾਰਨ ਬੋਝਲ ਹੋ ਗਈ ।

ਬਾਕੀ ਸਫਾ ੫ ਤੇ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5






# ਇਹੋ ਜਿਹੀਆਂ ਫਿਲਮਾਂ ਹੁਣ ਕੌਣ ਬਣਾਇਆ ਕਰੇਗਾ ? —ਅਜੀਤ ਕੌਰ—

ਗਿਆਰਵੇਂ ਫਿਲਮੀ ਮੇਲੇ ਦੇ ਕੰਪੀਟੀਸ਼ਨ ਤੇ ਇਨਫਾਰਮੇਸ਼ਨ ਸੈਕਸ਼ਨ ਵਿੱਚ ਜਿਹੜੇ ਬਹੁਤ ਮਸ਼ਹੂਰ ਡਾਇਰੈਕਟਰਾਂ ਦੀਆਂ ਫਿਲਮਾਂ ਵਿਖਾਈਆਂ ਗਈਆਂ,ਉਹ ਹਨ ਪੋਲੈਂਡ ਦੇ ਡਾਇਰੈਕਟਰ ਜ਼ਾਨੂਸੀ,ਫਰਾਂਸ ਦੇ ਸ਼ੈਬਰਾਲ,ਰੂਸ ਵਿੱਚ ਜੰਮੇ ਤੇ ਮਗਰੋਂ ਅਮਰੀਕਾ ਵਿੱਚ ਜਾ ਵਸੇ ਆਂਦਰੇ ਕੋਂਚਲੋਸਵਕੀ,ਰੂਸ ਵਿਚ ਹੀ ਜੰਮੇ ਤੇ ਮਗਰੋਂ ਪੈਰਿਸ ਵਿਚ ਜਾ ਵਸੇ ਆਂਦਰੇ ਤਾਰਕੋਵਸਕੀ ਜਿਨ੍ਹਾਂ ਦਾ ਅੱਠ ਕੁ ਹਫਤੇ ਹੋਏ ਦਿਲ ਦਾ ਦੌਰਾ ਪੈਣ ਨਾਲ ਪੈਰਿਸ ਵਿੱਚ ਦਿਹਾਂਤ ਹੋ ਗਿਆ ਹੈ,ਫਰਾਂਸ ਦੇ ਰੋਮਨ ਪੋਲਾਂਸਕੀ,ਜਰਮਨੀ ਦੀ ਮਾਰਗਰੇਟਾ ਵਾਨ ਟਰੌਟਾ,ਬਰਾਜ਼ੀਲ ਦੇ ਵਾਲਟਰ ਲੀਮਾ ਜੂਨੀਅਰ,ਆਸਟਰੇਲੀਆ ਦੇ ਪਾਲ ਕੋਕਸ,ਏਥਨਜ਼ (ਗਰੀਸ)ਵਿਚ ਜੰਮੇ ਤੇ ਮਗਰੋਂ ਜਾਕੇ ਫਰਾਂਸ ਵਿੱਚ ਵਸ ਗਏ ਕੌਸਟਾ ਗਾਵ੍ਰਾਜ਼,ਚੈਕੋਸਲੋਵਾਕੀਆ ਦੇ ਸਟੀਫਨ ਉਹੇਰ ਅਤੇ ਯੀਰੀ ਮੈਂਜ਼ਲ,ਸਪੇਨ ਦੇ ਕਾਰਲੋ ਸੌਰਾ,ਕਿਊਬਾ ਦੇ ਹਿਊਮਾਬਰਟੋ ਸੋਲਾਜ਼,ਹੰਗਰੀ ਦੇ ਇਸਤਵਾਨ ਗਾਲ,ਜਾਪਾਨ ਦੇ ਮਾਸੀਹੀਰੋ ਸ਼ਿਨੋਡਾ,ਇੰਗਲੈਂਡ ਦੇ ਕੈਨਲੋਚ ਤੇ ਰੋਲਾਂਡ ਜਾਫ,ਅਮਰੀਕਾ ਦੇ ਰਿਚਰਡ ਐਟਿਨਬਰੋ,ਰੂਸ ਦੇ ਸਾਰਗੀ ਬੌਂਦਾਰੁਚਕ ਅਤੇ ਐਵਤਸ਼ੈਂਕੋ,ਤੇ ਇੰਗਲੈਂਡ ਦੇ ਜੇਮਜ਼ ਆਈਵਰੀ । ਇਨ੍ਹਾਂ ਦੀਆਂ ਫਿਲਮਾਂ ਤੋਂ ਇਲਾਵਾ ਜਿਨ੍ਹਾਂ ਦੋ ਡਾਇਰੈਕਟਰਾਂ ਦੀਆਂ ਫਿਲਮਾਂ ਮੈਨੂੰ ਬਹੁਤ ਚੰਗੀਆਂ ਲਗੀਆਂ,ਉਹ ਹਨ:ਯੂਗੋਸਲਾਵੀਆ ਦੀ ਵੈਸਨਾ ਲਿਊਬਚਿਕ,ਅਤੇ ਚੈਕੋਸਲੋਵਾਕੀਆ ਦੇ ਯੀਰੀ ਮੈਂਜ਼ੇਲ.

ਪਰ ਇਸ ਮੇਲੇ ਵਿਚ ਜਿਨ੍ਹਾਂ ਡਾਇਰੈਕਟਰਾਂ ਦੀ ਅਣਹੋਂਦ ਬਹੁਤ ਖਟਕ ਰਹੀ ਹੈ ਉਹ ਹਨ:ਇਟਲੀ ਦੇ ਫੈਲਿਨੀ ਜਿਨ੍ਹਾਂ ਦੀ ਫਿਲਮ 'ਜਿੰਜਰ ਐਂਡ ਫਰੈਡ'ਹੁਣੇ ਜਿਹੇ ਮਕਬੂਲ ਹੋਈ ਹੈ;ਅਮਰੀਕਾ ਦੇ ਵੂਡੀ ਐਲਨ ਜਿਨ੍ਹਾਂ ਨੇ ਹੁਣੇ 'ਹੰਨਾ ਐਂਡ ਹਰ ਸਿਸਟਰਜ਼'ਬਣਾਈ ਹੈ;ਗੋਦਾਰਦ ਤੇ ਇੰਗਮਰ ਬਰਗਮਨ ਜਿਨ੍ਹਾਂ ਦੀਆਂ ਫਿਲਮਾਂ ਨੂੰ ਦੂਨੀਆਂ ਦਾ ਹਰ ਫਿਲਮੀ ਮੇਲਾ ਆਪਣਾ ਫਖਰ ਸਮਝਦਾ ਹੈ;ਫਰਾਂਸ ਦੀ ਐਗਲਿਜ਼ ਵਾਰਦਾ ਜਿਸਦੀ ਫਿਲਮ 'ਵੈਗਾਬਾਂਡ'ਮੈਂ ਮਈ ਵਿਚ ਲੰਦਨ ਵਿਚ ਵੇਖੀ ਸੀ;ਤੇ ਐਲਨ ਰੂਡੋਲਫ ਦੀ ਫਿਲਮ 'ਟਰੱਬਲ ਇਨ ਮਾਈਂਡ'ਅਕੀਰਾ ਕੁਰੂਸਾਵਾ ਦੀ ਫਿਲਮ 'ਰਾਨ'ਵੀ ਮਈ ਦੇ ਮਹੀਨੇ ਲੰਦਨ ਵਿਚ ਤਬਾਹੀ ਮਚਾ ਰਹੀ ਸੀ;ਤੇ ਤਾਰਕੋਵਸਕੀ ਦੀ 'ਨਾਸਟੈਲਜੀਆ',ਤੇ ਲੂਈ ਬਿਊਨਿਊਈਲ ਦੀ ਫਿਲਮ 'ਦ ਆਬਸਕਿਓਰ ਆਬਜੈਕਟ ਆਫ ਡਿਜ਼ਾਇਰ'.

ਖੈਰ ਦੋਸਤੋ,ਇਨ੍ਹਾਂ ਫਿਲਮਾਂ ਦੇ ਨਾਂਅ ਆਪਣੀ ਪੱਕੀ ਡਾਇਰੀ ਵਿਚ ਨੋਟ ਕਰ ਰੱਖੋ । ਫਿਲਮੀ ਮੇਲੇ ਵਾਲਿਆਂ ਨੇ ਤਾਂ ਇਹ ਫਿਲਮਾਂ ਨਹੀਂ ਵਿਖਾਈਆਂ,ਪਰ ਜਦੋਂ ਵੀ,ਕਿਧਰੇ ਵੀ,ਤੁਹਾਨੂੰ ਇਹ ਫਿਲਮਾਂ ਵੇਖਣ ਦਾ ਮੌਕਾ ਮਿਲੇ,ਖੁੰਝਾਇਆ ਜੇ ਨਾਂਹ !

• • •

ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੋ ਫਿਲਮਾਂ ਦਾ ਜ਼ਿਕਰ ਕਰਨਾ ਚਾਹਵਾਂਗੀ ਜਿਨ੍ਹਾਂ ਨੂੰ ਫਿਲਮ ਕ੍ਰਿਟਿਕਾਂ ਨੇ ਬਹੁਤਾ ਨਹੀਂ ਗੌਲਿਆ,ਕਿਉਂਕਿ ਕਿਸੇ ਵੀ ਫਿਲਮ ਨੂੰ ਕ੍ਰਿਟਿਕਾਂ ਦਾ ਉਚੇਚਾ ਧਿਆਨ ਦਿਵਾਉਣ ਲਈ ਵੀ ਬਹੁਤ ਸਾਰੇ ਅਡੰਬਰ ਦੀ ਲੋੜ ਹੁੰਦੀ ਏ,ਜਿਹੜਾ ਸ਼ਾਇਦ ਇਨ੍ਹਾਂ ਫਿਲਮਾਂ ਦੇ ਡਾਇਰੈਕਟਰਾਂ ਨੇ,ਜਾਂ ਉਨ੍ਹਾਂ ਦੇ ਮੁਲਕਾਂ ਦੇ ਸਫਾਰਤ-ਖਾਨਿਆਂ ਨੇ ਏਥੇ ਨਹੀਂ ਸੀ ਕੀਤਾ ਹੋਇਆ ।

ਪਹਿਲੀ ਫਿਲਮ ਯੁਗੋਸਲਾਵੀਆ ਦੀ ਨੌਜਵਾਨ ਡਾਇਰੈਕਟਰ 'ਵੈਸਨਾ ਲਿਊਬਚਿਕ'ਦੀ 'ਦ ਲਾਸਟ ਪੁਆਇੰਟਸਮੈਨ ਆਫ ਦ ਨੈਰੋ ਗਾਜ਼'ਹੈ ।

ਵੈਸ਼ਨਾ ਅੰਗਰੇਜ਼ੀ ਵਿਚ ਗੱਲਬਾਤ ਨਹੀ ਕਰ ਸਕਦੀ । ਯੁਗੋਸਲਾਵੀਆ ਦੇ ਸਫਾਰਤਖਾਨੇ ਦੇ ਨੌਜਵਾਨ ਕਲਚਰਲ ਸੈਕਰੇਟਰੀ 'ਡਾਂਕੋ'ਦੀ ਰਾਹੀਂ ਵੈਸਨਾ ਨੇ ਦਸਿਆ ਕਿ ਇਹ ਉਹਦੀ ਦੂਜੀ ਫਿਲਮ ਹੈ,ਤੇ ਉਹ ਫਿਲਮਾਂ ਨਾਲ ਹੀ ਵਿਆਹੀ ਹੋਈ ਹੈ,ਉਹਦੀ ਪਹਿਲੀ ਫੀਚਰ ਫਿਲਮ 'ਦ ਸਪਾਈਟਫੁਲ ਡੈਲਟਾ'ਨੇ ਸਾਨ ਰੀਮੋ ਵਿਚ ਇਕ ਸਪੈਸ਼ਲ ਇਨਾਮ ਜਿੱਤਿਆ ਸੀ ।

ਵੈਸਨਾ ਦੀ ਇਹਦੂਜੀ ਫਿਲਮ ਛੋਟੀ ਲਾਈਨ 'ਤੇ ਚਲਦੀ ਇਕ ਛੋਟੀ ਰੇਲ ਗੱਡੀ ਦੇ ਨਿਕੇ ਜਿਹੇ ਸਟੇਸ਼ਨ ਦੀ ਕਹਾਣੀ ਹੈ । ਸਾਰਾ ਪਿੰਡ ਹੀ ਜਿਵੇਂ ਉਸ ਰੇਲ ਗੱਡੀ ਨਾਲ ਵਿਆਹਿਆ ਹੋਇਆ ਹੈ । ਰੇਲ ਗੱਲੀ ਉਸ ਪਿੰਡ ਦੀ ਰੂਹ ਹੈ । ਦਿਨ ਵਿਚ ਇਕ ਵਾਰੀ ਜਦੋਂ ਗੱਡੀ ਉਥੋਂ ਲੰਘਦੀ ਹੈ ਤਾਂ ਸਾਰਾ ਪਿੰਡ ਹੁੰਮ-ਹੁੰਮਾ ਕੇ ਬਾਰਾਤ ਵਾਂਗੂ ਉਹਦਾ ਸੁਆਗਤ ਕਰਨ ਲਈ ਸਟੇਸ਼ਨ 'ਤੇ ਆਣ ਇਕੱਠਾ ਹੁੰਦਾ ਹੈ । ਉਸ ਸਟੇਸ਼ਨ,ਤੇ ਉਸਤੋਂ ਲੰਘਣ ਵਾਲੀ ਰੇਲ ਦੇ ਦੁਆਲੇ ਹੀ ਪੂਰੇ ਪਿੰਡ ਦੇ ਲੋਕਾਂ ਦੀ ਜ਼ਿੰਦਗੀ ਘੁੰਮਦੀ ਹੈ ਤੇ ਗੱਡੀ ਵੀ ਇਹੋ ਜਿਹੀ,ਜਿਹੜੀ ਕਦੇ ਨਾ ਇਕ ਮਿੰਟ ਪਹਿਲੋਂ ਪਹੁੰਚਦੀ ਹੈ ਨਾ ਇਕ ਮਿੰਟ ਮਗਰੋਂ । ਹਮੇਸ਼ਾ ਵਕਤ ਸਿਰ,ਉਹਦੇ ਆਉਣ ਨਾਲ ਲੋਕ ਆਪਣੀਆਂ ਘੜੀਆਂ ਦਾ ਵਕਤ ਠੀਕ ਕਰਦੇ ਹਨ । ਸਟੇਸ਼ਨ 'ਤੇ ਕੰਮ ਕਰਨ ਵਾਲੇ ਲੋਕ ਜਿਵੇਂ ਉਸ ਸਲਤਨਤ ਦੇ ਬਾਦਸਾਹ ਹੋਣ,ਜਿਸ ਤਰ੍ਹਾਂ ਬਾਦਸ਼ਾਹਤ ਦਾ ਤਾਜ ਪਿਓ ਤੋਂ ਪੁੱਤਰ ਨੂੰ ਮਿਲਦਾ ਹੈ,ਇਸੇ ਤਰ੍ਹਾਂ ਗਾਰਡ ਦੀ ਤੇ ਸਵਿਚਮੈਨ ਦੀ ਟੋਪੀ ਪਿਓ ਤੋਂ ਪੁੱਤਰ ਨੂੰ ਮਿਲਦੀ ਹੈ ।

ਰਿਟਾਇਰਡ ਹੋਇਆ ਪਿਓ ਆਪਣੇ ਕੁੱਕੜ ਨੂੰ ਨਾਲ ਲੈ ਕੇ ਰੋਜ਼ ਗੱਡੀ ਦੇ ਆਉਣ ਵੇਲੇ ਸਐਸ਼ਨ 'ਤੇ ਪਹੁੰਚ ਜਾਂਦਾ ਹੈ,ਕਿਉਂਕਿ ਜ਼ਿੰਦਗੀ ਦੇ ਹਰ ਦਿਨ ਉਹ ਏਸੇ ਤਰ੍ਹਾਂ,ਏਸੇ ਵੇਲੇ ਸਟੇਸ਼ਨ 'ਤੇ ਪਹੁੰਚਦਾ ਰਿਹਾ ਹੈ । ਪਹਿਲੋਂ ਤਾਂ ਸਿਗਨਲ ਦੇਣ,ਕਾਂਟਾ ਬਦਲਣ ਤੇ ਝੰਡੀ ਵਿਖਾਉਣ ਲਈ ਆਇਆ ਕਰਦਾ ਸੀ,ਹੁਣ ਆਪਣੇ ਕੁੱਕੜ ਨੂੰ ਦਾਣਾ ਚੁਗਾਉਣ ਲਈ ਆਉਂਦਾ ਹੈ ।

ਸਟੇਸ਼ਨ 'ਤੇ ਕੰਮ ਕਰਨ ਵਾਲਿਆਂ ਦੇ ਬੱਚੇ ਉਨ੍ਹਾਂ ਦੇ ਰੋਟੀ ਦੇ ਡੱਬੇ ਲੈ ਕੇ ਆਉਂਦੇ ਹਨ । ਗੱਡੀ ਵਿਚ ਜ਼ਨਾਨੀਆਂ ਸਵਾਰੀਆਂ ਨਾਲ ਟਿਕਟ ਚੈੱਕਰਾਂ ਦੇ ਵਿਆਹ ਹੋ ਜਾਂਦੇ ਹਨ । ਬੈਂਡ ਵਾਲੇ ਰੋਜ਼ ਗੱਡੀ ਦੇ ਸਵਾਗਤ ਲਈ ਸਟੇਸ਼ਨ 'ਤੇ ਆ ਕੇ ਵਾਜਾ ਵਜਾਉਂਦੇ ਹਨ । ਜਿਸ ਕੁੜੀ ਦੇ ਦਾਦੇ ਨੇ ਉਹ ਸਟੇਸ਼ਨ ਬਣਵਾਇਆ ਸੀ,ਉਹ ਉਹਦੇ ਮੋਹ ਵਿਚ ਬੱਝੀ,ਕੱਲੀਕਾਰੀ,ਉਸੇ ਪਿੰਡ ਵਿਚ ਰਹੀ ਜਾ ਰਹੀ ਹੈ । ਇਕੱਲ ਏਨੀ ਭਿਆਨਕ,ਕਿ ਲੰਘਦੀ ਗੱਡੀ ਦੇ ਸਾਹਮਣੇ ਖੜੋ ਕੇ ਕਦੇ ਕਦੇ ਆਪਣੀ ਕੁੜਤੀ ਉਤਾਂਹ ਚੁੱਕ ਦਿੰਦੀ ਹੈ,ਜਿਵੇਂ ਕਹਿ ਰਹੀ ਹੋਵੇ,'ਤਕੋ,ਇਹ ਬੇਪਨਾਹ ਹੁਸਨ ਦਰਿਆਵਾਂ ਦੇ ਪਾਣੀ ਵਾਂਗੂੰ ਢਲੀ ਜਾ ਰਿਹਾ ਹੈ । ਤੱਕ ਲਵੋ ਤੁਸੀਂ ਇਸ ਗੱਡੀ ਵਿਚ ਸਵਾਰ ਯਾਤਰੀਓ,ਕਿਉਂਕਿ ਜਿਨ੍ਹਾਂ ਲਾਈਨਾਂ 'ਤੇ ਤੁਹਾਡੀ ਗੱਡੀ ਭੱਜੀ ਜਾ ਰਹੀ ਹੈ ਉਹ ਮੇਰੇ ਹੀ ਦਾਦੇ ਨੇ ਵਿਛਾਈਆਂ ਸਨ'।

ਚਾਣਚੱਕ ਪਤਾ ਲੱਗਦਾ ਹੈ ਕਿ ਸਰਕਾਰ ਨੇ ਉਹ ਛੋਟੀ ਰੇਲ ਬੰਦ ਕਰ ਦਿਤੀ ਹੈ,ਉਹ ਚਾਰ ਕੁ ਦਿਨ,ਤੇ ਫੇਰ ਰੇਲ ਆਉਣੀ ਬੰਦ ਹੋ ਜਾਵੇਗੀ।

ਕੋਈ ਸੋਗ ਜਿਹਾ ਸੋਗ ਹੈ ਜਿਹਦੇ ਵਿਚ ਸਾਰਾ ਪਿੰਡ ਡੁੱਬਦਾ ਜਾ ਰਿਹਾ !ਗੱਡੀ ਕਿਸ ਤਰ੍ਹਾਂ ਬੰਦ ਹੋ ਸਕਦੀ ਹੈ ? ਇਹ ਤਾਂ ਉਨ੍ਹਾਂ ਦੀ ਜ਼ਿੰਦਗੀ ਦੀ ਧੁਰੀ ਹੈ,ਉਨ੍ਹਾਂ ਦੇ ਦਿਲਾਂ ਦੀ ਧੜਕਣ ! ਉਹ ਕਿਸ ਤਰ੍ਹਾਂ ਬੰਦ ਹੋ ਸਕਦੀ ਹੈ ?

ਪਰ ਲੋਕ ਕੁਰਲਾਂਦੇ ਰਹੇ,ਤੇ ਗਡੀ ਬੰਦ ਹੋ ਗਈ,ਪਿੰਡ ਜਿਵੇਂ ਮੁਰਦਾ ਹੋ ਗਿਆ,ਰੇਲਵੇ ਦੇ ਲੋਕਾਂ ਦੀਆਂ ਟੋਪੀਆਂ ਦਾ ਕੋਈ ਮਹਿਣਾ ਨਹੀਂ ਰਹਿ ਗਿਆ,ਨੌਕਰੀਆਂ ਖਤਮ ਹੋ ਗਈਆਂ,ਆਹਰ ਖਤਮ ਹੋ ਗਏ,ਰੌਣਕ ਖਤਮ ਹੋ ਗਈ,ਰੇਲਵੇ ਲਾਈਨਾਂ ਬੇਬੱਸ ਜਿਹੀਆਂ ਮੁਰਦਾ,ਉਥੇ ਲੇਟੀਆਂ ਰਹਿ ਗਈਆਂ ਤੇ ਲੋਕ,ਲੁੱਟੇ-ਪੁੱਟੇ ਜਿਹੇ ਬੇਬਸ,ਰੋਜ਼ ਸਵੇਰੇ ਵਰਦੀਆਂ ਪਾ ਕੇ ਬਾਕਾਇਦਾ ਸਟੇਸ਼ਨ 'ਤੇ ਪਹੁੰਚ ਜਾਂਦੇ ਨੇ ਤੇ ਉਦਾਸ ਹੁੰਦੇ ਰਹਿੰਦੇ ਨੇ ।

ਆਮ ਲੋਕਾਂ ਨਾਲ ਜੁੜੀ ਹੋਈ ਇਹ ਇਕ ਬੇਹੱਦ ਹੱਸਾਸ ਫਿਲਮ ਹੈ,ਨਿਹਾਇਤ ਖੂਬਸੂਰਤੀ ਨਾਲ ਵੈਸਨਾ ਇਹ ਦੱਸਣ ਵਿਚ ਸਫਲ ਹੋਈ ਹੈ ਕਿ ਤਕਨੀਕੀ ਤਰੱਕੀ ਦਾ ਤਾਅਲੁਕ ਮਾਨੁੱਖੀ ਖੁਸ਼ੀ ਨਾਲ ਨਹੀਂ ਹੁੰਦਾ ।

• • •

ਦੂਜੀ ਫਿਲਮ ਹੈ ਚੈਕੋਸਲੋਵਾਕੀਆ ਦੇ 'ਯੀਰੀ ਮੈਂਜ਼ਿਲ'ਦਪ 'ਓਹ,ਮਾਈ ਲਿਟਲ ਵਿੱਲੇਜ'ਬੜੇ ਸਾਦ-ਮੁਰਾਦੇ ਲੋਕਾਂ ਦੀ ਸਾਦ-ਮੁਰਾਦੀ,ਮਾਸੂਮ ਜਿਹੀ ਫਿਲਮ ਹੈ ਇਹ ਕੋਈ ਉਚੇਚੀ ਕਲਾਬਾਜ਼ੀ ਨਹੀਂ,ਕੋਈ ਸ਼ੋਖੀ ਨਹੀਂ,ਤਕਨੀਕੀ ਜਾਦੂਗਰੀ ਨਹੀਂ,ਏਸੇ ਲਈ ਹੀ ਸ਼ਾਇਦ ਫਿਲਮੀ ਲੋਕਾਂ ਦਾ ਬਹੁਤਾ ਧਿਆਨ ਇਸ ਫਿਲਮ ਨੇ ਨਹੀਂ ਖਿੱਚਿਆ ।

ਪਰ ਚੈਕੋਸਲੋਵਾਕੀਆ ਦਾ ਇਹ ਪਿੰਡ ਬਿਲਕੁਲ ਆਪਣੇ ਪਿੰਡਾਂ ਵਰਗਾ ਹੀ ਏ ਤੇ ਲੋਕ ਵੀ ਬਿਲਕੁਲ ਆਪਣੇ ਮਾਸੂਮ ਜਿਹੇ ਪੇਂਡੂ ਲੋਕਾਂ ਵਰਗੇ,ਇਹੀ ਇਸ ਫਿਲਮ ਦੀ ਖੂਬਸੂਰਤੀ ਏ ਕਿ ਦੂਰ ਦਰਾਜ਼ ਦੇ ਇਸ ਪਿੰਡ ਦੀ ਕਹਾਣੀ ਬਿਲਕੁਲ ਅਜ਼ਨਬੀ ਨਹੀਂ ਲਗਦੀ । ਜੇ ਸਤਿਆਜੀਤ ਰੇਅ ਨੂੰ ਅਸੀਂ ਪਲਕਾਂ 'ਤੇ ਚੁੱਕੀ ਫਿਰਦੇ ਹਾਂ,ਤਾਂ ਉਸੇ ਨਾਤੇ ਯੀਰੀ ਮੈਂਜ਼ਿਲ ਨੂੰ ਵੀ ਪਲਕਾਂ 'ਤੇ ਚੁੱਕਣਾ ਪਵੇਗਾ ।

ਇਕ ਸਿੱਧ-ਪੱਧਰਾ ਜਿਹਾ ਪੇਂਡੂ ਮੁੰਡਾ ਹੈ,ਯਤੀਮ,ਲੰਮੀ ਢੀਂਗ ਕੰਨ,ਬੇੜੀਆਂ ਦੇ ਬਦਬਾਨਾਂ ਵਰਗੇ,ਮੂੰਹ ਹਮੇਸ਼ਾ ਖੁੱਲ੍ਹਾ ਰਹਿੰਦਾ ਹੈ,ਇਸੇ ਲਈ ਲੱਗਦਾ ਹੈ ਉਹ ਹਮੇਸ਼ਾ ਮੁਸਕਰਾ ਰਿਹਾ ਹੈ,ਭੋਲਾ,ਨਿਰਾ ਭੋਲਾ,ਤੇ ਅਲਸਮਤ,ਨਾਂਅ ਹੈ 'ਓਟਾ' ।

ਇਕ ਟਰੱਕ ਡਰਾਈਵਰ 'ਕਰੈਕੋਵਿਚ'(ਜਿਹੜਾ ਸਾਡੇ ਗੋਪ ਵਰਗਾ ਮੋਟਾ ਹੈ,ਪਰ ਆਪਣੇ ਕੰਮ ਵਿਚ ਬਹੁਤ ਹੁਸ਼ਿਆਰ)ਨਾਲ ਉਹ ਕਲੀਨਰੀ ਦਾ ਕੰਮ ਕਰਦਾ ਹੈ,ਕਦੇ ਆਪਣੀ ਰੌਂ ਵਿਚ ਹੋਵੇ,ਧਿਆਨ ਹੋਰ ਪਾਸੇ ਹੋ ਜਾਵੇ,ਮਸਲਨ ਕਿਸੇ ਸੋਹਣੀ ਤੀਵੀਂ ਵੱਲ,ਜਾਂ ਕਬੂਤਰਾਂ ਵਲ,ਜਾਂ ਬੱਤਖ ਵੱਲ,ਤਾਂ ਮੁਸੀਬਤ ਖੜੀ ਕਰ ਦਿੰਤਾ ਹੈ । ਕਰੈਕੋਵਿਚ ਲਈ,ਇਕ ਵਾਰੀ ਏਸੇ ਤਰ੍ਹਾਂ ਥੱਲੇ ਖੜੋ ਕੇ ਉਹ ਹੱਥ ਦੇਈ ਜਾ ਰਿਹਾ ਸੀ ਤੇ ਡਰਾਈਵਰ ਟਰੱਕ ਨੂੰ ਪਿਛਾਂਹ 'ਬੈਕ'ਕਰ ਰਿਹਾ ਸੀ,ਕਿ ਓਟਾ ਸਾਹਿਬ ਦਾ ਧਿਆਨ ਨਿੱਕਰ ਦੇ ਹੇਠੋਂ ਝਾਕਦਿਆਂ ਇਕ ਤੀਵੀਂ ਦੀਆਂ ਗੋਰੀਆਂ ਲੱਤਾਂ ਵੱਲ ਚਲਾ ਗਿਆ,ਬਸ,ਤੱਕੀ ਓਧਰ ਗਿਆ,ਤੇ ਹੱਥ ਡਰਾਈਵਰ ਨੂੰ ਦੇਈ ਗਿਆ,ਤਾਹੀਏਂ ਟਰੱਕ ਠਾਹ ਕਰਕੇ ਖੰਭੇ ਵਿਚ ਜਾ ਵੱਜਾ ।

ਹੁਣ ਉਸ ਡਰਾਈਵਰ ਨੂੰ ਪਿੰਡ ਦਾਹਰ ਬੰਦਾ ਪੁੱਛੇ,'ਬਈ ਕਿਦਾਂ ਫੇਰ ਖੰਭਾ ਈ ਟੁੱਟ ਗਿਆ ?'ਤੇ ਡਰਾਈਵਰ ਨੂੰ ਧਰਤੀ ਵਿਹਲ ਨਾ ਦੇਵੇ । ਕੈਂਟੀਨ ਵਿਚ ਵੀ ਓਹੀ ਸਵਾਲ,ਕੰਮ ਵਾਲੀ ਥਾਂ 'ਤੇ ਅਫਸਰ ਤੋਂ ਓਹੀ ਸਵਾਲ,ਮਾਤਹਿਤਾਂ ਤੋਂ ਓਹੀ ਸਵਾਲ,ਰਾਹ ਲੰਘਦੇ ਜਾਣੂੰਆਂ ਤੋਂ ਓਹੀ ਸਵਾਲ:'ਟਰੱਕ ਚਲਾਉਣਾ ਤਾਂ ਸੌਖਾ ਕੰਮ ਹੈ,ਪਰ ਬੈਕ ਕਰਨਾ ਮੁਸ਼ਕਲ ਨਹੀਂ ? ਖੰਭਾ...'

ਡਰਾਈਵਰ ਕਰੈਕੋਵਿਚ ਨੇ ਐਲਾਨ ਕਰ ਦਿਤਾ,ਉਹ ਓਟਾ ਨੂੰ ਆਪਣੇ ਨਾਲ ਨਹੀਂ ਰਖੇਗਾ । ਪਰ ਹੋਰ ਕੋਈ ਡਰਾਈਵਰ ਵੀ ਉਹਨੂੰ ਆਪਣੇ ਨਾਲ ਰੱਖਣ ਲਈ ਤਿਆਰ ਨਹੀਂ,ਹੋਰ ਕੋਈ ਕੰਮ ਓਟਾ ਨੂੰ ਆਉਂਦਾ ਹੀ ਨਹੀਂ ।

ਤਾਹੀਂਏ ਸ਼ਹਰਿ ਦੇ ਵੱਡੇ ਅਫਸਰ ਦੀ ਨਜ਼ਰ ਓਟਾ ਦੇ ਮਕਾਨ 'ਤੇ ਪਈ । ਕੱਲਾ ਕਾਰਾ ਹੀ ਰਹਿੰਦਾ ਸੀ । ਉਹ ਉਸ ਮਕਾਨ ਵਿਚ,ਸੋ ਅਫਸਰ ਨੇ ਸੋਚਿਆ ਕਿ ਜੇ ਓਟਾ ਨੂੰ ਸ਼ਹਿਰ ਵਿਚ ਨੌਕਰੀ ਦੇ ਦਿਆਂ,ਤੇ ਸ਼ਹਿਰ ਵਿਚ ਹੀ ਉਹਨੂੰ ਫਲੈਟ ਵੀ ਦੇ ਦਿਤਾ ਜਾਵੇ,ਤਾਂ ਉਹਦੇ ਪਿੰਡ ਵਾਲੇ

ਬਾਕੀ ਸਫਾ30ਤੇ


THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE




NIRMAL (NEIL) DHALIWAL

Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


## ਆਪਣਾ ਮੁੱਕੇਬਾਜ਼ ਹਾਰਦਾ ਦੇਖ ਕੇ 8 ਮਰ ਗਏ

ਜਕਾਰਤਾ —— ਟੀ.ਵੀ. ਕੌਮਾਂਤਰੀ ਮੁਕੇਬਾਜ਼ੀ ਪ੍ਰਸਾਰਨ ਦੌਰਾਨ ਵਿਚ ਇਕ ਮੈਚ ਵਿਚ ਇੰਡੋਨੇਸ਼ੀਆ ਦੇ ਇਕੋ ਇਕ ਵਿਸ਼ਵ ਚੈਂਪੀਅਨ ਨੂੰ ਹਾਰਦਾ ਦੇਖ ਕੇ ਲੱਗਭਗ ਅੱਠ ਵਿਅਕਤੀ ਅੱਲਾ ਨੂੰ ਪਿਆਰੇ ਹੋ ਗਏ । ਦੱਸਿਆ ਗਿਆ ਹੈ ਕਿ ਵਿਸ਼ਵ ਚੈਂਪੀਅਨ ਵਿਲੀਆਸ ਪੀਕਲ ਦੇ ਸੂਬੇ ਆਮਬੋਨੋਂ ਵਿਚ ਦੋ ਔਰਤਾਂ ਤੇ ਤਿੰਨ ਮਰਦਾਂ ਦੀ ਮੌਤ ਉਸ ਸਮੇਂ ਹੋਈ ਜਦੋਂ ਉਹ ਰਾਤ ਟੀ.ਵੀ.ਤੋਂ ਇਹ ਖੂਨੀ ਤੇ ਤਨਾਅ ਭਰੀ ਮੁੱਕੇਬਾਜ਼ੀ ਦੇਖ ਰਹੇ ਸਨ । 60 ਸਾਲ ਦੇ ਨੇੜੇ ਤੇੜੇ ਦੇ ਇਹਨਾਂ ਲੋਕਾਂ ਦੀ ਮੌਤ ਜਾਂ ਤਾਂ ਹਾਈ ਬੱਲਡ ਪ੍ਰੈਸ਼ਰ ਨਾਲ ਤੇ ਜਾਂ ਦਿਲ ਦੇ ਦੌਰੇ ਨਾਲ ਹੋਈ ।

ਪੰਨਾ੨੭ ਦੀ ਬਾਕੀ

ਮਕਾਨ ਨੂੰ ਅਸਾਨੀ ਨਾਲ ਹਥਿਆਇਆ ਜਾ ਸਕਦਾ ਏ। ਸੋ ਓਟਾ ਨੂੰ ਸ਼ਹਿਰ ਬੁਲਾਇਆਗਿਆ। ਨੌਕਰੀ,ਫਲੈਟ,ਸਭ ਹਾਜ਼ਰ ਓਟਾ ਸ਼ਹਿਰ ਦੀ ਚਕਾਚੌਂਧ ਵਿਚ ਚੁੰਧਿਆਇਆ ਫਿਰਨ ਲੱਗਾ। ਪਰ ਕੱਲੇ ਫਲੈਟ ਨੂੰ ਕੀ ਕਰੇ? ਫਲੱਸ਼,ਬਿਜਲੀ ਦਾ ਚੁੱਲ੍ਹਾ ਤੇ ਲਿਫਟਾਂ,ਉਹ ਤਾਂ ਸਭ ਠੀਕ ਸਨ,ਪਰ ਕਬੂਤਰ? ਕਬੂਤਰ ਕਿਥੇ ਸਨ? ਉਹਨੂੰ ਪਿੰਡ ਦੇ ਕਬੂਤਰ ਯਾਦ ਆਉਂਦੇ ਜਿਨ੍ਹਾਂ ਵਾਸਤੇ ਉਹਨੇ ਆਪਣੇ ਘਰ ਦੇ ਬਾਹਰ ਹੀ ਇਕ ਘਰ ਬਣਾਇਆ ਹੋਇਆ ਸੀ;ਤੇ ਉਹਦੀ ਜ਼ਿੰਦਗੀ ਦੇ ਸਭ ਤੋਂ ਸੁਹਾਣੇ ਖਿਣ ਉਹ ਹੁੰਦੇ ਸਨ ਜਦੋਂ ਕਬੂਤਰ ਉਸ ਦੀਆਂ ਤਲੀਆਂ 'ਚੋਂ ਦਾਣੇ ਚੁਗਦੇ,ਉਹਦੇ ਮੋਢੇ 'ਤੇ ਬਹਿ ਜਾਂਦੇ ਸਨ।

ਤੇ ਸ਼ਹਿਰ ਵਿਚ ਗੱਲ ਕਰਨ ਵਾਲਾ ਵੀ ਤੇ ਕੋਈ ਨਹੀਂ ਸੀ।

ਓਧਰ ਉਹਦੇ ਪਿੰਡ ਵਾਲੇ ਘਰ ਨੂੰ 'ਮਾਡਰਨ'ਬਨਾਉਣ ਲਈ ਉਹਦਾ ਅਫਸਰ ਤੇ ਉਹਦੇ ਚਮਚੇ ਪਿੰਡੇ ਦੇ ਗੇੜੇ ਕੱਢ ਰਹੇ ਸਨ।

ਪਿੰਡ ਵਿਚ ਇਕ ਡਾਕਟਰ ਵੀ ਸੀ,ਬੁੱਢਾ,ਇਕੱਲਾ,ਪਰ ਬੇਹੱਦ ਖੁਸ਼ ਤਬੀਅਤ,ਖਰਾ ਬੰਦਾ,ਪਿੰਡ ਦੇ ਲੋਕਾਂ ਦਾ ਦੋਸਤ,ਉਹਦੀ ਮੋਟਰ ਦੇ ਐਕਸੀਡੈਂਟ ਹੁੰਦੇ ਰਹਿੰਦੇ। ਉਹ ਸੀ ਹੀ ਇਸ ਤਰ੍ਹਾਂ ਦਾ,ਮੋਟਰ ਚਲਾਉਂਦੇ ਆਸ ਪਾਸ ਦੇ ਖੁੱਲ੍ਹੇ ਖੇਤਾਂ ਵਿਚ ਅਸਮਾਨ ਦੀ ਅਸੀਮ ਨੀਲੱਤਣ ਵਿਚ ਗੁਆਚ ਜਾਂਦਾ ਤੇ ਮੋਟਰ ਮਟਰ-ਗਸ਼ਤੀ ਕਰਨ ਲਗਦੀ ਪਰ ਹਾਦਸੇ ਨੂੰ ਉਹ ਮਜ਼ਾਕ ਵਿਚ ਟਾਲ ਦਿੰਦਾ।

ਓਟਾ ਸ਼ਹਿਰ ਚਲਾ ਗਿਆ ਤਾਂ ਉਹਦੇ ਘਰ ਨੂੰ ਬੇਘਰ ਹੁੰਦਿਆਂ ਵੇਖ ਕੇ ਪਿੰਡ ਵਾਲੇ ਆਪਣੇ ਆਪ ਨੂੰ ਮੁਜਰਮ ਮਹਿਸੂਸ ਕਰਨ ਲੱਗੇ। ਕਿਹੋ ਜਿਹੇ ਸਿੱਧੇ-ਸਾਧੇ,ਮਾਸੂਮ ਤੇ ਸੰਤ ਜਿਹੇ ਬੰਦੇ ਨੂੰ ਉਨ੍ਹਾਂ ਨੇ ਆਪਣੀ ਬੇਰੁੱਖੀ ਨਾਲ ਸ਼ਹਿਰ ਜਾਣ ਦਿਤਾ! ਸਭ ਤੋਂ ਵੱਧ ਓਹੀ ਡਰਾਈਵਰ ਕਰੈਕੋਵਿਚ ਉਦਾਸ ਰਹਿਣ ਲੱਗਾ। ਉਹਨੂੰ ਲੱਗਾ,ਓਟਾ ਦੀ ਬੇਘਰੀ ਤੇ 'ਦੇਸ਼-ਨਿਕਾਲੇ' ਦਾ ਜ਼ਿੰਮੇਵਾਰ ਓਹੀ ਸੀ।

ਸੋ ਇਕ ਦਿਨ ਉਹ ਸ਼ਹਿਰ ਜਾ ਕੇ,ਓਟਾ ਨੂੰ ਲੱਭ ਕੇ ਵਾਪਸ ਪਿੰਡ ਲੈ ਆਇਆ।

ਅਖੀਰਲੇ ਸੀਨ ਵਿਚ ਦੋਵੇਂ ਆਪਣੀਆਂ ਰੋਟੀਆਂ ਦੇ ਡੱਬੇ ਲਮਕਾਈ,ਤੇ ਪੈਰਾਂ ਵਿਚ ਨਾਚ ਦੀ ਮਸਤੀ ਭਰੀ,ਟਰੱਕ ਵਲ ਜਾਂਦੇ ਨਜ਼ਰ ਆਉਂਦੇ ਹਨ।

* * *

ਤੇ ਹੁਣ ਕੁਝ ਮੰਨੇ ਪਰਮੰਨੇ ਤੇ ਦੁਨੀਆਂ ਭਰ ਵਿਚ ਸਨਮਾਨੇ ਡਾਇਰੈਕਟਰ੍ਹਾਂ ਦੀਆਂ ਫਿਲਮਾਂ ਬਾਰੇ।

ਸਵੀਡਨ ਦੀ ਫਿਲਮ 'ਸੈਕਰੀਫਾਈਸ'ਦੇ ਡਾਇਰੈਕਟਰ ਆਂਦਰੇ ਤਾਰਕੋਵਸਕੀ ਦਾ ਜਨਮ ਰੂਸ ਵਿਚ 1932 ਵਿਚ ਹੋਇਆ। ਉਨ੍ਹਾਂ ਦੇ ਪਿਤਾ ਆਰੇਸਨਾਈ ਤਾਰਕੋਵਸਕੀ ਬੜੇ ਜਾਣੇ ਮੰਨੇ ਕਵੀ ਸਨ ਆਂਦਰੇ ਨਿੱਕਾ ਜਿਹਾ ਹੀ ਸੀ ਜਦੋਂ ਉਹਦੇ ਪਿਤਾ ਤੇ ਮਾਂ ਦਾ ਤਲਾਕ ਹੋ ਗਿਆ ਪਰ ਆਂਦਰੇ ਨੂੰ ਦੋਵੇਂ ਹੀ ਪਿਆਰ ਕਰਦੇ ਰਹੇ,ਪਾਲਿਆ ਮਾਂ ਨੇ ਹੀ।

ਆਂਦਰੇ ਨੇ ਪਹਿਲੋਂ ਸੰਗੀਤ,ਚਿੱਤਰਕਾਰੀ,ਬੁੱਤਤਰਾਸ਼ੀ,ਤੇ ਅਰਬੀ ਦੀਤਾਲੀਮ ਹਾਸਲ ਕੀਤੀ। ਮਗਰੋਂ ਉਨ੍ਹਾਂ ਨੇ ਮਾਸਕੋ ਦੇ ਫਿਲਮ ਸਕੂਲ ਵਿਚ ਦਾਖਲਾ ਲੈ ਲਿਆ।

ਆਂਦਰੇ ਨੇ ਫਿਲਮਾਂ ਦੇ ਨਾਲ ਨਾਲ ਰੰਗ-ਮੰਚ 'ਤੇ ਵੀ ਹਮੇਸ਼ਾ ਕੰਮ ਕੀਤਾ ਹੈ।

ਮਗਰੋਂ ਉਹ ਇਟਲੀ ਜਾ ਵਸੇ। 28 ਦਸੰਬਰ 1986 ਨੂੰ ਦਿਲ ਦਾ ਦੌਰਾ ਪਿਆ,ਤੇ ਉਹ ਆਪਣੇ ਫਿਲਮ ਪਰਸ਼ੰਸ਼ਕਾਂ ਨੂੰ ਸਦਾ ਲਈ ਵਿਛੋੜਾ ਦੇ ਗਏ।

ਉਨ੍ਹਾਂ ਦੀਆਂ ਫਿਲਮਾਂ ਵਿਚੋਂ,ਜਿਹੜੀਆਂ ਬਹੁਤ ਮਸ਼ਹੂਰ ਹੋਈਆਂ,ਉਹ ਸਨ 'ਇਵਾਨਜ਼ ਚਾਈਲਡ', 'ਸੋਲਾਰਿਸ', 'ਦੋ ਸਟਾਕਰ',ਤੇ 'ਨੌਸਟੈਲਜੀਆ'।

ਹੁਣ ਦੀ ਫਿਲਮ 'ਸੈਕਰੀਫਾਈਸ' (ਜਿਹੜੀ ਉਨ੍ਹਾਂ ਨੇ1986 ਵਿਚ ਹੀ ਮੁਕੰਮਲ ਕੀਤੀ ਸੀ) ਵਿਚ ਤਾਰਕੋਵਸਕੀ ਛੁਹਾਂ ਆਪਣੀ ਪੂਰੀ ਪਿਘਲੀ ਹੋਈ ਕਵਿਤਾ ਦੇ ਸਮੇਤ ਮੌਜੂਦ ਨੇ,ਭਾਵੇਂ ਇਸ ਫਿਲਮ ਵਿਚ ਪਹਿਲੀਆਂ ਫਿਲਮਾਂ ਵਰਗਾ ਪਰਾਭੌਤਿਕ ਵਿਸ਼ਲੇਸ਼ਣ ਨਹੀਂ। ਏਸੇ ਕਰਕੇ ਉਨ੍ਹਾਂ ਦੀ ਇਹ ਫਿਲਮ ਸਹਿਜੇ ਹੀ ਦਰਸ਼ਕ ਦੀ ਪਕੜ ਵਿਚ ਆ ਜਾਂਦੀ ਹੈ। ਪਹਿਲੀਆਂ ਫਿਲਮਾਂ ਵੇਲੇ ਉਹਨੂੰ ਆਪਣੀ ਸਾਰੀ ਬੁੱਧੀਜੀਵੀ ਅਕਲ ਦਾ ਇਸਤੇਮਾਲ ਕਰਨਾ ਪੈਂਦਾ ਸੀ।

ਤਾਰਕੋਵਸਕੀ ਨੂੰ 'ਫਿਲਮਾਂ ਦਾ ਕਵੀ'ਜਾਂ 'ਕਵੀ ਫਿਲਮਕਾਰ'ਕਿਹਾ ਜਾਂਦਾ ਹੈ। ਇਹ ਸ਼ਾਇਦ ਇਸ ਲਈ ਕਿਉਂਕਿ ਉਹ ਘਰਾਂ ਦੇ ਅੰਦਰ ਇਹੋ ਜਿਹਾ ਮਾਹੌਲ ਪੈਦਾ ਕਰਦੇ ਹਨ,ਮਨਾਂ ਦੇ ਲੈਂਡਸਕੇਪ ਦਾ ਇਹੋ ਜਿਹਾ ਚਿਤਰ ਕਰਦੇ ਹਨ ਕਿ ਹਰ ਛੋਟੀ ਜਿਹੀ ਗੱਲ ਤੇ ਹਰ ਫਰੇਮ ਕਵਿਤਾ ਕਹਿਦ ਲਗਦਾ ਹੈ। ਤਾਰਕੋਵਸਕੀ ਮਨਾਂ ਦਾ ਲੈਂਡਸਕੇਪ ਚਿਤਰਣ ਵਾਲਾ ਬੇਹੱਦ ਹੱਸਾਸ ਚਿਤੇਰਾ ਹੈ,ਤੇ ਹਰ ਸ਼ਾਟ ਵਿਚ ਉਨ੍ਹਾਂ ਦੀ 'ਇਮੇਜਰੀ'ਕਮਾਲ ਨੂੰ ਛੂੰਹਦੀ ਹੈ।

ਤਾਰਕੋਵਸਕੀ ਨੇ ਖੁਦ ਆਪਣੀਆਂ ਫਿਲਮਾਂ ਬਾਰੇ ਕਿਹਾ ਸੀ ਕਿ ਉਹ ਤਾਂ ਸਮੇਂ ਦੀ ਬੁੱਤ-ਤਰਾਸ਼ੀ ਕਰਦਾ ਹੈ,ਆਪਣੀਆਂ ਯਾਦਾਂ ਦੀ ਕਿਤਾਬ ਦਾ ਨਾਂ ਵੀ ਉਨ੍ਹਾਂ ਨੇ ,ਸਕਲਪਟਿੰਗ-ਇਨ-ਟਾਈਮ'ਹੀ ਰੱਖਿਆ ਹੈ।

ਫਿਲਮ ਦਾ ਪਹਿਲਾ ਸ਼ਾਟ ਤੁਹਾਨੂੰ ਇਕ ਉਜਾੜ ਥਾਂ 'ਤੇ ਲੈ ਜਾਂਦਾ ਹੈ,ਪਾਣੀ,ਤੇ ਖਾਲੀ ਸਪੇਸ,ਪਿਛੋਕੜ ਵਿਚ ਇਕ ਛੋਟਾ ਜਿਹਾ ਘਰ,ਫਿਲਮ ਦਾ ਮੁੱਖ ਪਾਤਰ ਅਲੈਂਗਜ਼ੈਂਡਰ,ਜਿਹੜਾ ਥੀਏਟਰ ਨਾਲ ਸੰਬੰਧਤ ਰਿਹਾ ਹੈ,ਹੁਣ ਵੈਰਾਗੀ ਜਿਹਾ ਹੋ ਕੇ ਉਜਾੜ ਬੀਆਬਾਨ ਵਿਚ ਘਰ ਬਣਾ ਕੇ ਰਹਿ ਰਿਹਾ ਹੈ,ਆਪਣੇ ਛੋਟੇ ਬੇਟੇ,ਜਿਸਨੂੰ ਉਹ 'ਨਿੱਕਾ ਆਦਮੀ'ਕਹਿੰਦਾ ਹੈ,ਨਾਲ ਰਲ ਕੇ ਇਕ ਵੱਡਾ ਸਾਰਾ ਪਰ ਨਿਪੱਤਰਾ ਤੇ ਮਰਿਆ ਹੋਇਆ ਚੀਲ੍ਹ ਦਾ ਰੁੱਖ ਸਮੁੰਦਰ ਦੇ ਕੰਢੇ ਜ਼ਮੀਨ ਵਿਚ ਗੱਡ ਰਿਹਾ ਹੈ,ਪੁੱਤਰ ਗੁੰਗਾ ਹੈ,ਬੋਲਦਾ ਨਹੀਂ,ਉਹ ਉਹਨੂੰ ਸਮਝਾਉਂਦਾ ਹੈ ਕਿ ਜੇ ਮਰੇ ਹੋਏ ਰੁੱਖ ਨੂੰ ਵੀ ਪੂਰੇ ਸਿਦਕ ਤੇ ਭਰੋਸੇ ਨਾਲ ਰੋਜ਼ ਪਾਣੀ ਦੇਂਦੇ ਰਹਵੋ ਤੇ ਉਹਨੂੰ ਪਿਆਰ ਕਰਦੇ ਰਹਵੋ,ਤਾਂ ਉਹ ਤਿੰਨਾਂ ਚੌਂਹ ਵਰ੍ਹਿਆਂ ਵਿਚ ਮੁੜ ਕੇ ਜੀਉ ਉਠਦਾ ਹੈ,ਹਰਾ ਹੋ ਜਾਂਦਾ ਹੈ।

ਘਰ ਵਿਚ ਅਲੈਂਗਜ਼ੈਂਡਰ ਦੀ ਪਤਨੀ ਹੈ,ਉਹਦੀ ਧੀ ਤੇ ਧੀ ਦਾ ਦੋਸਤ ਹਨ,ਤੇ ਇੱਕ ਨੌਕਰਾਣੀ ਹੈ—ਮਾਰੀਆ,ਬਾਹਰੋਂ ਸਿਰਫ ਇਕ ਬੰਦਾ ਆਉਂਦਾ ਹੈ,ਡਾਕੀਆ। ਡਾਕੀਆ ਉਹਦੇ ਲਈ ਇਕ ਬਹੁਤ ਪੁਰਾਣਾ ਨਕਸ਼ਾ ਲਿਆਉਂਦਾ ਹੈ,ਤੋਹਫੇ ਵਜੋਂ,ਕਿਉਂਕਿ ਅਲੈਗਜ਼ੈਂਡਰ ਦਾ ਜਨਮ ਦਿਨ ਹੈ।

"ਤੂੰ ਏਨਾ ਪੁਰਾਣਾ ਤੇ ਏਨਾ ਕੀਮਤੀ ਨਕਸ਼ਾ ਮੇਰੇ ਲਈ ਕਿਉਂ ਲੈ ਆਇਆ ਏਂ?"

ਇਸ ਲਈ,ਕਿ ਆਪਣੀ ਸਭ ਤੋਂ ਪਿਆਰੀ ਚੀਜ਼ ਦਾ ਬਲੀਦਾਨ ਉਹਦੇ ਲਈ ਕਰੀਦਾ ਹੈ ਜਿਸਨੂੰ ਤੁਸੀਂ ਦਿਲੋਂ ਮਨੋਂ ਪਿਆਰ ਕਰਦੇ ਹੋਵੋ'

ਡਾਕੀਆ ਤੇ ਘਰ ਦੇ ਬਾਕੀ ਲੋਕ ਅਲੈਗਜ਼ੈਂਡਰ ਦੇ ਜਨਮ ਦਿਨ ਦਾ ਜਾਮ ਪੀਂਦੇ ਹਨ। ਤਾਹੀਂਏ ਟੈਲੀਵੀਜ਼ਨ 'ਤੇ ਖਬਰ ਆਉਂਦੀ ਹੈ। ਨਿਊਕਲੀਅਰ ਮਿਸਾਈਲਜ਼ ਦੀ ਸਾਰੇ ਡਰੇ ਹੋਏ ਖਬਰ ਸੁਣਦੇ ਹਨ। ਅਲੈਗਜ਼ੈਂਡਰ ਦੀ ਬੀਵੀ ਚੀਖਣ ਲੱਗਦੀ ਹੈ,'ਦੁਨੀਆਂ ਤਬਾਹ ਹੋ ਜਾਵੇਗੀ,ਅਸੀਂ ਵੀ ਛਕਾਹ ਹੋ ਜਾਵਾਂਗੇ। ਮੈਂ ਇਸ ਤਰ੍ਹਾ ਏਨੇ ਭਿਆਨਕ ਤਰੀਕੇ ਨਾਲ ਮਰਨਾ ਨਹੀਂ ਚਾਹੁੰਦੀ।'

ਉਹਨੂੰ ਸੁਆਉਣ ਤੋਂ ਮਗਰੋਂ ਡਾਕੀਆ ਅਲੈਗਜ਼ੈਂਡਰ ਨੂੰ ਕਹਿੰਦਾ ਹੈ ਕਿ ਉਨ੍ਹਾਂ ਦੀ ਨੌਕਰਾਣੀ ਕੋਲ ਜਾਦੂਈ ਸ਼ਕਤੀ ਹੈ,ਜੇ ਉਹ ਉਹਦੇ ਨਾਲ ਜਾ ਕੇ ਸੌਂਵੇਂ,ਤਾਂ ਉਸ ਵੇਲੇ ਉਹ ਜੋ ਵੀ ਚਾਹੇਗਾ,ਉਹ ਪੂਰਾ ਹੋ ਜਾਵੇਗਾ।

ਅਲੈਗਜ਼ੈਂਡਰ ਮਾਰੀਆ ਦੇ ਘਰ ਜਾਂਦਾ ਹੈ,ਰਾਤ ਦੇ ਸੰਨਾਟੇ ਵਿਚ ਪਰ ਵਾਪਸ ਮੁੜ ਆਉਂਦਾ ਹੈ ਤੇ ਚੁਪਚਾਪ ਪ੍ਰਣ ਕਰਦਾ ਹੈ ਕਿ ਜੇ ਉਹ ਸਾਰੇ ਤਬਾਹੀ ਤੋਂ ਬਚ ਜਾਣ,ਕਮ-ਅਜ਼-ਕਮ ਇਕ ਰਾਤ ਲਈ ਹੀ ਬਚ ਜਾਣ,ਤਾਂ ਉਹ ਆਪਣੀਆਂ ਸਭ ਤੋਂ ਪਿਆਰੀਆਂ ਚੀਜ਼ਾਂ ਦੀ ਕੁਰਬਾਨੀ ਦੇਵੇਗਾ।

ਸਵੇਰ ਹੋ ਗਈ,ਭਿਆਨਕ ਰਾਤ ਅਮਨ ਨਾਲ ਗੁਜ਼ਰ ਗਈ। ਇਸ ਲਈ ਉਹ ਬਾਕੀ ਸਾਰਿਆਂ ਨੂੰ ਸੈਰ ਕਰਨ ਲਈ ਭੇਜ ਕੇ ਘਰ ਨੂੰ ਅੱਗ ਲਾ ਦੇਂਦਾ ਹੈ। ਕਿਉਂਕਿ ਉਹਦਾ ਉਹ ਘਰ ਹੀ ਉਹਦੀ ਜ਼ਿੰਦਗੀ ਦੀ ਧੁਰੀ ਹੈ,ਉਹਦੀ ਸਭ ਤੋਂ ਪਿਆਰੀ ਚੀਜ਼,ਕੈਮਰਾ ਤਕਰੀਬਨ ਦਸ ਮਿੰਟ ਇਸ ਇਕੋ ਸੀਨ ਨੂੰ ਫਿਲਮਾਉਂਦਾ ਰਹਿੰਦਾ ਹੈ,ਸੜਦਾ ਹੋਇਆ ਘਰ ਠਾਹ ਕਰਕੇ ਸੜਦੀ ਮੋਟਰ,ਹੜਬੜਾਇਆ ਹੋਇਆ ਟੱਬਰ ਤੇ ਸਭ ਦੀਆਂ ਚੀਖਾਂ ਤੇ ਐਂਬੂਲੈਂਸ,ਜਿਹੜੀ ਅਲੈਗਜ਼ੈਂਡਰ ਨੂੰ ਲੈ ਜਾਂਦੀ ਹੈ।

ਆਖਰੀ ਸੀਨ ਵਿਚ ਉਹ ਛੋਟਾ ਜਿਹਾ ਮੁੰਡਾ ਬਾਲਟੀਆਂ ਭਰ ਭਰ ਕੇ ਉਸ ਮੁਰਦਾ ਰੁੱਖ ਨੂੰ ਪਾਣੀ ਦੇ ਰਿਹਾ ਹੈ ਤੇ ਫਿਰ ਲੇਟ ਕੇ ਆਸਮਾਨ ਵਲ ਵੇਖਦਾ ਹੈ ਤੇ ਆਪਣੇ ਪਿਤਾ ਦੇ ਲਫਜ਼ ਦੁਹਰਾਉਂਦਾ ਹੈ,"ਕਾਇਨਾਤ ਦੇ ਸ਼ੁਰੂ ਵਿਚ ਸਿਰਫ ਇਕ ਲਫਜ਼ ਸੀ।"

ਸੋਚਦੀ ਹਾਂ,ਇਹੋ ਜਿਹੀਆਂ ਫਿਲਮਾਂ ਹੁਣ ਕੌਣ ਬਣਾਇਆ ਕਰੇਗਾ।

# ਫੌਜਾਂ ਦੀ ਵਾਪਸੀ ਹੌਲੀ ਹੌਲੀ

ਅੰਮ੍ਰਿਤਸਰ:—'ਓਪਰੇਸ਼ਨ ਟਰੀਡੈਂਟ'ਅਧੀਨ ਭਾਰਤੀ ਫੌਜਾਂ ਜਨਵਰੀ ਦੇ ਆਖਰੀ ਹਫਤੇ ਪਾਕਿਸਤਾਨ ਨਾਲ ਲਗਦੀ ਪੰਜਾਬ ਦੀ ਸਾਰੀ ਸਰਹੱਦ 'ਤੇ ਤਾਇਨਾਤ ਕੀਤੀਆਂ ਗਈਆਂ ਸਨ। ਇਹ ਤਾਇਨਾਤੀ ਇਨ੍ਹਾਂ ਖਬਰਾਂ ਦੀ ਪੁਸ਼ਟੀ ਹੋਣ ਤੇ ਕੀਤੀ ਗਈ ਸੀ ਕਿ ਪਾਕਿਸਤਾਨ ਦੀਆਂ ਦੱਖਣੀ ਰੀਜ਼ਰਵ ,ਪਹਿਲੀ ਆਰਮਰਡ ਡਿਵੀਜ਼ਨ ਅਤੇ 36 ਇਨਫੈਂਟਰੀ ਡਿਵੀਜ਼ਨ—ਫਾਜ਼ਿਲਕਾ-ਅਬੋਹਰ ਦੇ ਸਾਹਮਣੇ ਬਹਾਵਲਪੁਰ ਤੋਂ ਦਰਿਆ ਸਤਲੁਜ ਪਾਰ ਕਰ ਗਈ ਹੈ। ਕੁਝ ਸਮਾਂ ਤਾਂ ਇਹ ਗੱਲ ਇਕ ਬੁਝਾਰਤ ਬਣੀ ਰਹੀ ਕਿ ਕੀ ਪਾਕਿਸਤਾਨੀ ਫੌਜਾਂ ਨੇ ਸੱਚਮੁੱਚ ਦਰਿਆ ਪਾਰ ਕਰ ਕੇ ਪੁਜ਼ੀਸ਼ਨਾਂ ਸੰਭਾਲ ਲਈਆਂ ਹਨ। ਇਹ ਗੱਲ ਉਸ ਸਮੇਂ ਹੋਰ ਵੀ ਭੇਦ ਬਣ ਕੇ ਰਹਿ ਗਈ ਜਦੋਂ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਇਕ ਪ੍ਰੈਸ ਕਾਨਫਰੰਸ ਵਿਚ ਪਾਕਿਸਤਾਨੀ ਫੌਜਾਂ ਦੇ ਦਰਿਆ ਪਾਰ ਕਰਨ ਬਾਰੇ ਪ੍ਰਸ਼ਨ ਦਾ ਉਤਰ ਟਾਲ ਗਏ।

ਚਾਹੀਦਾ ਤਾਂ ਇਹ ਸੀ ਕਿ ਪਾਕਿਸਤਾਨੀ ਫੌਜਾਂ ਆਪਣੇ ਅਭਿਆਸ ਸਫੇ-ਸ਼ੀਕਾਂ ਮੁਕੰਮਲ ਕਰਨ ਤੋਂ ਪਿਛੋਂ ਦਰਿਆਓਂ ਉਧਰ ਚਲੀਆਂ ਜਾਂਦੀਆਂ ਤੇ ਆਪਣੇ ਅਮਨ ਸਮੇਂ ਦੇ ਟਿਕਾਣੇ ਮੁਲਤਾਨ ਪੁੱਜ ਜਾਂਦੀਆਂ ਪਰ ਅਜਿਹਾ ਕਰਨ ਦੀ ਬਜਾਏ ਉਨ੍ਹਾਂ ਨੇ ਫਾਜ਼ਿਲਕਾ ਤੇ ਅਬੋਹਰ ਦੇ ਸਾਹਮਣੇ ਮੋਰਚੇ ਸੰਭਾਲ ਲਏ। ਇਸ ਗੱਲ ਦਾ ਅਸਰ ਦੋਹਾਂ ਪਾਸਿਆਂ ਦੀ ਪੇਂਡੂ ਵਸੋਂ 'ਤੇ ਪੈਣਾ ਲਾਜ਼ਮੀ ਹੀ ਸੀ। ਸਰਹੱਦ ਦੇ ਨਾਲ ਲਗਦੇ ਪਿੰਡਾਂ ਦੇ ਪਿੰਡ ਖਾਲੀ ਹੋਣੇ ਸ਼ੁਰੂ ਹੋ ਗਏ।

ਜਾਂਚ ਕਰਨ ਤੋਂ ਪਤਾ ਲੱਗਾ ਕਿ ਪਾਕਿਸਤਾਨੀ ਫੌਜ ਫਿਰੋਜ਼ਪੁਰ ਦੇ ਸਾਹਮਣੇ ਪੂਰੀ ਤਰ੍ਹਾਂ ਕੀਲ ਕਾਂਟੇ ਨਾਲ ਲੈਸ ਕੌਮਾਂਤਰੀ ਸਰਹੱਦ ਤੇ ਦੀਮਾਲਪੁਰ ਹਵੇਲੀ,ਖੁਡੀਆ ਤੇ ਚੂਨੀਆ ਵਿਖੇ ਵੱਡੀ ਗਿਣਤੀ ਵਿਚ ਤਾਇਨਾਤ ਕੀਤੀਆਂ ਗਈਆਂ। ਪਾਕਿਸਤਾਨ ਨੇ ਇਨ੍ਹਾਂ ਥਾਵਾਂ ਤੇ ਮੋਰਚਾਬੰਦੀ ਵੀ ਕਰ ਲਈ ਸੀ। ਕਈ ਨਹਿਰਾਂ 'ਤੇ ਵੀ ਪੱਕੇ ਮੋਰਚੇ ਬਣਾ ਲਏ ਗਏ। ਦੀਮਾਲਪੁਰ ਨਹਿਰ,ਲੋਇਰ ਸੋਹਾਗ ਬਰਾਂਚ ਅਤੇ ਖਾਨਵਾਹ ਬਰਾਂਚ ਤੋਂ ਬਿਨਾਂ ਇਛੋਗਿਲ ਨਹਿਰ ਦੇ ਮੋਰਚੇ ਵੀ ਪੱਕੇ ਕੀਤੇ ਗਏ। ਪੂਰਬੀ ਨਹਿਰ ਦੀ ਮੁਖ ਬਰਾਂਚ ਹੁਸੈਨੀਵਾਲਾ ਤੋਂ ਪਾਕਿਸਤਾਨ ਵਿਚ ਦਾਖਲ ਹੁੰਦੀ ਹੈ ਤੇ ਸਰਹੱਦ ਦੇ ਨਾਲ ਨਾਲ ਚਲਦੀ ਹੈ। ਪਾਕਿਸਤਾਨ ਨੇ ਇਸ ਨਹਿਰ ਤੇ ਮੋਰਚਾਬੰਦੀ ਤੋਂ ਬਿਨਾਂ ਸੁਰੰਗਾਂ ਵੀ ਵਿਛਾ ਦਿਤੀਆਂ ਸਨ

ਦੋਹਾਂ ਦੇਸ਼ਾਂ ਵਿਚਕਾਰ ਫੌਜਾਂ ਹਟਾਉਣ ਬਾਰੇ ਹੋਏ ਸੀਮਤ ਸਮਝੌਤੇ ਨਾਲ ਸਰਹੱਦੀ ਲੋਕਾਂ ਨੂੰ ਸੁੱਖ ਦਾ ਸਾਹ ਆਇਆ। ਇਸ ਸਮੇਂ ਰਾਵੀ ਝਨਾਂ ਸੈਕਟਰ ਵਿਚੋਂ ਫੌਜਾਂ ਦੀ ਵਾਪਸੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

ਇਸ ਸਮੇਂ ਫੌਜਾਂ ਦੀ ਵਾਪਸੀ ਦੀ ਰਫਤਾਰ ਬਹੁਤ ਮੱਧਮ ਹੈ ਕਿਉਂਕਿ ਖਾਈਆਂ ਪੂਰੀਆਂ ਜਾਣੀਆਂ ਹਨ ਤੇ ਪਿਡ ਦੇ ਸਰਪੰਚ ਤੋਂ ਕੋਈ ਇਤਰਾਜ਼ ਨਹੀਂ ਦਾ ਸਰਟੀਫਿਕੇਟ ਲਿਆ ਜਾਣਾ ਹੈ। ਪੰਜਾਬ ਵਿਚ ਸਤਲੁਜ ਖੇਤਰ ਅਤੇ ਰਾਜਿਸਥਾਨ ਵਿਚ ਜੈਸਲਮੇਰ ਦੇ ਇਲਾਕੇ ਵਿਚੋਂ ਫੌਜਾਂ ਦੀ ਵਾਪਸੀ ਵਿਚ ਅਜੇ ਦੇਰ ਲਗੇਗੀ,ਕਿਉਂਕਿ ਦੋਵੇਂ ਮੁਲਕ ਆਪਣੇ ਆਪਣੇ ਅਭਿਆਸ ਕਰ ਰਹੇ ਹਨ। ਫਿਰੋਜ਼ਪੁਰ ਦੇ ਪੇਂਡੂ ਇਲਾਕੇ ਤੋਂ ਇਤਲਾਹਾਂ ਮਿਲੀਆਂ ਹਨ ਕਿ ਪਹਿਲਾਂ ਪਹਿਲਾਂ ਪਿੰਡਾਂ ਵਿਚ ਡਰ ਤੇ ਸਹਿਮ ਪਾਇਆ ਗਿਆ ਸੀ ਪਰ ਸਮਾਂ ਬੀਤਣ ਨਾਲ ਮਾਹੌਲ ਸ਼ਾਂਤ ਹੋ ਗਿਆ ਹੈ।

---

ਇਕ ਪ੍ਰਸਿਧ ਤੇਜ਼ ਗੇਂਦਬਾਜ਼ ਦੀ ਗੇਂਦ ਸਿੱਧੀ ਬੱਲੇਬਾਜ਼ ਦੇ ਸਿਰ 'ਤੇ ਲੱਗੀ ਅਤੇ ਉਹ ਸਿਰ ਮਲ ਕੇ ਅਗਲੀ ਗੇਂਦ ਖੇਡਣ ਦੀ ਤਿਆਰੀ ਕਰਨ ਲੱਗਾ। ਗੇਂਦਬਾਜ਼ ਉਸ ਕੋਲ ਆ ਕੇ ਬੋਲਿਆ,"ਕਮਾਲ ਹੈ,ਮੇਰੀ ਗੇਂਦ ਲਗਣ ਨਾਲ ਚੰਗੇ ਚੰਗੇ ਤਕੜੇ ਖਿਡਾਰੀ ਜ਼ਮੀਨ 'ਤੇ ਡਿੱਗ ਪੈਂਦੇ ਹਨ,ਪਰ ਤੈਨੂੰ ਕੁਝ ਨਹੀਂ ਹੁੰਦਾ।"

ਬੱਲੇਬਾਜ਼ ਨੇ ਸ਼ਰਮਾਉਂਦਿਆਂ ਕਿਹਾ,"ਜੀ ਇਸ ਦਾ ਸਾਰਾ ਸਿਹਰਾ ਮੇਰੀ ਪਤਨੀ ਤੇ ਉਸ ਦੇ ਵੇਲਣੇ ਸਿਰ ਹੈ।"

---


# RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ ਸਾਨੂੰ ਸੇਵਾ ਦਾ ਮੌਕਾ ਦਿਓ

ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ ਗਰੰਟੀ ਦਿੱਤੀ ਜਾਂਦੀ ਹੈ।

**All types of Auto Repairs, Body Work, Mechanical Repairs and Painting, Auto upholsitry and Windshields**

**ICBC claims accepted**

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

**(PAUL) Dhaliwal**

**Ph. Bus. (604) 852-1970 Res. 853-4257**



B. (Paul) DHALIWAL

# ਕਨੇਡੀਅਨ ਰਿਫੀਊਜੀ ਮਸਲਾ ਅਤੇ ਪੱਕੇ ਤੌਰ ਤੇ ਰਹਿਣ ਦੀ ਛੋਟ

**ਗੁਰਨਾਮ ਸਿੰਘ ਸੰਘੇੜਾ**

ਕਨੇਡੀਅਨ ਸਰਕਾਰ ਨੇ 21 (ਇੱਕੀ) ਮਈ 1986 ਨੂੰ ਕੈਨੇਡਾ ਵਿਚ ਰਿਫੀਊਜੀ ਦੇ ਤੌਰ ਤੇ ਸ਼ਰਨ ਲਈ ਦਿੱਤੀ ਅਰਜ਼ੀ ਵਾਲੇ ਇਕੀ ਹਜ਼ਾਰ ਪੰਜ ਸੌ (21500) ਨੂੰ ਲੈਂਡਿਡ ਇਮੀਗਰੈਂਟ ਦਰਜਾ (ਪੱਕੇ ਤੌਰ ਤੇ ਰਹਿਣ ਦੇ ਹੱਕ) ਦੀ ਖੁੱਲ੍ਹ ਦੇਣ ਲਈ ਆਖ ਦਿੱਤਾ ਹੈ ਅਤੇ ਉਨ੍ਹਾਂ ਸਭ ਨੂੰ ਇੱਕ ਖਾਸ ਤਰੀਕੇ ਰਾਹੀਂ ਰਹਿਣ ਦੀ ਖੁੱਲ੍ਹ ਮਿਲੀ ਜਿਨ੍ਹਾਂ ਨੇ 21 ਮਈ 1986 ਦੀ ਅੱਧੀ ਰਾਤ ਤੱਕ ਰਿਫੀਊਜੀ ਦੇ ਤੌਰ ਤੇ ਰਹਿਣ ਲਈ ਅਰਜ਼ੀ ਦਿੱਤੀ ਹੋਵੇ। ਇਸ ਰਿਆਇਤ ਤੇ ਛੋਟ ਨੂੰ ਜਨਰਲ ਮੁਆਫੀ ਜਾਂ ਛੋਟ ਦੀ ਥਾਂ ਇਮੀਗਰੇਸ਼ਨ ਮੰਤਰੀ ਵਾਲਟਰ ਮੈਕਲੀਨ ਨੇ ਰਿਫੀਊਜੀ ਮਸਲੇ ਨੂੰ ਸੋਧਣ ਅਤੇ ਪ੍ਰਬੰਧਕੀ ਕਲੀਅਰੈਂਸ (ਹੱਲ) ਦਾ ਨਾਮ ਦੇ ਦਿਤਾ ਅਤੇ ਇਸ ਕੰਮ ਲਈ "ਰਾਤੁਸ਼ਨੀ ਰੀਪੋਰਟ" ਅਤੇ "ਪਲਾਊਟ" ਰੀਪੋਰਟਾਂ ਨੇ ਵੀ ਬੜਾ ਜ਼ੋਰ ਪਾਇਆ ਸੀ। ਇਸ ਮਸਲੇ ਤੇ ਛੋਟ ਨੂੰ ਸਮਝਣ ਲਈ ਇਸ ਛੋਟ, ਇਸਦੇ ਪਿਛੋਕੜ ਦੀ ਚੀਰ ਫਾੜ ਅਤੇ 20 (ਵੀਹ) ਫਰਵਰੀ 1987 ਨੂੰ ਮੰਤਰੀ ਵਲੋਂ ਰਿਫੀਊਜੀ ਕਲੇਮਾਂ ਦੀ ਕਥਿਤ-ਅਯੋਗ ਵਰਤੋਂ ਬਾਰੇ ਨਵੇਂ ਪ੍ਰਬੰਧਕੀ ਕਦਮਾਂ ਤੇ ਬਦਲੀਆਂ ਦਾ ਐਲਾਨ ਕੀਤਾ ਹੈ। ਕਨਵੈਨਸ਼ਨ ਰਿਫੀਊਜੀ ਜਿਸ ਬਾਰੇ ਰਿਫੀਊਜੀ ਛੋਟ ਹੈ, ਉਸਦੀ ਯੂਨਾਈਟਿਡ ਨੇਸ਼ਨਜ਼ ਤੇ ਇਮੀਗਰੇਸ਼ਨ ਕਾਨੂੰਨ ਨੇ ਇਉਂ ਵਿਆਖਿਆ ਕੀਤੀ ਹੈ :—

"ਉਹ ਵਿਅਕਤੀ ਜੋ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸ਼ੋਸ਼ਲ ਗਰੁੱਪ ਦਾ ਮੈਂਬਰ ਹੋਣ ਕਰਕੇ ਜਾਂ ਸਿਆਸੀ ਰਾਏ ਦੇ ਕਾਰਨ ਤੰਗੀ (ਜ਼ੁਲਮ) ਦਾ ਠੋਸ ਡਰ ਰੱਖਦੇ ਹੋਏ—
(ੳ) ਕੌਮੀਅਤ ਵਾਲੇ ਦੇਸ਼ ਤੋਂ ਬਾਹਰ ਹੈ ਅਤੇ ਇਸਦੇ ਡਰ ਦੇ ਕਾਰਨ ਉਸ ਦੇਸ਼ ਵਿਚ ਜਾ ਨਹੀਂ ਸਕਦਾ ਜਾਂ ਜਾਣ ਲਈ ਰਜ਼ਾਮੰਦ ਨਹੀਂ ਜਾਂ
(ਅ) ਕੋਈ ਕੌਮੀ ਦੇਸ਼ ਨਾ ਹੋਣ ਕਾਰਨ ਆਪਣੀ ਪਹਿਲੀ ਰਿਹਾਇਸ਼ੀ ਥਾਂ ਤੋਂ ਬਾਹਰ ਹੈ ਅਤੇ ਉਸ ਦੇਸ਼ ਨੂੰ ਵਾਪਸ ਜਾ ਨਹੀਂ ਸਕਦਾ ਜਾਂ ਜਾਣ ਲਈ ਰਜ਼ਾਮੰਦ ਨਹੀਂ ਹੈ।"

"ਕਨਵੈਨਸ਼ਨ ਰਿਫੀਊਜੀ" ਦੀ ਇਹ ਵਿਆਖਿਆ ਯੂਨਾਈਟਿਡ ਨੇਸ਼ਨਜ਼ਦੀ 1951 ਦੀ ਕਨਵੈਨਸ਼ਨ (ਜਿਸਨੂੰ ਡਰਾਫਟ ਕਰਨ ਵਿਚ ਕਨੇਡਾ ਸ਼ਾਮਲ ਸੀ ਪਰ ਉਸ ਉਪਰ 1969 ਤੱਕ ਦਸਤਖਤ ਨਾ ਕੀਤੇ) ਅਤੇ 1967 ਦੇ ਪਰੋਤੋਕਾਲ ਨੇ ਕੀਤੀ ਹੈ ਜਿਸ ਉਪਰ ਕਨੇਡਾ ਨੇ 1969 ਵਿਚ ਦਸਤਖਤ ਕੀਤੇ ਅਤੇ ਉਪਰ ਵਾਲੀ ਵਿਆਖਿਆ ਨੂੰ 1976 ਦੇ ਕਨੇਡਾ ਦੇ ਇਮੀਗਰੇਸ਼ਨ ਕਾਨੂੰਨ ਅਤੇ 1978 ਦੇ ਇਮੀਗਰੇਸ਼ਨ ਰੈਗੂਲੇਸ਼ਨਾਂ ਵਿਚ ਪ੍ਰਵਾਨ ਕੀਤਾ ਅਤੇ ਕੁਝ ਹਿੱਸਿਆਂ ਨੂੰ ਦਰਜ ਕੀਤਾ। ਇਸ ਕਰਕੇ ਕਨੇਡੀਅਨ ਰਿਫੀਊਜੀ ਮਸਲਾ ਇਮੀਗਰੇਸ਼ਨ ਐਕਟ ਤੇ ਨਿਯਮਾਂ ਨਾਲ ਬੱਝਾ ਅਤੇ ਉਲਝਿਆ ਹੋਇਆ ਹੈ ਤੇ ਜਿਸ ਨਾਲ ਇਹ ਇਮੀਗਰੇਸ਼ਨ ਅਤੇ ਸੈਟਲਮੈਂਟ ਦਾ ਮਸਲਾ ਬਣਿਆ ਤੇ ਰਿਫੀਊਜੀ ਨਾ ਰਿਹਾ। 1951 ਦੀ ਯੂ.ਇਨ. ਕਨਵੈਨਸ਼ਨ ਅਤੇ ਪਰੋਤੋਕਾਲ ਨੇ ਕਈ ਜ਼ਿੰਮੇਵਾਰੀਆਂ ਲਾ ਦਿੱਤੀਆਂ ਹਨ ਕਿ ਰਿਫੀਊਜੀਆਂ ਨੂੰ ਇਨਸਾਨ ਦੇ ਤੌਰ ਤੇ ਵੇਖਦੇ ਹੋਏ ਮਾਨਵਤਾ ਭਰਿਆ ਸਲੂਕ ਹੋਵੇ ਅਤੇ ਕਨਵੈਨਸ਼ਨ ਦੀ ਧਾਰਾ 31 (ਇਕੱਤੀ) ਦੇ ਤਹਿਤ ਉਨ੍ਹਾਂ ਰਿਫੀਊਜੀਆਂ ਨੂੰ ਸਜ਼ਾ ਨਹੀਂ ਦੇ ਸਕਦੇ ਭਾਵੇਂ ਉਹ ਗੈਰ ਕਾਨੂੰਨੀ ਤੌਰ ਤੇ ਦਾਖਲ ਹੋਏ ਤੇ ਹਾਜ਼ਰ ਹਨ ਅਤੇ ਧਾਰਾ 32 (ਬੱਤੀ) ਤਹਿਤ ਉਨ੍ਹਾਂ ਨੂੰ ਸਿਰਫ ਗੰਭੀਰ ਕਾਰਨਾਂ ਜਿਵੇਂ ਨਵੇਂ ਦੇਸ਼ ਦੇ ਕੌਮੀ ਸੁਰੱਖਿਆ ਨੂੰ ਖਤਰਾ ਜਾਂ ਅਮਨ ਨੂੰ ਖਤਰਾ ਦੇ ਅਧੀਨ ਹੀ ਕੱਢ ਸਕਦਾ ਹੈ ਅਤੇ ਧਾਰਾ 33 (ਤੇਤੀ) ਵੀ ਆਖਦੀ ਹੈ ਕਿ ਰਿਫੀਊਜੀਆਂ ਨੂੰ ਵਾਪਸ ਖਤਰੇ ਵਾਲੇ ਦੇਸ਼ ਵਿਚ ਨਹੀਂ ਭੇਜਿਆ ਜਾਂ ਕੱਢਿਆ ਜਾ ਸਕਦਾ।

"ਇਸ ਨਾਲ ਇਹ ਬੇਕਾਇਦਗੀਆਂ ਅਤੇ ਬੇ-ਤਰਤੀਬੀਆਂ ਪੈਦਾ ਹੁੰਦੀਆਂ ਹਨ ਜਿਵੇਂ ਕਿ ਜੇ ਕੋਈ ਆਪਣੇ ਦੇਸ਼ ਵਿਚ ਘੋਰ ਅਪਰਾਧ ਕਰਕੇ ਜਾਂ ਜ਼ੁਲਮ ਜਾਂ ਕਤਲ ਕਰਕੇ ਆਇਆ/ਆਏ ਹੋਣ ਤਾਂ ਕੈਨੇਡਾ ਉਸਨੂੰ ਭੀ ਕਨਵੈਨਸ਼ਨ ਰਿਫੀਊਜੀ ਮੰਨ ਲਵੇਗਾ" (ਰਾਤੁਸ਼ਨੀ ਰੀਪੋਰਟ—ਸਫਾ 19) ਜੋ ਗਲਤ ਹੈ।

ਕੈਨੇਡਾ ਦਾ ਇਮੀਗਰੇਸ਼ਨ ਐਕਟ 1976 ਇਸ ਲੋੜ ਨੂੰ ਮੰਨਦਾ ਹੈ ਕਿ—"ਕਨੇਡਾ ਰਿਫੀਊਜੀਆਂ ਪ੍ਰਤੀ ਅੰਤਰ-ਰਾਸ਼ਟਰੀ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕਰੇ ਅਤੇ ਉਜੜੇ ਹੋਏ ਤੇ ਅਤਿਆਚਾਰ ਦਾ ਸ਼ਿਕਾਰ ਪ੍ਰਤੀ ਮਾਨਵ ਵਾਦੀ ਰਵਾਇਤਾਂ ਨੂੰ ਕਾਇਮ ਰੱਖੇ।"

ਰਾਤੁਸ਼ਨੀ ਰੀਪੋਰਟ ਆਪਣੇ ਨਿਚੋੜ ਦੇ ਸਫਾ-ਐਕਸ ਉਪਰ ਦੱਸਦੀ ਹੈ, "ਸਾਡਾ ਅਜੋਕਾ ਪ੍ਰਬੰਧ ਬੇ-ਕਾਇਦਗੀਆਂ, ਸਵੈ ਵਿਰੋਧੀ ਗੱਲਾਂ ਅਤੇ ਕਮਜ਼ੋਰੀਆਂ ਨਾਲ ਭਰਿਆ ਹੋਇਆ ਹੈ ਜਿਸਨੇ ਇਹ ਸਾਫ ਜ਼ਾਹਰ ਕੀਤਾ ਹੈ ਕਿ ਇਹ ਬੇ ਢੰਗਾ ਹੈ ਅਤੇ ਇਸਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ।"

"ਰਿਫੀਊਜੀ" ਮਦ ਨੂੰ ਅਜੋਕੇ ਸਮੇਂ ਵਿਚ ਅੰਤਰ-ਰਾਸ਼ਟਰੀ ਸਭਾਵਾਂ ਆਦਿ ਵਿਚ 12 ਮਈ 1926; ਫਿਰ 30 ਜੂਨ 1928; ਅਕਤੂਬਰ 28, 1933 ਅਤੇ 10 ਫਰਵਰੀ 1938 ਅਤੇ 14 ਸਤੰਬਰ 1939 ਦੀਆਂ ਕਨਵੈਨਸ਼ਨਾਂ ਤੇ ਪਰੋਤੋਕਾਲ ਵਿਚ ਵੀ ਵਿਚਾਰਿਆ ਗਿਆ। ਕੈਨੇਡਾ ਵਿਚ ਅੰਦਰੋਂ ਅਰਜ਼ੀ ਦੇਕੇ ਰਿਫੀਊਜੀ ਦੇ ਤੌਰ ਤੇ ਪਨਾਹ ਅਤੇ ਕੈਨੇਡਾ ਦੇ ਬਾਹਰੋਂ ਪਨਾਹ ਲਈ ਤਰੀਕੇ ਵੱਖਰੇ ਹਨ। ਅਸੀਂ ਅੰਦਰੋਂ ਅਰਜ਼ੀ ਦੀ ਗੱਲ ਕਰਾਂਗੇ ਕਿਉਂਕਿ ਛੋਟ ਅੰਦਰ ਵਾਲਿਆਂ ਲਈ ਮਿਲੀ ਹੈ। ਅੰਦਰੋਂ ਰਿਫੀਊਜੀ ਮਸਲਾ "ਸ਼ਰਨ ਮੰਗਣ" ਦੀ ਗੱਲ ਹੈ। ਭਾਵੇਂ ਇਮੀਗਰੇਸ਼ਨ ਦੇ ਅਨੁਸਾਰ, ਕੈਨੇਡਾ ਵਿਚ ਦਾਖਲਾ ਵਿਸ਼ੇਸ਼ ਅਧਿਕਾਰ ਹੈ ਪਰ ਜਦੋਂ "ਕਨਵੈਨਸ਼ਨ ਰਿਫੀਊਜੀ" ਕਲੇਮ ਕਰਨ ਵਾਲੇ ਨੂੰ ਰਿਫੀਊਜੀ ਮੰਨ ਲਿਆ ਜਾਂਦਾ ਹੈ ਤਾਂ ਇਹ ਵਿਸ਼ੇਸ਼ ਅਧਿਕਾਰ ਦੀ ਥਾਂ, ਉਸਦਾ ਹੱਕ ਮੰਨਣ ਵਾਲੀ ਗੱਲ ਬਣ ਜਾਂਦੀ ਹੈ। ਜਦੋਂ ਰਿਫੀਊਜੀ ਮੰਨਣ ਮਨਾਉਣ ਦੀ ਕਾਰਜਵਿਧੀ (ਕਾਰਵਾਈ) ਆਰੰਭ ਹੋ ਜਾਂਦੀ ਹੈ ਤਾਂ ਫਿਰ ਇਮੀਗਰੇਸ਼ਨ ਪਾਲਸੀ ਬੇਤੁਕੀ ਤੇ ਅਜੋੜ ਹੋ ਜਾਂਦੀ ਹੈ ਪਰ ਕਿਉਂਕਿ ਉਹ ਕੈਨੇਡਾ ਵਿਚ ਹਾਜ਼ਰ ਹੈ ਇਸ ਲਈ ਇਮੀਗਰੇਸ਼ਨ ਦ ਕਾਨੂੰਨ ਅਧੀਨ ਆਉਂਦਾ ਹੈ।

**ਮੂੰਹ ਜ਼ਬਾਨੀ ਸੁਣਵਾਈ:**—ਦੋ ਮਈ 1983 ਨੂੰ ਇਮੀਗਰੇਸ਼ਨ ਨੇ ਰਿਫੀਊਜੀਆਂ ਦੀ ਜ਼ਬਾਨੀ ਸੁਣਵਾਈ ਕਰਨ ਲਈ ਟਰਾਂਟੋ ਅਤੇ ਮੌਨਟਰੀਅਲ ਵਿਚ ਪਾਈਲਟ (ਨਮੂਨੇ ਲਈ ਰਾਹ ਵਿਖਾਊ) ਪਰੋਜੈਕਟਾਂ ਆਰੰਭੀਆਂ, "ਰਾਤੁਸ਼ਨੀ ਰੀਪੋਰਟ" ਅਤੇ "ਪਲੌਟ ਰੀਪੋਰਟ" ਨੇ ਵੀ ਜ਼ਬਾਨੀ ਸੁਣਵਾਈ, ਅਪੀਲ ਅਤੇ ਰਿਫੀਊਜੀ ਦੇ ਗੱਲ ਉਪਰ ਯਕੀਨ ਕਰਨ ਤੇ ਸ਼ੱਕ ਦੇ ਲਈ ਛੋਟ, ਮਾਨਵਵਾਦੀ ਦੇ ਤੌਰ ਤੇ ਗੈਰ ਵਿਰੋਧੀ ਦੇ ਤੌਰ ਤੇ ਇੰਟਰਵੀਊ ਤੇ ਉਸਦੀ ਸੁਣਵਾਈ ਦੀਆਂ ਸਿਫਾਰਸ਼ਾਂ ਕੀਤੀਆਂ ਹਨ ਅਤੇ ਅਪਰੈਲ 1985 ਵਿਚ ਕਨੇਡਾ ਦੀ ਸੁਪਰੀਮ ਕੋਰਟ ਦੇ ਫੈਸਲੇ ਨੇ (ਕਿ ਜ਼ਬਾਨੀ ਸੁਣਵਾਈ ਰਿਫੀਊਜੀ ਦਾ ਹੱਕ ਹੈ) ਤਾਂ ਧੜਾ ਧੜ ਰਿਫੀਊਜੀ ਦੇ ਤੌਰ ਤੇ ਹੋਰ ਅਰਜ਼ੀਆਂ ਆਈਆਂ। 1983 ਵਿਚ ਦਲਜੀਤ ਸਿੰਘ ਦੇ ਕੇਸ ਵਿਚ ਇਹ ਵੀ ਫੈਸਲਾ ਹੋਇਆ ਕਿ ਸੀਨੀਅਰ ਇਮੀਗਰੇਸ਼ਨ ਅਫਸਰ ਪੁੱਛ ਗਿੱਛ ਸਮੇਂ ਰਿਫੀਊਜੀ ਦੇ ਕਲੇਮ ਦੇ ਚੰਗੇ ਮਾੜੇ ਬਾਰੇ ਆਪਣੀ ਰਾਇ, ਪੜਚੋਲ ਜਾਂ ਟੀਕਾ ਟਿੱਪਣੀ ਨਹੀਂ ਦੇ ਸਕਦਾ। ਜਦੋਂ ਕਨੇਡੀਅਨ ਬਿੱਲ ਆਫ ਰਾਈਟਸ ਅਤੇ ਚਾਰਟਰ ਔਫ ਰਾਈਟਸ ਐਂਡ ਫਰੀਡਮਜ਼ਦੇ ਤਹਿਤ ਮੰਗ ਹੋਈ ਤਾਂ ਹਰਭਜਨ ਸਿੰਘ ਦੇ ਕੇਸ ਵਿਚ ਸੁਪਰੀਮ ਕੋਰਟ ਆਫ ਕੈਨੇਡਾ ਨੇ ਹੁਕਮ ਦਿਤਾ ਕਿ ਇਮੀਗਰੇਸ਼ਨ ਅਪੀਲ ਬੋਰਡਸਾਹਮਣੇ ਆਏ ਹਰ ਕੇਸ ਦੀ ਮੂੰਹ ਜ਼ਬਾਨੀ ਸੁਣਵਾਈ ਜ਼ਰੂਰ ਹੋਵੇਗੀ। ਉਸ ਸਮੇਂ ਸੰਕੇਤ ਹੋ ਗਿਆ ਕਿ ਰਿਫੀਊਜੀਆਂ ਦੇ ਮਸਲੇ ਉੱਤੇ ਕਨੇਡੀਅਨ ਸਰਕਾਰ ਦਿਆਲੂ ਹੋ ਜਾਏਗੀ। 1983 ਵਿਚ ਪਾਰਲੀਮੈਂਟ ਨੂੰ "ਗੈਰ ਕਾਨੂੰਨੀ ਪਰਵਾਸੀ" ਰੀਪੋਰਟ ਵੀ ਪੇਸ਼ ਕੀਤੀ ਗਈ ਸੀ। ਸੋ 1984 ਤੋਂ 1986 ਤੱਕ ਰਿਫੀਊਜੀ ਪਨਾਹ ਲਈ ਅਰਜ਼ੀਆਂ ਬੜੀ ਤੇਜ਼ੀ ਨਾਲ ਵਧੀਆਂ।

**ਰਿਫੀਊਜੀ ਕਲੇਮ ਵਾਲੇ:**—ਜਿਵੇਂ 1981 ਵਿਚ ਕੈਨੇਡਾ ਦੇ ਅੰਦਰੋਂ ਰਿਫੀਊਜੀ ਕਲੇਮ ਵਾਲੇ 2434 (ਚੌਵੀ ਸੌ ਚੌਤੀ) 1981-82 ਵਿਚ 3726 (ਸੈਂਤੀ ਸੌ ਛੱਬੀ): 1982-83 ਵਿਚ 3640 (ਛੱਤੀ ਸੌ ਚਾਲੀ): 1983-84 ਵਿਚ 6792 (ਸਤਾਠ ਸੌ ਬੱਨਵੇਂ) ਸਨ। 1985 ਦੇ ਆਰੰਭ ਵਿਚ 12500 (ਬਾਰਾਂ ਹਜ਼ਾਰ ਪੰਜ ਸੌ) ਅਤੇ 21 ਮਈ 1986

ਬਾਕੀ ਪੰਨਾ 10 ਤੇ


# ਕੀ ਇਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**

# ਵਰਲਡ ਵਾਈਡ ਇਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res. 228-0452

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੇ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

## IMMIGRATION PROBLEMS?

**Let us assist you as we have been doing since 1946**

**Complete Immigration Service in Canada**

| | |
|---|---|
| Sponsoring Immediate Family | Investors Immigration |
| Close Relatives | Entrepreneurs Immigration |
| Independent Immigrants | Self-Employed Immigration |
| Fiance (e) Application | Family Business Immigration |
| Student Visa | Work Permit |
| Refugee Application | Retired Person Application |
| Visitors Visa | Release Hearing |
| Adoption Application | Immigration Inquiry |
| Returning Resident Permit | Immigration Appeal |
| Citizenship Application | Preparing Application Forms |
| Orphan Relatives Application | Etc.... |

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
# 201-1275 W. 6th Avenue, Vancouver, B.C. Canada.
Off. (604) 733-1644

# GILL AUTO SALES

## ਗਿੱਲ ਆਟੋ ਸੇਲਜ਼

DLR #8220

## 'ਤੇ ਪਹੁੰਚੋ

## ਕਾਰਾਂ, ਵੈਨਾਂ ਜਾਂ ਪਿਕ ਅੱਪ ਖ਼੍ਰੀਦੋ

ਕਿਸੇ ਵੀ ਮੇਕ ਦੀ ਨਵੀਂ ਜਾਂ ਪੁਰਾਣੀ ਕਾਰ ਲੈਣ ਲਈ

## ਸਾਨੂੰ ਮਿਲੋ

## ਅਸੀਂ ਤੁਹਾਡੇ ਹਜ਼ਾਰਾਂ ਡਾਲਰ ਬਚਾਅ ਸਕਦੇ ਹਾਂ

### ਗਿੱਲ ਵੈਨ ਕਨਵਰਸ਼ਨ

ਆਪਣੀ ਵੈਨ ਦੀ ਕਨਵਰਸ਼ਨ ਕਰਵਾਉਣ ਲਈ ਸਾਡੇ ਕੋਲ ਪਹੁੰਚੋ —

—ਖਿੜਕੀਆਂ—

- ਪੂਰੀ ਤਬਦੀਲੀ
- ਆਈ. ਸੀ. ਬੀ. ਸੀ. ਕਲੇਮਜ਼
- ਸਨ-ਰੂਫ਼
- ਹਰ ਤਰ੍ਹਾਂ ਦੀਆਂ ਲੋੜਾਂ ਅਨੁਸਾਰ ਤੁਹਾਡੀ ਪਲੈਨ ਅਨੁਸਾਰ ਕੰਮ ਹੋਏਗਾ

ਵਧੀਆ ਰੇਟ — ਗਰੰਟੀ ਦਾ ਕੰਮ

### Gill Van Conversion

**—WINDOWS—**

- Complete Conversions
- I.C.B.C. Claims
- Full Line of Accessories
- Sun-roofs

We will build to your plans or ours

**BEST RATES — GUARANTEED WORK**

ਅੱਜ ਹੀ ਮਿਲੋ :

## P.S. GILL — SURINDER SINGH

## QUALITY USED CARS

ALL QUALITY CARS, PICK UPS & VANS TO CHOOSE FROM

**6138 KINGSWAY**

**(Between Gilly & Imperial)**

**Ph. 432-7333**